ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

18-24 ਮਾਰਚ 2026

ਸਾਲ 17ਵਾਂ - ਅੰਕ 12
email : info@sadelok.com
Ph. : 510-706-1300
Fax : 925-373-1300

ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ"



ਜੰਗ-ਏ-ਅਜ਼ਾਦੀ ਦੇ ਨਾਇਕ
ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ (ਦੇਖੋ ਸਫ਼ਾ 22 'ਤੇ)

## ਭਾਰਤੀ ਸਟਾਕ ਮਾਰਕੀਟ ਦੇ ਇਤਿਹਾਸ 'ਚ ਅੱਜ ਕਾਲਾ ਦਿਨ ਸਾਬਿਤ ਹੋਇਆ

### ਨਿਵੇਸ਼ਕਾਂ ਦੇ 11 ਲੱਖ ਕਰੋੜ 60 ਮਿੰਟ 'ਚ ਗਏ ਉੱਡ



ਨਵੀਂ ਦਿੱਲੀ/ਮੁੰਬਈ: ਭਾਰਤੀ ਸ਼ੇਅਰ ਬਾਜ਼ਾਰ ਵਿੱਚ ਅੱਜ ਹੋਈ ਇਤਿਹਾਸਕ ਗਿਰਾਵਟ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਬਾਜ਼ਾਰ ਖੁੱਲ੍ਹਣ ਦੇ ਕੁਝ ਹੀ ਘੰਟਿਆਂ ਵਿੱਚ, BSE 'ਤੇ ਸੂਚੀਬੱਧ ਕੰਪਨੀਆਂ ਦੀ ਮਾਰਕੀਟ ਕੈਪ 11 ਲੱਖ ਕਰੋੜ ਰੁਪਏ ($118 ਬਿਲੀਅਨ ਡਾਲਰ) ਤੱਕ ਘਟ ਗਈ। (ਦੇਖੋ ਸਫ਼ਾ 37 'ਤੇ)

## ਕੀ ਕਿਊਬਾ ਬਣੇਗਾ ਅਮਰੀਕਾ ਦਾ ਅਗਲਾ ਹਿੱਸਾ?

### ਡੋਨਾਲਡ ਟਰੰਪ ਦੇ ਧਮਾਕੇਦਾਰ ਬਿਆਨ ਨੇ ਦੁਨੀਆ ਹਿਲਾਈ!

ਵਾਸ਼ਿੰਗਟਨ (ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੰਤਰਰਾਸ਼ਟਰੀ ਸਿਆਸਤ ਵਿੱਚ ਇੱਕ ਨਵਾਂ ਭੂਚਾਲ ਲਿਆ ਦਿੱਤਾ ਹੈ। ਇੱਕ ਤਾਜ਼ਾ ਅਤੇ ਬੇਹੱਦ ਹਮਲਾਵਰ ਬਿਆਨ ਵਿੱਚ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਅਮਰੀਕਾ ਹੁਣ ਗੁਆਂਢੀ ਦੇਸ਼ ਕਿਊਬਾ ਨੂੰ ਆਪਣੇ ਕਬਜ਼ੇ ਵਿੱਚ ਲੈਣ ਜਾਂ ਉਸ ਨੂੰ ਮੌਜੂਦਾ ਸ਼ਾਸਨ ਤੋਂ 'ਆਜ਼ਾਦ' ਕਰਵਾਉਣ ਦੀ ਤਿਆਰੀ ਕਰ ਸਕਦਾ (ਦੇਖੋ ਸਫ਼ਾ 7 'ਤੇ)



'ਮੈਂ ਕਿਊਬਾ ਨਾਲ ਜੋ ਚਾਹਾਂ ਉਹ ਕਰ ਸਕਦਾ ਹਾਂ' - ਰਾਸ਼ਟਰਪਤੀ ਟਰੰਪ ਦਾ ਵੱਡਾ ਦਾਅਵਾ

## ਕੈਨੇਡਾ ਦਾ ਸਖ਼ਤ 'ਬਿੱਲ C-12' ਸਰਬਸੰਮਤੀ ਨਾਲ ਪਾਸ

### ਸਿਆਸੀ ਸ਼ਰਨ ਲੈ ਕੇ ਮੁੜ ਆਪਣੇ ਦੇਸ਼ਾਂ ਨੂੰ ਜਾਣ ਵਾਲਿਆਂ ਦੀ ਨਾਗਰਿਕਤਾ ਹੋਵੇਗੀ ਰੱਦ

ਓਟਾਵਾ/ਲਿਵਰਮੋਰ : ਕੈਨੇਡਾ ਦੀ ਪਾਰਲੀਮੈਂਟ ਵਿੱਚ ਪਾਸ ਹੋਏ ਇਤਿਹਾਸਕ ਕਾਨੂੰਨ 'ਬਿੱਲ C-12' (Strong Borders Act) ਨੇ ਉਨ੍ਹਾਂ ਲੋਕਾਂ ਦੇ ਹੋਸ਼ ਉਡਾ ਦਿੱਤੇ ਹਨ ਜੋ ਇਮੀਗ੍ਰੇਸ਼ਨ ਸਿਸਟਮ ਦੀਆਂ ਚੋਰ-ਮੋਰੀਆਂ ਦਾ ਫਾਇਦਾ ਉਠਾ ਰਹੇ ਹਨ। ਇਸ ਕਾਨੂੰਨ ਦੀ ਸਭ ਤੋਂ ਸਖ਼ਤ ਮਾਰ ਉਨ੍ਹਾਂ 'ਤੇ ਪੈਣ ਜਾ ਰਹੀ ਹੈ ਜੋ ਸਿਆਸੀ ਸ਼ਰਨ (Asylum) ਲੈ ਕੇ ਕੈਨੇਡਾ ਦੀ ਨਾਗਰਿਕਤਾ ਹਾਸਲ ਕਰ ਚੁੱਕੇ ਹਨ।

**ਸਿਟੀਜ਼ਨਸ਼ਿਪ (ਨਾਗਰਿਕਤਾ) ਰੱਦ ਹੋਣ ਦਾ ਵੱਡਾ ਖ਼ਤਰਾ :** ਨਵੇਂ ਕਾਨੂੰਨੀ ਨਿਯਮਾਂ ਅਨੁਸਾਰ, ਕੈਨੇਡਾ ਸਰਕਾਰ ਕੋਲ ਹੁਣ ਇਹ ਤਾਕਤ ਹੈ ਕਿ (ਦੇਖੋ ਸਫ਼ਾ 32 'ਤੇ)




ਖ਼ਬਰ ਦੀ ਪਾਰਦਰਸ਼ਤਾ ਲਈ ਏਆਈ ਨਾਲ ਤਿਆਰ ਕੀਤੀ ਗਈ ਫੋਟੋ

## ਪੰਜਾਬ 'ਚ ਕਰਜ਼ੇ ਦੇ ਭਾਰ ਹੇਠ ਦਬੇ ਕਿਸਾਨਾਂ ਦੀ ਜ਼ਮੀਨ ਹੋਵੇਗੀ ਨਿਲਾਮ

### 109 ਕਿਸਾਨਾਂ ਦੀ ਕੀਤੀ ਗਈ ਪਛਾਣ, 30 ਮਾਰਚ ਤੋਂ ਨਿਲਾਮੀ ਹੋ ਸਕਦੀ ਹੈ ਸ਼ੁਰੂ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਕਰਜ਼ਈ ਕਿਸਾਨਾਂ ਦੀਆਂ ਜ਼ਮੀਨਾਂ ਦੀ ਨਿਲਾਮੀ ਕਰਨ ਦੀ ਤਿਆਰੀ ਕਰ ਲਈ ਹੈ। ਖੇਤੀ ਵਿਕਾਸ ਬੈਂਕਾਂ ਨੇ ਮੁੱਢਲੇ ਪੜਾਅ 'ਤੇ ਵੱਡੇ ਕਿਸਾਨਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਖੇਤੀ ਵਿਕਾਸ ਬੈਂਕਾਂ ਨੇ ਪੰਜਾਬ ਭਰ 'ਚ ਅਜਿਹੇ ਕਰੀਬ 109 ਡਿਫਾਲਟਰ ਕਿਸਾਨਾਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਕੋਲ 20 ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਹੈ। ਪਛਾਣ ਕੀਤੇ ਗਏ ਕਿਸਾਨ ਕਰੀਬ 20.50 ਕਰੋੜ ਰੁਪਏ ਦੇ ਕਰਜ਼ਈ ਹਨ। ਸੂਤਰਾਂ ਅਨੁਸਾਰ ਸਹਾਇਕ ਰਜਿਸਟਰਾਰਾਂ ਨੇ ਜ਼ਮੀਨ ਦੀ ਨਿਲਾਮੀ ਲਈ ਤਰੀਕਾਂ ਤੈਅ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਅਤੇ 30 ਮਾਰਚ ਦੇ ਆਸ ਪਾਸ ਇਨ੍ਹਾਂ ਦੀ ਨਿਲਾਮੀ ਸ਼ੁਰੂ ਹੋ ਸਕਦੀ ਹੈ। ਬਠਿੰਡਾ ਜ਼ਿਲ੍ਹੇ ਦੇ ਪੰਜ ਖੇਤੀ ਵਿਕਾਸ ਬੈਂਕਾਂ ਨੇ 16 (ਦੇਖੋ ਸਫ਼ਾ 37 'ਤੇ)

## ਅਮਰੀਕਾ ਦੀ USCIRF ਰਿਪੋਰਟ ਦਾ ਵੱਡਾ ਧਮਾਕਾ

### ਅਮਰੀਕਾ ਵਿੱਚ RSS ਅਤੇ RAW 'ਤੇ ਪਾਬੰਦੀ ਲਗਾਉਣ ਅਤੇ ਸੰਪਤੀਆਂ (Assets) ਜ਼ਬਤ ਕਰਨ ਦੀ ਸਿਫ਼ਾਰਸ਼




ਵਾਸ਼ਿੰਗਟਨ/ਨਵੀਂ ਦਿੱਲੀ: ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ (USCIRF) ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਭਾਰਤ ਵਿਰੁੱਧ ਹੁਣ ਤੱਕ ਦਾ ਸਭ ਤੋਂ ਵਿਵਾਦਤ ਅਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕੂਟਨੀਤਕ ਹਲਕਿਆਂ ਵਿੱਚ ਭੂਚਾਲ ਲਿਆ ਦਿੱਤਾ ਹੈ। ਕਮਿਸ਼ਨ ਨੇ ਨਾ ਸਿਰਫ਼ ਭਾਰਤ ਨੂੰ 'ਖਾਸ ਚਿੰਤਾ ਵਾਲਾ ਦੇਸ਼' (CPC) ਐਲਾਨਣ ਦੀ ਮੰਗ ਕੀਤੀ ਹੈ, ਸਗੋਂ ਭਾਰਤ ਦੀਆਂ ਪ੍ਰਮੁੱਖ ਸੰਸਥਾਵਾਂ—ਆਰ.ਐਸ.ਐਸ. (RSS) ਅਤੇ ਖੁਫੀਆ ਏਜੰਸੀ ਰਾਅ (RAW)—ਨੂੰ ਸਿੱਧੇ ਤੌਰ 'ਤੇ ਨਿਸ਼ਾਨੇ 'ਤੇ ਲਿਆ ਹੈ।



ਭਾਰਤ ਦਾ ਮੋੜਵਾਂ ਜਵਾਬ : ਅਮਰੀਕਾ ਪੱਖਪਾਤੀ ਏਜੰਡੇ 'ਤੇ ਕੰਮ ਕਰ ਰਿਹੇ : ਜੈਸਵਾਲ

ਰਿਪੋਰਟ ਦੇ 5 ਸਭ ਤੋਂ ਸ਼ਕਤੀਸ਼ਾਲੀ ਨੁਕਤੇ:

1. RSS 'ਤੇ ਅੰਤਰਰਾਸ਼ਟਰੀ ਸ਼ਿਕੰਜਾ: ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਹੈ ਕਿ ਆਰ.ਐਸ.ਐਸ. ਭਾਰਤ ਵਿੱਚ ਧਾਰਮਿਕ ਅਸਹਿਣਸ਼ੀਲਤਾ ਅਤੇ ਨਫ਼ਰਤ ਫੈਲਾਉਣ ਦਾ (ਦੇਖੋ ਸਫ਼ਾ 36 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and Other Categories of nonimmigrant visas
Other Immigration Services: Citizenship; e-Verify, 1-9 and Other Compliance; Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC | Lathrop URGENT CARE | Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ 'ਚ 2 ਲੱਖ ਪੰਜਾਬੀ ਟਰੱਕ ਡਰਾਈਵਰਾਂ ਦੇ ਲਾਇਸੈਂਸ ਹੋਣਗੇ ਰੱਦ

ਵਾਸ਼ਿੰਗਟਨ/ਡੀ.ਸੀ. : ਅਮਰੀਕਾ 'ਚ ਟਰੱਕਿੰਗ ਉਦਯੋਗ ਨਾਲ ਜੁੜੀ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੇ ਜਾ ਰਹੇ ਨਵੇਂ ਨਿਯਮਾਂ ਦੇ ਤਹਿਤ ਕਈ ਪ੍ਰਵਾਸੀ ਟਰੱਕ ਚਾਲਕਾਂ ਦੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (CDL) ਪ੍ਰਭਾਵਿਤ ਹੋ ਸਕਦੇ ਹਨ। ਇਹ ਨਿਯਮ ਸੋਮਵਾਰ ਤੋਂ ਲਾਗੂ ਹੋਣ ਦੀ ਗੱਲ ਕਹੀ ਜਾ ਰਹੀ ਹੈ ਅਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਲਗਭਗ ਦੋ ਲੱਖ ਪ੍ਰਵਾਸੀ ਟਰੱਕ ਡਰਾਈਵਰਾਂ ਦੇ ਲਾਇਸੈਂਸ ਦੀ ਮਿਆਦ ਖਤਮ ਹੋਣ ਜਾਂ ਨਵੀਆਂ ਪਾਬੰਦੀਆਂ



ਕਾਰਨ ਉਨ੍ਹਾਂ ਦੀ ਨਵੀਨੀਕਰਨ ਪ੍ਰਕਿਰਿਆ ਮੁਸ਼ਕਿਲ ਹੋ ਸਕਦੀ ਹੈ।

ਜਾਣਕਾਰੀ ਮੁਤਾਬਕ, ਨਵੇਂ ਨਿਯਮਾਂ ਦੇ ਅਧੀਨ ਉਹ ਪ੍ਰਵਾਸੀ ਜੋ ਸ਼ਰਨ ਮੰਗਣ ਵਾਲੇ (Asylum Seekers), ਸ਼ਰਨਾਰਥੀ (ਰਫਿਊਜ਼ੀ) ਜਾਂ 4131 (Deferred Action for Childhood Arrivals) ਦੇ ਤਹਿਤ ਅਮਰੀਕਾ ਵਿਚ ਰਹਿ ਰਹੇ ਹਨ, ਉਨ੍ਹਾਂ ਲਈ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨਾ ਜਾਂ ਨਵੀਨੀਕਰਨ ਕਰਵਾਉਣਾ ਹੋਰ ਕੜੀਆਂ ਸ਼ਰਤਾਂ ਦੇ ਅਧੀਨ ਕੀਤਾ ਜਾ ਸਕਦਾ ਹੈ।

ਇਹ ਫੈਸਲਾ ਉਸ ਸਮੇਂ ਆਇਆ ਹੈ, ਜਦੋਂ ਪਿਛਲੇ ਕੁਝ ਸਮੇਂ ਦੌਰਾਨ ਕੁਝ ਹਾਈ-ਪ੍ਰੋਫਾਈਲ ਟਰੱਕ ਹਾਦਸਿਆਂ ਤੋਂ ਬਾਅਦ ਟਰੱਕਿੰਗ ਉਦਯੋਗ ਵਿਚ ਸੁਰੱਖਿਆ ਮਾਪਦੰਡਾਂ ਨੂੰ ਹੋਰ ਸਖ਼ਤ ਕਰਨ ਦੀ ਮੰਗ ਵੱਧ ਰਹੀ ਸੀ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਡਰਾਈਵਿੰਗ ਮਿਆਰਾਂ ਨੂੰ ਮਜ਼ਬੂਤ ਕਰਨ ਲਈ ਲਿਆ ਗਿਆ ਹੈ।

ਦੂਜੇ ਪਾਸੇ, ਟਰੱਕਿੰਗ ਉਦਯੋਗ ਨਾਲ ਜੁੜੀਆਂ ਕਈ ਸੰਸਥਾਵਾਂ ਨੇ ਇਸ ਨੀਤੀ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਪਹਿਲਾਂ ਹੀ ਟਰੱਕ ਡਰਾਈਵਰਾਂ ਦੀ ਕਮੀ ਹੈ ਅਤੇ ਜੇਕਰ ਵੱਡੀ ਗਿਣਤੀ 'ਚ ਪ੍ਰਵਾਸੀ ਡਰਾਈਵਰ ਉਦਯੋਗ ਤੋਂ ਬਾਹਰ ਹੋ ਜਾਂਦੇ ਹਨ, ਤਾਂ ਇਸ ਨਾਲ ਸਮਾਨ ਦੀ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ਦਾ ਸਿੱਧਾ ਅਸਰ ਫਰੇਟ ਰੇਟਾਂ ਅਤੇ ਮਾਲ ਦੀ ਕੀਮਤਾਂ 'ਤੇ ਵੀ ਪੈ ਸਕਦਾ ਹੈ।

ਮਾਹਿਰਾਂ ਦੇ ਮੁਤਾਬਕ, ਅਮਰੀਕਾ ਵਿਚ ਕਮਰਸ਼ੀਅਲ ਲਾਇਸੈਂਸ ਰੱਖਣ ਵਾਲੇ ਪ੍ਰਵਾਸੀ ਡਰਾਈਵਰ ਕੁੱਲ ਡਰਾਈਵਰਾਂ ਦਾ ਤਕਰੀਬਨ ਪੰਜ ਪ੍ਰਤੀਸ਼ਤ ਹਨ। ਇਹ ਡਰਾਈਵਰ ਦੇਸ਼ ਭਰ ਵਿਚ ਭੋਜਨ ਸਮੱਗਰੀ ਤੋਂ ਲੈ ਕੇ ਭਾਰੀ ਮਸ਼ੀਨਰੀ ਤੱਕ ਦੀ ਢੁਆਈ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ।

ਇਸ ਦੇ ਨਾਲ ਹੀ ਪਹਿਲਾਂ ਹੀ ਇੱਕ ਹੋਰ ਨਿਯਮ ਵੀ ਲਾਗੂ ਕੀਤਾ ਗਿਆ ਸੀ, ਜਿਸ ਦੇ ਅਧੀਨ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਬੁਨਿਆਦੀ ਸਮਝ ਲਾਜ਼ਮੀ ਕਰ ਦਿੱਤੀ ਗਈ ਸੀ, ਤਾਂ ਜੋ ਉਹ ਸੜਕਾਂ 'ਤੇ ਲੱਗੇ ਟਰੈਫਿਕ ਸਾਈਨਾਂ ਅਤੇ ਨਿਯਮਾਂ ਨੂੰ ਠੀਕ ਤਰੀਕੇ ਨਾਲ ਸਮਝ ਸਕਣ।

ਸਰਕਾਰ ਦਾ ਕਹਿਣਾ ਹੈ ਕਿ ਇਹ ਸਾਰੇ ਕਦਮ ਜਨਤਾ ਦੀ ਸੁਰੱਖਿਆ ਅਤੇ ਸੜਕਾਂ 'ਤੇ ਬਿਹਤਰ ਡਰਾਈਵਿੰਗ ਮਿਆਰਾਂ ਲਈ ਲਏ ਜਾ ਰਹੇ ਹਨ, ਜਦਕਿ ਟਰੱਕਿੰਗ ਉਦਯੋਗ ਨਾਲ ਜੁੜੇ ਕਈ ਵਪਾਰਕ ਗਰੁੱਪ ਇਸ ਨੀਤੀ ਦੇ ਆਰਥਿਕ ਪ੍ਰਭਾਵਾਂ ਨੂੰ ਲੈ ਕੇ ਚਿੰਤਾ ਜਤਾ ਰਹੇ ਹਨ।

ਆਉਣ ਵਾਲੇ ਸਮੇਂ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਇਹ ਨਵੇਂ ਨਿਯਮ ਟਰੱਕਿੰਗ ਉਦਯੋਗ ਅਤੇ ਪ੍ਰਵਾਸੀ ਡਰਾਈਵਰਾਂ ਦੀ ਜ਼ਿੰਦਗੀ 'ਤੇ ਕਿੰਨਾ ਅਸਰ ਪਾਂਦੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium




Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ
ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਈਰਾਨ ਤੋਂ ਬਾਅਦ ਅਮਰੀਕਾ ਦੇ ਨਿਸ਼ਾਨੇ 'ਤੇ ਇਕ ਹੋਰ ਦੇਸ਼ : ਟਰੰਪ

ਵਾਸ਼ਿੰਗਟਨ: ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਸੱਤਾ ਤੋਂ ਬੇਦਖ਼ਲ ਕਰਕੇ ਗ੍ਰਿਫ਼ਤਾਰ ਕਰਨ ਅਤੇ ਈਰਾਨ ਵਿਰੁੱਧ ਜੰਗ ਛੇੜਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਇੱਕ ਹੋਰ ਦੇਸ਼ 'ਤੇ ਕਾਰਵਾਈ ਦੀ ਤਿਆਰੀ ਕਰ ਰਹੇ ਹਨ। ਸਰੋਤਾਂ ਅਨੁਸਾਰ ਟਰੰਪ ਨੇ ਹੁਣ ਵਾਮਪੰਥੀ ਦੇਸ਼ ਕਿਊਬਾ 'ਤੇ ਕਬਜ਼ਾ ਕਰਨ ਜਾਂ ਉਸ ਨੂੰ 'ਆਜ਼ਾਦ' ਕਰਾਉਣ ਦੀ ਆਪਣੀ ਯੋਜਨਾ ਜਨਤਕ ਕਰ ਦਿੱਤੀ ਹੈ।



**'ਕਿਊਬਾ 'ਤੇ ਕਬਜ਼ਾ ਕਰਨਾ ਮਾਣ ਵਾਲੀ ਗੱਲ'** : ਵ੍ਹਾਈਟ ਹਾਊਸ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਕਿਊਬਾ 'ਤੇ ਕਬਜ਼ਾ ਕਰਨ ਦਾ ਸਿਹਰਾ ਲੈਣਾ ਉਨ੍ਹਾਂ ਲਈ ਵੱਡੇ ਸਨਮਾਨ ਦੀ ਗੱਲ ਹੋਵੇਗੀ। ਉਨ੍ਹਾਂ ਕਿਹਾ, 'ਮੇਰਾ ਮੰਨਣਾ ਹੈ ਕਿ ਕਿਊਬਾ 'ਤੇ ਕਬਜ਼ੇ ਦਾ ਸਨਮਾਨ ਮੈਂ ਹੀ ਲਵਾਂਗਾ। ਮੈਂ ਕਿਊਬਾ ਨੂੰ ਆਜ਼ਾਦ ਵੀ ਕਰਾ ਸਕਦਾ ਹਾਂ ਅਤੇ ਉਸ 'ਤੇ ਕਬਜ਼ਾ ਵੀ ਕਰ ਸਕਦਾ ਹਾਂ। ਮੈਂ ਇਸ ਨਾਲ ਜੋ ਚਾਹਵਾਂ ਉਹ ਕਰ ਸਕਦਾ ਹਾਂ, ਕਿਉਂਕਿ ਕਿਊਬਾ ਇਸ ਸਮੇਂ ਬਹੁਤ ਕਮਜ਼ੋਰ ਸਥਿਤੀ ਵਿੱਚ ਹੈ'। ਰੰਪ ਮੁਤਾਬਕ ਅਜਿਹਾ ਕਰਨ ਲਈ ਇਹੀ ਸਹੀ ਸਮਾਂ ਹੈ।

**ਬਿਜਲੀ ਅਤੇ ਤੇਲ ਸੰਕਟ ਨਾਲ ਜੂਝ ਰਿਹਾ ਕਿਊਬਾ** : ਅਮਰੀਕਾ ਵੱਲੋਂ ਲਗਾਈ ਗਈ ਆਰਥਿਕ ਨਾਕੇਬੰਦੀ ਕਾਰਨ ਕਿਊਬਾ ਦੀ ਹਾਲਤ ਬੇਹੱਦ ਖ਼ਰਾਬ ਹੋ ਚੁੱਕੀ ਹੈ। ਤੇਲ ਦੀ ਸਪਲਾਈ ਰੁਕਣ ਕਾਰਨ ਉੱਥੋਂ ਦਾ ਪਾਵਰ ਗ੍ਰਿਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਦੇਸ਼ ਦਾ ਵੱਡਾ ਹਿੱਸਾ ਹਨੇਰੇ ਵਿੱਚ ਡੁੱਬਿਆ ਹੋਇਆ ਹੈ। ਅਮਰੀਕੀ ਪ੍ਰਸ਼ਾਸਨ ਕਿਊਬਾ 'ਤੇ ਆਰਥਿਕ ਦਬਾਅ ਬਣਾ ਰਿਹਾ ਹੈ ਤਾਂ ਜੋ ਉਸ ਨੂੰ ਅਮਰੀਕਾ 'ਤੇ ਨਿਰਭਰ ਬਣਾਇਆ ਜਾ ਸਕੇ।

**67 ਸਾਲ ਪੁਰਾਣੀ ਸੱਤਾ ਨੂੰ ਹਟਾਉਣ ਦੀ ਕੋਸ਼ਿਸ਼** : ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਟਰੰਪ ਪ੍ਰਸ਼ਾਸਨ ਕਿਊਬਾ ਦੇ ਰਾਸ਼ਟਰਪਤੀ ਨੂੰ ਸੱਤਾ ਤੋਂ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਊਬਾ ਵਿੱਚ ਪਿਛਲੇ 67 ਸਾਲਾਂ ਦੇ ਇੱਕ-ਦਲੀ ਸ਼ਾਸਨ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਦੇਸ਼ ਇੰਨੇ ਭਾਰੀ ਦਬਾਅ ਹੇਠ ਨਜ਼ਰ ਆ ਰਿਹਾ ਹੈ। ਟਰੰਪ ਨੇ ਆਪਣੇ ਇੱਕ ਬਿਆਨ ਵਿੱਚ ਇਹ ਵੀ ਕਿਹਾ ਕਿ ਕਿਊਬਾ ਅਮਰੀਕਾ ਨਾਲ ਸਮਝੌਤਾ ਕਰਨਾ ਚਾਹੁੰਦਾ ਹੈ, ਜੋ ਸ਼ਾਇਦ ਈਰਾਨ ਜੰਗ ਤੋਂ ਬਾਅਦ ਸੰਭਵ ਹੋ ਸਕੇ।

**ਵੈਨੇਜ਼ੁਏਲਾ 'ਤੇ ਹਮਲੇ ਤੋਂ ਬਾਅਦ ਵਧਿਆ ਤਣਾਅ** : ਕਿਊਬਾ ਲਈ ਇਸ ਸੰਕਟ ਦੀ ਸ਼ੁਰੂਆਤ 3 ਜਨਵਰੀ ਤੋਂ ਹੋਈ ਸੀ, ਜਦੋਂ ਅਮਰੀਕਾ ਨੇ ਕਿਊਬਾ ਦੇ ਸਹਿਯੋਗੀ ਦੇਸ਼ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਸੱਤਾ ਤੋਂ ਬੇਦਖ਼ਲ ਕਰਕੇ ਗ੍ਰਿਫ਼ਤਾਰ ਕਰ ਲਿਆ ਸੀ। ਇਸ ਤੋਂ ਫ਼ੌਰਨ ਬਾਅਦ ਅਮਰੀਕਾ ਨੇ ਕਿਊਬਾ ਦੀ ਵੀ ਨਾਕੇਬੰਦੀ ਕਰ ਦਿੱਤੀ, ਜਿਸ ਕਾਰਨ ਉੱਥੇ ਈਂਧਨ ਦੀ ਸਪਲਾਈ ਪੂਰੀ ਤਰ੍ਹਾਂ ਠੱਪ ਹੋ ਗਈ ਹੈ। ਟਰੰਪ ਦੇ ਇਸ ਹਮਲਾਵਰ ਰੁਖ ਨੇ ਵਿਸ਼ਵ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ, ਕਿਉਂਕਿ ਈਰਾਨ ਅਤੇ ਵੈਨੇਜ਼ੁਏਲਾ ਤੋਂ ਬਾਅਦ ਹੁਣ ਇੱਕ ਹੋਰ ਜੰਗੀ ਮੋਰਚਾ ਖੁੱਲ੍ਹਣ ਦੇ ਸੰਕੇਤ ਮਿਲ ਰਹੇ ਹਨ।

# ਅਮਰੀਕਾ 'ਚ ਭਿਆਨਕ ਤੂਫ਼ਾਨ ਨੇ ਮਚਾਈ ਹਾਹਾਕਾਰ ! ਸੈਂਕੜੇ ਫਲਾਈਟਾਂ ਰੱਦ





ਵਾਸ਼ਿੰਗਟਨ : ਅਮਰੀਕਾ ਦੇ ਪੂਰਬੀ ਹਿੱਸੇ ਵਿੱਚ ਆਏ ਸ਼ਕਤੀਸ਼ਾਲੀ ਬਰਫ਼ੀਲੇ ਤੂਫ਼ਾਨ ਨੇ ਹਵਾਈ ਆਵਾਜਾਈ ਨੂੰ ਪੂਰੀ ਤਰ੍ਹਾਂ ਅਸਤ-ਵਿਅਸਤ ਕਰ ਦਿੱਤਾ ਹੈ। ਮੰਗਲਵਾਰ ਸਵੇਰ ਤੱਕ ਅਮਰੀਕਾ ਆਉਣ ਅਤੇ ਜਾਣ ਵਾਲੀਆਂ ਲਗਭਗ ਸੈਂਕੜੇ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ 1,300 ਤੋਂ ਵੱਧ ਉਡਾਣਾਂ ਦੇਰੀ ਨਾਲ ਚੱਲ ਰਹੀਆਂ ਹਨ।

ਅਮਰੀਕੀ ਮੌਸਮ ਵਿਭਾਗ ਅਨੁਸਾਰ, ਮੱਧ-ਪੱਛਮੀ ਇਲਾਕਿਆਂ ਵਿੱਚ ਭਾਰੀ ਬਰਫ਼ਬਾਰੀ ਤੋਂ ਬਾਅਦ ਇਹ ਤੂਫ਼ਾਨ ਹੁਣ ਪੂਰਬੀ ਤੱਟ ਵੱਲ ਵਧ ਰਿਹਾ ਹੈ। ਨਿਊਯਾਰਕ ਵਰਗੇ ਸ਼ਹਿਰਾਂ ਵਿੱਚ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀਆਂ ਤੇਜ਼ ਹਵਾਵਾਂ ਨੇ ਮੁਸੀਬਤ ਹੋਰ ਵਧਾ ਦਿੱਤੀ ਹੈ। ਸ਼ਿਕਾਗੋ ਓ'ਹੇਅਰ (600 ਉਡਾਣਾਂ ਰੱਦ), ਅਟਲਾਂਟਾ (470 ਉਡਾਣਾਂ ਰੱਦ) ਅਤੇ ਨਿਊਯਾਰਕ ਦਾ ਲਾਗਾਰਡੀਆ (450 ਉਡਾਣਾਂ ਰੱਦ) ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਖ਼ਰਾਬ ਮੌਸਮ ਕਾਰਨ ਅਟਲਾਂਟਾ ਅਤੇ ਸ਼ਾਰਲਟ ਡਗਲਸ ਹਵਾਈ ਅੱਡਿਆਂ 'ਤੇ ਉਡਾਣਾਂ ਦੀ ਆਵਾਜਾਈ ਪੂਰੀ ਤਰ੍ਹਾਂ ਰੋਕ ਦਿੱਤੀ ਗਈ ਸੀ। ਮੌਸਮ ਦੇ ਨਾਲ-ਨਾਲ ਅਮਰੀਕਾ ਵਿੱਚ 14 ਫਰਵਰੀ ਤੋਂ ਚੱਲ ਰਿਹਾ ਅੰਸ਼ਿਕ ਸਰਕਾਰੀ ਸ਼ਟਡਾਊਨ ਮੁਸਾਫ਼ਰਾਂ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਹੋਮਲੈਂਡ ਸਿਕਿਉਰਿਟੀ ਵਿਭਾਗ ਨੂੰ ਫੰਡ ਨਾ ਮਿਲਣ ਕਾਰਨ ਸੁਰੱਖਿਆ ਕਰਮਚਾਰੀਆਂ (TSA) ਨੂੰ ਤਨਖ਼ਾਹਾਂ ਨਹੀਂ ਮਿਲ ਰਹੀਆਂ। ਰਿਪੋਰਟਾਂ ਅਨੁਸਾਰ ਹੁਣ ਤੱਕ 300 ਤੋਂ ਵੱਧ ਏਜੰਟ ਨੌਕਰੀ ਛੱਡ ਚੁੱਕੇ ਹਨ। ਸਟਾਫ਼ ਦੀ ਕਮੀ ਕਾਰਨ ਹਵਾਈ ਅੱਡਿਆਂ 'ਤੇ ਸੁਰੱਖਿਆ ਜਾਂਚ ਲਈ ਭਾਰੀ ਭੀੜ ਦੇਖੀ ਜਾ ਰਹੀ ਹੈ। ਆਸਟਿਨ (ਟੈਕਸਾਸ) ਵਿੱਚ ਸੁਰੱਖਿਆ ਲਾਈਨਾਂ ਹਵਾਈ ਅੱਡੇ ਤੋਂ ਬਾਹਰ ਫ਼ੁੱਟਪਾਥ ਤੱਕ ਪਹੁੰਚ ਗਈਆਂ ਹਨ। ਨਿਊ ਓਰਲੀਨਜ਼ ਵਿੱਚ ਮੁਸਾਫ਼ਰਾਂ ਨੂੰ ਉਡਾਣ ਤੋਂ 3 ਘੰਟੇ ਪਹਿਲਾਂ ਪਹੁੰਚਣ ਦੀ ਸਲਾਹ ਦਿੱਤੀ ਗਈ ਹੈ। ਸਪ੍ਰਿੰਗ ਬ੍ਰੇਕ ਅਤੇ 'ਮਾਰਚ ਮੈਡਨੈੱਸ' (ਬਾਸਕਟਬਾਲ ਟੂਰਨਾਮੈਂਟ) ਕਾਰਨ ਹਵਾਈ ਅੱਡਿਆਂ 'ਤੇ ਪਹਿਲਾਂ ਹੀ ਭੀੜ ਸੀ। ਫਲਾਈਟਾਂ ਰੱਦ ਹੋਣ ਕਾਰਨ ਕਈ ਪਰਿਵਾਰਾਂ ਨੂੰ ਹਵਾਈ ਅੱਡਿਆਂ ਦੇ ਫਰਸ਼ 'ਤੇ ਸੌਣ ਲਈ ਮਜਬੂਰ ਹੋਣਾ ਪਿਆ।

ਖਾੜੀ ਤੱਟ, ਫਲੋਰੀਡਾ ਪੈਨਹੈਂਡਲ ਅਤੇ ਦੱਖਣ-ਪੂਰਬੀ ਖੇਤਰਾਂ ਵਿਚ ਤਾਪਮਾਨ ਜ਼ੀਰੋ ਤੋਂ ਹੇਠਾਂ ਡਿੱਗਣ ਦੀ ਸੰਭਾਵਨਾ ਹੈ। ਅਰਕਾਨਸਸ, ਓਕਲਾਹੋਮਾ, ਲੂਈਸਿਆਨਾ ਅਤੇ ਟੈਕਸਾਸ ਦੇ ਕੁਝ ਹਿੱਸਿਆਂ ਵਿਚ ਵੀ ਠੰਢ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਰਿਪੋਰਟ ਅਨੁਸਾਰ, ਉੱਤਰ ਵਿਚ ਠੰਢੀਆਂ ਹਵਾਵਾਂ ਕਾਰਨ ਬਾਰਿਸ਼ ਬਰਫ਼ ਵਿਚ ਬਦਲ ਰਹੀ ਹੈ, ਜਦਕਿ ਪੱਛਮੀ ਵਰਜੀਨੀਆ ਦੇ ਮੱਧ ਅੱਪਲਾਚੀਅਨ ਖੇਤਰ 'ਚ 15 ਸੈਂਟੀਮੀਟਰ ਤੋਂ ਵੱਧ ਬਰਫ਼ ਜਮ ?ਹਾ ਹੋਣ ਦੀ ਸੰਭਾਵਨਾ ਹੈ। ਮਿਨੀਸੋਟਾ, ਵਿਸਕਾਨਸਿਨ ਅਤੇ ਮਿਸ਼ੀਗਨ ਵਿਚ ਭਾਰੀ ਬਰਫ਼ਬਾਰੀ ਦਰਜ ਕੀਤੀ ਗਈ ਹੈ।

# UAE ਵਿੱਚ ਸੋਸ਼ਲ ਮੀਡੀਆ 'ਤੇ ਅਫਵਾਹਾਂ ਫੈਲਾਉਣ ਦੇ ਦੋਸ਼ ਹੇਠ 19 ਭਾਰਤੀਆਂ ਸਮੇਤ 35 ਗ੍ਰਿਫਤਾਰ




ਦੁਬਈ/ਕੈਲੀਫੋਰਨੀਆ: ਸੰਯੁਕਤ ਅਰਬ ਅਮੀਰਾਤ (UAE) ਦੀ ਸਰਕਾਰ ਨੇ ਡਿਜੀਟਲ ਪਲੇਟਫਾਰਮਾਂ 'ਤੇ ਗਲਤ ਜਾਣਕਾਰੀ ਅਤੇ ਨਕਲੀ ਵੀਡੀਓਜ਼ ਫੈਲਾਉਣ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ 35 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ 19 ਵਿਅਕਤੀ ਭਾਰਤੀ ਮੂਲ ਦੇ ਹਨ। ਇਹ ਗ੍ਰਿਫਤਾਰੀਆਂ ਖੇਤਰੀ ਤਣਾਅ ਦੌਰਾਨ ਜਨਤਾ ਵਿੱਚ ਦਹਿਸ਼ਤ ਫੈਲਾਉਣ ਅਤੇ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਦੇ ਦੋਸ਼ ਹੇਠ ਕੀਤੀਆਂ ਗਈਆਂ ਹਨ।

**ਮੁੱਖ ਦੋਸ਼ ਅਤੇ 19 ਦੀ ਦੁਰਵਰਤੋਂ**

UAE ਦੇ ਅਟਾਰਨੀ ਜਨਰਲ ਡਾ. ਹਮਦ ਸੈਫ ਅਲ ਸ਼ਮਸੀ ਅਨੁਸਾਰ, ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਗਲਤ ਤਰੀਕੇ ਨਾਲ ਕੀਤੀ ਸੀ:

1. **19 (ਆਰਟੀਫੀਸ਼ੀਅਲ ਇੰਟੈਲੀਜੈਂਸ) ਰਾਹੀਂ ਫੇਕ ਵੀਡੀਓ:** 5 ਭਾਰਤੀਆਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 19 ਟੂਲਸ ਦੀ ਵਰਤੋਂ ਕਰਕੇ ਨਕਲੀ ਵੀਡੀਓਜ਼ ਬਣਾਈਆਂ, ਜਿਸ ਵਿੱਚ UAE ਦੇ ਮਸ਼ਹੂਰ ਟਿਕਾਣਿਆਂ 'ਤੇ ਧਮਾਕੇ ਅਤੇ ਮਿਜ਼ਾਈਲ ਹਮਲੇ ਹੁੰਦੇ ਦਿਖਾਏ ਗਏ ਸਨ।
2. **ਵੀਡੀਓਜ਼ ਨਾਲ ਛੇੜਛਾੜ:** ਹੋਰ 5 ਭਾਰਤੀਆਂ ਨੇ ਅਸਮਾਨ ਵਿੱਚ ਮਿਜ਼ਾਈਲ ਇੰਟਰਸੈਪਸ਼ਨ ਦੀਆਂ ਅਸਲ ਫੁਟੇਜਾਂ ਵਿੱਚ ਡਰਾਉਣੇ ਸਾਊਂਡ ਇਫੈਕਟਸ ਪਾ ਕੇ ਉਨ੍ਹਾਂ ਨੂੰ ਗਲਤ ਸੰਦਰਭ ਵਿੱਚ ਪੇਸ਼ ਕੀਤਾ।
3. **ਦੁਸ਼ਮਣ ਦੀ ਹਮਾਇਤ:** ਕੁਝ ਵਿਅਕਤੀਆਂ 'ਤੇ ਅਜਿਹੀ ਸਮੱਗਰੀ ਸਾਂਝੀ ਕਰਨ ਦਾ ਦੋਸ਼ ਹੈ ਜੋ ਮੌਜੂਦਾ ਟਕਰਾਅ ਵਿੱਚ ਦੁਸ਼ਮਣ ਦੇਸ਼ਾਂ ਦੀਆਂ ਫੌਜੀ ਕਾਰਵਾਈਆਂ ਦੀ ਸ਼ਲਾਘਾ ਕਰਦੀ ਸੀ।

**ਸਖ਼ਤ ਕਾਨੂੰਨੀ ਕਾਰਵਾਈ**

UAE ਦੇ ਸਾਈਬਰ ਕਾਨੂੰਨਾਂ ਤਹਿਤ ਇਨ੍ਹਾਂ ਸਾਰੇ ਵਿਅਕਤੀਆਂ 'ਤੇ ਤੇਜ਼ੀ ਨਾਲ ਮੁਕੱਦਮਾ (Expedited Trial) ਚਲਾਉਣ ਦੇ ਹੁਕਮ ਦਿੱਤੇ ਗਏ ਹਨ। ਦੋਸ਼ੀ ਪਾਏ ਜਾਣ 'ਤੇ ਇਨ੍ਹਾਂ ਨੂੰ:

ਘੱਟੋ-ਘੱਟ ਇੱਕ ਸਾਲ ਦੀ ਜੇਲ੍ਹ।

1,00,000 ਦਿਰਹਾਮ (ਲਗਭਗ $27,000 USD) ਤੋਂ ਵੱਧ ਦਾ ਜੁਰਮਾਨਾ।

ਅਤੇ ਸਜ਼ਾ ਪੂਰੀ ਹੋਣ ਤੋਂ ਬਾਅਦ ਦੇਸ਼ ਨਿਕਾਲਾ (Deportation) ਦਿੱਤਾ ਜਾ ਸਕਦਾ ਹੈ।

**ਮੀਡੀਆ ਅਤੇ ਜਨਤਾ ਲਈ ਸਬਕ**

ਇਹ ਘਟਨਾ ਦਰਸਾਉਂਦੀ ਹੈ ਕਿ ਮੌਜੂਦਾ ਸਮੇਂ ਵਿੱਚ 19 ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਿੰਨੀ ਜ਼ਿੰਮੇਵਾਰੀ ਨਾਲ ਕਰਨੀ ਚਾਹੀਦੀ ਹੈ। ਖਾਸ ਕਰਕੇ ਮੀਡੀਆ ਖੇਤਰ ਨਾਲ ਜੁੜੇ ਲੋਕਾਂ ਲਈ ਇਹ ਇੱਕ ਚੇਤਾਵਨੀ ਹੈ ਕਿ ਕਿਸੇ ਵੀ ਗੈਰ-ਪ੍ਰਮਾਣਿਤ ਖ਼ਬਰ ਜਾਂ ਵੀਡੀਓ ਨੂੰ ਸਾਂਝਾ ਕਰਨਾ ਭਾਰੀ ਪੈ ਸਕਦਾ ਹੈ।




ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਕੈਨੇਡਾ 'ਚ ਵੱਖ-ਵੱਖ ਥਾਈਂ ਤਿੰਨ ਪੰਜਾਬੀ ਨੌਜਵਾਨਾਂ ਦੀ ਹੱਤਿਆ



ਵੈਨਕੂਵਰ : ਕੈਨੇਡਾ 'ਚ ਵੱਖ-ਵੱਖ ਥਾਈਂ ਬੀਤੇ ਹਫ਼ਤੇ ਦੇ ਅਖ਼ੀਰ ਵਿੱਚ ਤਿੰਨ ਪੰਜਾਬੀ ਨੌਜਵਾਨਾਂ ਦੀ ਹੱਤਿਆ ਕਰ ਦਿੱਤੀ ਗਈ ਹੈ। ਪਹਿਲੀ ਘਟਨਾ ਫੋਰਟ ਸੇਂਟ ਪੌਲ ਜੌਹਨ ਸ਼ਹਿਰ ਵਿਖੇ ਵਾਪਰੀ, ਜਿੱਥੇ ਦੋ ਗਰੁੱਪਾਂ ਦੀ ਲੜਾਈ 'ਚ ਗੁਰਕੀਰਤ ਸਿੰਘ ਮਨੋਚਾ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਮੁਢਲੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਹ ਉੱਥੇ ਇੱਕ ਸਟੋਰ 'ਚ ਕੰਮ ਕਰਦਾ ਸੀ। ਉਹ ਉਜੈਨ ਤੋਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਸਾਲ ਕੁ ਪਹਿਲਾਂ ਕੈਨੇਡਾ ਆਇਆ ਸੀ। ਪੁਲਿਸ ਜਾਂਚ ਕਰ ਰਹੀ ਹੈ ਕਿ ਉਹ ਲੜਾਈ 'ਚ ਅਚਾਨਕ ਮਾਰਿਆ ਗਿਆ ਜਾਂ ਉਸ ਦੀ ਮਿੱਥ ਕੇ ਹੱਤਿਆ ਕੀਤੀ ਗਈ।

ਦੂਜੀ ਘਟਨਾ ਸਸਕੈਚਵਨ ਸੂਬੇ ਦੇ ਬਰੈਂਟਫੋਰਡ ਸ਼ਹਿਰ ਦੀ ਹੈ, ਜਿੱਥੇ ਟੈਕਸੀ ਚਾਲਕ ਦਵਿੰਦਰ ਸਿੰਘ (30) ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ ਘਟਨਾ ਮੌਕੇ ਉਹ ਮੋਟਲ ਦੇ ਬਾਹਰ ਕਿਸੇ ਯਾਤਰੀ ਦੀ ਉਡੀਕ ਵਿੱਚ ਟੈਕਸੀ 'ਚ ਬੈਠਾ ਸੀ। ਮੋਟਲ 'ਚੋਂ ਨਿਕਲੀ ਔਰਤ ਉੱਤੇ ਕਿਸੇ ਵਲੋਂ ਚਲਾਈ ਜਾਨਲੇਵਾ ਗੋਲੀ ਖੁੰਝ ਕੇ ਉਸ ਦੇ ਆ ਵੱਜੀ ਅਤੇ ਉਹ ਮੌਤ ਦੇ ਮੂੰਹ ਜਾ ਪੁੱਜਾ। ਉਹ ਮੋਗਾ ਜ਼ਿਲ੍ਹੇ ਦੇ ਪਿੰਡ ਦੌਲਤਪੁਰ ਨਾਲ ਸਬੰਧ ਰੱਖਦਾ ਸੀ ਤੇ ਕੁਝ ਸਾਲ ਪਹਿਲਾਂ ਪਰਿਵਾਰ ਸਮੇਤ ਕੈਨੇਡਾ ਆਇਆ ਸੀ।

ਤੀਜੀ ਘਟਨਾ ਐਡਮਿੰਟਨ ਨੇੜਲੇ ਸ਼ਹਿਰ ਵਿੱਚ ਵਾਪਰੀ ਜਿਥੇ ਬੀਰਇੰਦਰ ਸਿੰਘ ਦੀ ਗੋਲੀ ਲੱਗਣ ਕਾਰਨ ਜਾਨ ਚਲੀ ਗਈ। ਉਹ ਚਾਰ ਕੁ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਹੱਤਿਆ ਦਾ ਕਾਰਨ ਸੜਕ 'ਤੇ ਹੋਇਆ ਬੋਲ ਬੁਲਾਰਾ (ਰੋਡ ਰੇਜ਼) ਦੱਸਿਆ ਗਿਆ ਹੈ। ਬੇਸ਼ੱਕ ਤਿੰਨਾਂ ਘਟਨਾਵਾਂ ਦਾ ਆਪਸ 'ਚ ਕੋਈ ਸਬੰਧ ਨਹੀਂ ਹੈ ਪਰ ਇਸ ਕਾਰਨ ਇੱਥੇ ਵੱਸਦੇ ਪੰਜਾਬੀ ਭਾਈਚਾਰੇ ਵਿੱਚ ਚਿੰਤਾ ਦਾ ਮਾਹੌਲ ਹੈ।

### ਕੀ ਕਿਊਬਾ ਬਣੇਗਾ ਅਮਰੀਕਾ ਦਾ ਅਗਲਾ ਹਿੱਸਾ ?

# ਡੋਨਾਲਡ ਟਰੰਪ ਦੇ ਧਮਾਕੇਦਾਰ ਬਿਆਨ ਨੇ ਦੁਨੀਆ ਹਿਲਾਈ !

## 'ਮੈਂ ਕਿਊਬਾ ਨਾਲ ਜੋ ਚਾਹਾਂ ਉਹ ਕਰ ਸਕਦਾ ਹਾਂ' - ਰਾਸ਼ਟਰਪਤੀ ਟਰੰਪ ਦਾ ਵੱਡਾ ਦਾਅਵਾ



ਵਾਸ਼ਿੰਗਟਨ (ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੰਤਰਰਾਸ਼ਟਰੀ ਸਿਆਸਤ ਵਿੱਚ ਇੱਕ ਨਵਾਂ ਭੂਚਾਲ ਲਿਆ ਦਿੱਤਾ ਹੈ। ਇੱਕ ਤਾਜ਼ਾ ਅਤੇ ਬੇਹੱਦ ਹਮਲਾਵਰ ਬਿਆਨ ਵਿੱਚ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਅਮਰੀਕਾ ਹੁਣ ਗੁਆਂਢੀ ਦੇਸ਼ ਕਿਊਬਾ ਨੂੰ ਆਪਣੇ ਕਬਜ਼ੇ ਵਿੱਚ ਲੈਣ ਜਾਂ ਉਸ ਨੂੰ ਮੌਜੂਦਾ ਸ਼ਾਸਨ ਤੋਂ 'ਆਜ਼ਾਦ' ਕਰਵਾਉਣ ਦੀ ਤਿਆਰੀ ਕਰ ਸਕਦਾ ਹੈ।

**ਸਿੱਧੀ ਚੁਣੌਤੀ:** ਟਰੰਪ ਨੇ ਬੜੀ ਬੇਬਾਕੀ ਨਾਲ ਕਿਹਾ, 'ਕਿਊਬਾ 'ਤੇ ਕਬਜ਼ਾ ਕਰਨਾ ਮੇਰੇ ਲਈ ਇੱਕ ਵੱਡਾ ਸਨਮਾਨ ਹੋਵੇਗਾ। ਮੈਂ ਇਸ ਦੇਸ਼ ਨਾਲ ਜੋ ਚਾਹਾਂ ਉਹ ਕਰ ਸਕਦਾ ਹਾਂ।'

**ਕਮਜ਼ੋਰ ਸ਼ਾਸਨ 'ਤੇ ਹਮਲਾ:** ਕਿਊਬਾ ਨੂੰ ਇੱਕ 'ਬੇਹੱਦ ਕਮਜ਼ੋਰ ਰਾਸ਼ਟਰ' ਦੱਸਦਿਆਂ ਟਰੰਪ ਨੇ ਕਿਹਾ ਕਿ ਉੱਥੋਂ ਦੇ ਲੀਡਰ ਹਮੇਸ਼ਾ ਹਿੰਸਕ ਰਹੇ ਹਨ, ਪਰ ਹੁਣ ਸਥਿਤੀ ਬਦਲਣ ਵਾਲੀ ਹੈ।

**ਕੁਦਰਤੀ ਫਾਇਦਾ:** ਟਰੰਪ ਨੇ ਕਿਊਬਾ ਦੇ ਸ਼ਾਨਦਾਰ ਮੌਸਮ ਅਤੇ ਇਸ ਦੇ 'ਤੂਫ਼ਾਨ ਮੁਕਤ' (Hurricane-free) ਖੇਤਰ ਹੋਣ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕਿਊਬਾ ਅਮਰੀਕਾ ਦੇ ਅਧੀਨ ਆਉਂਦਾ ਹੈ, ਤਾਂ ਰਾਹਤ ਫੰਡਾਂ ਦਾ ਵੱਡਾ ਖਰਚਾ ਬਚੇਗਾ।

**ਇਤਿਹਾਸਕ ਫੈਸਲਾ:** ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਚੱਲ ਰਹੀ ਅਮਰੀਕਾ-ਕਿਊਬਾ ਖਿੱਚੋਤਾਣ ਨੂੰ ਉਹ ਆਪਣੇ ਅੰਦਾਜ਼ ਵਿੱਚ ਖ਼ਤਮ ਕਰਨ ਦੀ ਸਮਰੱਥਾ ਰੱਖਦੇ ਹਨ।

**ਅੰਤਰਰਾਸ਼ਟਰੀ ਹਲਕਿਆਂ ਵਿੱਚ ਹੜਕੰਪ :** ਟਰੰਪ ਦੇ ਇਸ ਬਿਆਨ ਨੇ ਵਿਸ਼ਵ ਪੱਧਰ 'ਤੇ ਸਿਆਸੀ ਮਾਹਿਰਾਂ ਦੇ ਹੋਸ਼ ਉਡਾ ਦਿੱਤੇ ਹਨ। ਇਸ ਨੂੰ ਅਮਰੀਕਾ ਦੀ 'ਵਿਸਥਾਰਵਾਦੀ ਨੀਤੀ' ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਕੀ ਇਹ ਸਿਰਫ਼ ਇੱਕ ਸਿਆਸੀ ਬਿਆਨ ਹੈ ਜਾਂ ਕਿਸੇ ਵੱਡੀ ਫ਼ੌਜੀ ਕਾਰਵਾਈ ਦੀ ਤਿਆਰੀ? ਪੂਰੀ ਦੁਨੀਆ ਦੀਆਂ ਨਜ਼ਰਾਂ ਹੁਣ ਵ੍ਹਾਈਟ ਹਾਊਸ ਦੇ ਅਗਲੇ ਕਦਮ 'ਤੇ ਟਿਕੀਆਂ ਹੋਈਆਂ ਹਨ।

# ਈਰਾਨ ਨਾਲ ਜੰਗ 'ਚ ਅਮਰੀਕਾ ਦੇ ਹੁਣ ਤੱਕ 12 ਅਰਬ ਡਾਲਰ ਹੋਏ ਖਰਚ




ਵਾਸ਼ਿੰਗਟਨ : ਈਰਾਨ ਅਤੇ ਅਮਰੀਕਾ ਵਿਚਕਾਰ ਜਾਰੀ ਫੌਜੀ ਟਕਰਾਅ ਦੇ ਵਿਚਕਾਰ, ਵ੍ਹਾਈਟ ਹਾਊਸ ਨੇ ਇਸ ਜੰਗ 'ਤੇ ਹੋਣ ਵਾਲੇ ਭਾਰੀ ਖਰਚੇ ਦਾ ਖੁਲਾਸਾ ਕੀਤਾ ਹੈ। ਰਾਸ਼ਟਰੀ ਆਰਥਿਕ ਕੌਂਸਲ (National Economic Council) ਦੇ ਨਿਰਦੇਸ਼ਕ ਕੇਵਿਨ ਹੈਸੇਟ ਨੇ ਐਤਵਾਰ ਨੂੰ ਦੱਸਿਆ ਕਿ ਅਮਰੀਕਾ ਹੁਣ ਤੱਕ ਈਰਾਨ ਨਾਲ ਜੰਗ 'ਤੇ ਲਗਭਗ 12 ਅਰਬ ਅਮਰੀਕੀ ਡਾਲਰ ਖਰਚ ਕਰ ਚੁੱਕਾ ਹੈ।

ਹੈਸੇਟ ਨੇ ਇਹ ਜਾਣਕਾਰੀ ਸੀ.ਬੀ.ਐਸ. ਨਿਊਜ਼ (CBS News) ਦੇ ਮਸ਼ਹੂਰ ਪ੍ਰੋਗਰਾਮ 'ਫੇਸ ਦ ਨੇਸ਼ਨ' ਵਿੱਚ ਗੱਲਬਾਤ ਦੌਰਾਨ ਦਿੱਤੀ। ਜਦੋਂ ਉਨ੍ਹਾਂ ਨੂੰ ਜੰਗ 'ਤੇ ਹੋਣ ਵਾਲੇ ਹੁਣ ਤੱਕ ਦੇ ਖਰਚੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਨਵੀਂ ਰਿਪੋਰਟ ਦੇ ਹਵਾਲੇ ਨਾਲ 12 ਅਰਬ ਡਾਲਰ ਦੀ ਸੰਖਿਆ ਦੀ ਪੁਸ਼ਟੀ ਕੀਤੀ।

ਇਹ ਪੁੱਛੇ ਜਾਣ 'ਤੇ ਕਿ ਕੀ ਅਮਰੀਕਾ ਨੂੰ ਜੰਗ ਜਾਰੀ ਰੱਖਣ ਲਈ ਅਮਰੀਕੀ ਸੰਸਦ (ਕਾਂਗਰਸ) ਤੋਂ ਹੋਰ ਪੈਸੇ ਮੰਗਣ ਦੀ ਲੋੜ ਪਵੇਗੀ, ਹੈਸੇਟ ਨੇ ਜਵਾਬ ਦਿੱਤਾ ਕਿ ਫਿਲਹਾਲ ਅਮਰੀਕਾ ਕੋਲ ਉਹ ਸਭ ਕੁਝ ਮੌਜੂਦ ਹੈ ਜਿਸਦੀ ਉਸਨੂੰ ਲੋੜ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ ਭਵਿੱਖ ਵਿੱਚ ਹੋਰ ਫੰਡਾਂ ਦੀ ਮੰਗ ਕਰਨੀ ਹੈ ਜਾਂ ਨਹੀਂ, ਇਹ ਇੱਕ ਅਜਿਹਾ ਵਿਸ਼ਾ ਹੈ ਜਿਸ ਦੀ ਪੜਤਾਲ ਪ੍ਰਬੰਧਨ ਅਤੇ ਬਜਟ ਦਫ਼ਤਰ (OMB) ਦੇ ਨਿਰਦੇਸ਼ਕ ਰਸੇਲ ਵਾਟ ਕਰਨਗੇ। ਈਰਾਨ ਅਤੇ ਅਮਰੀਕਾ ਵਿਚਕਾਰ ਵਧਦੇ ਤਣਾਅ ਅਤੇ ਇਸ ਜੰਗੀ ਖਰਚੇ ਨੇ ਅਮਰੀਕਾ ਦੀ ਅੰਦਰੂਨੀ ਰਾਜਨੀਤੀ ਅਤੇ ਆਰਥਿਕ ਨੀਤੀਆਂ 'ਤੇ ਨਵੀਂ ਚਰਚਾ ਛੇੜ ਦਿੱਤੀ ਹੈ।

# ਈਰਾਨ ਨਾਲ ਜੰਗ ਦੇ ਵਿਰੋਧ 'ਚ ਅਮਰੀਕੀ ਅਧਿਕਾਰੀ ਨੇ ਦਿੱਤਾ ਅਸਤੀਫ਼ਾ

## ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ ਦੇ ਡਾਇਰੈਕਟਰ ਜੋਅ ਕੈਂਟ ਨੇ ਕਿਹਾ ਇਰਾਨ ਤੋਂ ਕੋਈ ਤੁਰੰਤ ਖਤਰਾ ਨਹੀਂ ਸੀ



ਵਾਸ਼ਿੰਗਟਨ : ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ ਦੇ ਡਾਇਰੈਕਟਰ ਜੋਅ ਕੈਂਟ ਨੇ ਆਪਣੇ ਅਸਤੀਫੇ ਦਾ ਐਲਾਨ ਕਰਦਿਆਂ ਕਿਹਾ ਕਿ ਉਹ 'ਸਾਫ਼ ਜ਼ਮੀਰ ਨਾਲ' ਟਰੰਪ ਪ੍ਰਸ਼ਾਸਨ ਦੀ ਇਰਾਨ ਵਿੱਚ ਜੰਗ ਦਾ ਸਮਰਥਨ ਨਹੀਂ ਕਰ ਸਕਦੇ। ਕੈਂਟ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਰਾਨ ਨੇ 'ਸਾਡੇ ਦੇਸ਼ ਲਈ ਕੋਈ ਤੁਰੰਤ ਖਤਰਾ ਪੈਦਾ ਨਹੀਂ ਕੀਤਾ ਸੀ ਅਤੇ ਇਹ ਸਪੱਸ਼ਟ ਹੈ ਕਿ ਅਸੀਂ ਇਜ਼ਰਾਈਲ ਅਤੇ ਇਸਦੀ ਸ਼ਕਤੀਸ਼ਾਲੀ ਅਮਰੀਕੀ ਲਾਬੀ ਦੇ ਦਬਾਅ ਕਾਰਨ ਇਹ ਜੰਗ ਸ਼ੁਰੂ ਕੀਤੀ ਹੈ।' ਹਾਲਾਂਕਿ ਵ੍ਹਾਈਟ ਹਾਊਸ ਵੱਲੋਂ ਇਸ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ।

ਕੈਂਟ, ਜੋ ਕਿ ਸੱਜੇ-ਪੱਖੀ ਕੱਟੜਪੰਥੀਆਂ ਨਾਲ ਸਬੰਧ ਰੱਖਣ ਵਾਲੇ ਇੱਕ ਸਾਬਕਾ ਸਿਆਸੀ ਉਮੀਦਵਾਰ ਹਨ, ਨੂੰ ਪਿਛਲੇ ਜੁਲਾਈ ਵਿੱਚ 52-44 ਵੋਟਾਂ ਨਾਲ ਆਪਣੇ ਅਹੁਦੇ ਲਈ ਨਿਯੁਕਤ ਕੀਤਾ ਗਿਆ ਸੀ। ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ ਦੇ ਮੁਖੀ ਵਜੋਂ, ਉਹ ਉਸ ਏਜੰਸੀ ਦੇ ਇੰਚਾਰਜ ਸਨ ਜਿਸ ਨੂੰ ਅਤਿਵਾਦੀ ਖਤਰਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਪਤਾ ਲਗਾਉਣ ਦਾ ਕੰਮ ਸੌਂਪਿਆ ਗਿਆ ਸੀ।

ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਕੈਂਟ ਨੇ ਵਾਸ਼ਿੰਗਟਨ ਰਾਜ ਵਿੱਚ ਕਾਂਗਰਸ ਲਈ ਦੋ ਅਸਫਲ ਮੁਹਿੰਮਾਂ ਚਲਾਈਆਂ ਸਨ। ਉਨ੍ਹਾਂ ਨੇ ਫੌਜ ਵਿੱਚ ਵੀ ਸੇਵਾ ਕੀਤੀ, ਗ੍ਰੀਨ ਬੇਰੇਟ ਵਜੋਂ 11 ਤਾਇਨਾਤੀਆਂ ਦੇਖੀਆਂ ਅਤੇ ਇਸ ਤੋਂ ਬਾਅਦ ਸੀਆਈਏ (CIA) ਵਿੱਚ ਕੰਮ ਕੀਤਾ।

# ਨਿਊਯਾਰਕ ਦੀ ਇਮਾਰਤ 'ਚ ਲੱਗੀ ਭਿਆਨਕ ਅੱਗ, ਮੀਲਾਂ ਦੂਰ ਤੱਕ ਦਿਖਿਆ ਧੂੰਏਂ ਦਾ ਗੁਬਾਰ





ਮੈਨਹੱਟਨ : ਅਮਰੀਕਾ ਦੇ ਮੈਨਹੱਟਨ ਇਲਾਕੇ ਵਿੱਚ ਉਸ ਸਮੇਂ ਦਹਿਸ਼ਤ ਫੈਲ ਗਈ, ਜਦੋਂ ਇੱਕ ਅਸਮਾਨ ਛੂਹੰਦੀ ਇਮਾਰਤ ਵਿੱਚ ਭਿਆਨਕ ਅੱਗ ਲੱਗ ਗਈ। ਇਹ ਹਾਦਸਾ ਸ਼ਹਿਰ ਦੇ ਸਭ ਤੋਂ ਵਿਅਸਤ ਇਲਾਕਿਆਂ ਵਿੱਚੋਂ ਇੱਕ, ਗ੍ਰੈਂਡ ਸੈਂਟਰਲ ਟਰਮੀਨਲ ਦੇ ਕੋਲ ਸਵੇਰੇ ਕਰੀਬ 10 ਵਜੇ ਵਾਪਰਿਆ। ਅੱਗ ਇੰਨੀ ਭਿਆਨਕ ਸੀ ਕਿ ਇਮਾਰਤ ਦੀ ਛੱਤ ਤੋਂ ਨਿਕਲਦੀਆਂ ਨਾਰੰਗੀ ਲਪਟਾਂ ਅਤੇ ਕਾਲਾ ਧੂੰਆਂ ਕਈ ਮੀਲ ਦੂਰੋਂ ਸਾਫ਼ ਦੇਖਿਆ ਜਾ ਸਕਦਾ ਸੀ।

ਖ਼ਾਸ ਗੱਲ ਇਹ ਹੈ ਕਿ ਇਹ ਘਟਨਾ ਮਸ਼ਹੂਰ 'ਸੈਂਟ ਪੈਟ੍ਰਿਕਸ ਡੇ ਪਰੇਡ' ਸ਼ੁਰੂ ਹੋਣ ਤੋਂ ਠੀਕ ਪਹਿਲਾਂ ਵਾਪਰੀ, ਜਿਸ ਵਿੱਚ ਹਰ ਸਾਲ ਲਗਭਗ 20 ਲੱਖ ਲੋਕ ਸ਼ਾਮਲ ਹੁੰਦੇ ਹਨ। ਪਰੇਡ ਦਾ ਰਸਤਾ ਅੱਗ ਵਾਲੀ ਥਾਂ ਦੇ ਬੇਹੱਦ ਕਰੀਬ ਸੀ, ਜਿਸ ਕਾਰਨ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਹਾਲਾਂਕਿ, ਫਾਇਰ ਬ੍ਰਿਗੇਡ ਨੇ ਮੁਸਤੈਦੀ ਦਿਖਾਉਂਦੇ ਹੋਏ ਸਵੇਰੇ 11 ਵਜੇ ਤੋਂ ਪਹਿਲਾਂ ਅੱਗ 'ਤੇ ਕਾਬੂ ਪਾ ਲਿਆ, ਜਿਸ ਨਾਲ ਪਰੇਡ ਆਪਣੇ ਤੈਅ ਸਮੇਂ 'ਤੇ ਸ਼ੁਰੂ ਹੋ ਸਕੀ।

ਨਿਊਯਾਰਕ ਸਿਟੀ ਫਾਇਰ ਡਿਪਾਰਟਮੈਂਟ (FDNY) ਅਨੁਸਾਰ, ਇਸ ਹਾਦਸੇ ਵਿੱਚ ਕਿਸੇ ਦੇ ਜ਼ਖਮੀ ਹੋਣ ਜਾਂ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਸ਼ੁਰੂਆਤੀ ਰਿਪੋਰਟਾਂ ਮੁਤਾਬਕ, ਅੱਗ ਇਮਾਰਤ ਦੀ ਛੱਤ 'ਤੇ ਲੱਗੇ 8:13 (ਹੀਟਿੰਗ, ਵੈਂਟੀਲੇਸ਼ਨ ਅਤੇ ਏਅਰ ਕੰਡੀਸ਼ਨਿੰਗ) ਸਿਸਟਮ ਵਿੱਚ ਖਰਾਬੀ ਕਾਰਨ ਲੱਗੀ ਹੋ ਸਕਦੀ ਹੈ। ਘਟਨਾ ਦੇ ਸਮੇਂ ਇਮਾਰਤ ਵਿੱਚ ਨਿਰਮਾਣ ਕਾਰਜ ਵੀ ਚੱਲ ਰਿਹਾ ਸੀ। ਇਸ ਅੱਗ ਕਾਰਨ ਇਲਾਕੇ ਵਿੱਚ ਟਰੈਫਿਕ ਜਾਮ ਲੱਗ ਗਿਆ ਅਤੇ ਜਨਤਕ ਆਵਾਜਾਈ ਸੇਵਾਵਾਂ ਵਿੱਚ ਵੀ ਵਿਘਨ ਪਿਆ।

# ਅਮਰੀਕੀ ਰਾਜਦੂਤ ਈਰਾਨ ਵਿਰੁੱਧ ਲੜਾਈ 'ਚ ਸ਼ਾਮਿਲ ਹੋਣ ਲਈ ਕਰਨਗੇ ਵਿਸ਼ਵ ਵਿਆਪੀ ਅਪੀਲ

ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨੀ ਨਾਕਾਬੰਦੀ ਨੂੰ ਖਤਮ ਕਰਨ ਲਈ ਅਮਰੀਕੀ ਸਹਿਯੋਗੀਆਂ ਵੱਲੋਂ ਪੂਰੇ ਉਤਸ਼ਾਹ ਨਾਲ ਜਵਾਬ ਨਾ ਦੇਣ ਤੋਂ ਬਾਅਦ ਹੋਰਮੁਜ਼ ਜਲਡਮਰੂ 'ਚ ਸਮੁੰਦਰੀ ਆਵਾਜਾਈ ਨੂੰ ਮੁੜ ਖੋਲ੍ਹਣ 'ਚ ਮਦਦ ਕਰਨ ਲਈ ਦੇਸ਼ਾਂ ਨੂੰ ਆਪਣਾ ਸੱਦਾ ਦੁਹਰਾਇਆ। ਵਿਦੇਸ਼ ਵਿਭਾਗ ਨੇ ਸਾਰੇ ਅਮਰੀਕੀ ਰਾਜਦੂਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਉਨ੍ਹਾਂ ਦੇਸ਼ਾਂ 'ਤੇ ਇਰਾਨ ਵਿਰੁਧ ਫੌਜੀ ਕਾਰਵਾਈ ਲਈ ਸਖਤ ਦਬਾਅ ਬਣਾਉਣ ਜਿਨ੍ਹਾਂ 'ਤੇ ਇਰਾਨ ਹਮਲੇ ਕਰ ਰਿਹੈ। ਜਦੋਂ ਕਿ ਕਈ ਸਹਿਯੋਗੀਆਂ ਨੇ ਟਰੰਪ ਦੇ ਹੋਰਮੁਜ਼ ਜਲਡਮਰੂ ਦੀ ਰੱਖਿਆ ਲਈ ਇਕ ਫੌਜੀ ਗੱਠਜੋੜ ਵਿਚ ਸ਼ਾਮਲ ਹੋਣ ਦੇ ਸੱਦੇ ਨੂੰ ਜਨਤਕ ਤੌਰ 'ਤੇ ਰੱਦ ਕਰ ਦਿੱਤਾ ਹੈ। ਜਿਵੇਂ ਕਿ ਈਰਾਨ ਵਿਰੁੱਧ ਅਮਰੀਕਾ ਤੇ ਇਜ਼ਰਾਈਲ ਦੀ ਫੌਜੀ ਮੁਹਿੰਮ ਆਪਣੇ ਤੀਜੇ ਹਫ਼ਤੇ 'ਚ ਦਾਖਲ ਹੋ ਰਹੀ ਹੈ, ਟਰੰਪ ਪ੍ਰਸ਼ਾਸਨ ਦੁਨੀਆ ਨੂੰ ਈਰਾਨ ਦੇ ਜਵਾਬੀ ਹਮਲਿਆਂ ਤੋਂ ਆਪਣੇ ਨਾਗਰਿਕਾਂ ਦੀ ਰੱਖਿਆ ਲਈ ਲੜਾਈ 'ਚ ਸ਼ਾਮਲ ਹੋਣ ਦੀ ਅਪੀਲ ਕਰ ਰਿਹਾ ਹੈ। ਅਮਰੀਕੀ ਰਾਜਦੂਤਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਈਰਾਨ 'ਤੇ ਦਬਾਅ ਹੋਰ ਵਧਾਉਣ ਲਈ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਤੇ ਹਿਜ਼ਬੁੱਲਾ ਨੂੰ ਅੱਤਵਾਦੀ ਸੰਗਠਨਾਂ ਵਜੋਂ ਜਲਦੀ ਨਾਮਜ਼ਦ ਕਰਨ ਦੀ ਅਪੀਲ ਕਰਨ।

# ਕੂੜਾ ਪ੍ਰਬੰਧਨ ਨੂੰ ਲੈ ਕੇ ਸੁਪਰੀਮ ਕੋਰਟ ਦੀ ਸਖ਼ਤੀ


ਸਾਫ਼ ਤੇ ਸਪੱਸ਼ਟ ਵਾਤਾਵਰਨ ਮਨੁੱਖ ਲਈ ਬਹੁਤ ਜ਼ਰੂਰੀ ਤੇ ਜੀਵਨ ਦਾ ਅਟੁੱਟ ਹਿੱਸਾ ਹੋਣ ਸੰਬੰਧੀ ਸੁਪਰੀਮ ਕੋਰਟ ਵਲੋਂ ਕੀਤੀ ਗਈ ਟਿੱਪਣੀ ਨੇ ਇਕ ਪਾਸੇ ਲਗਾਤਾਰ ਵਧ ਰਹੇ ਪ੍ਰਦੂਸ਼ਣ ਵੱਲ ਸਮਾਜ ਦਾ ਧਿਆਨ ਦਿਵਾਇਆ ਹੈ ਤਾਂ ਉੱਥੇ ਹੀ ਇਸ ਸਮੱਸਿਆ ਨਾਲ ਨਜਿੱਠਣ ਲਈ ਤੁਰੰਤ ਕਦਮ ਉਠਾਉਣ ਦੀ ਲੋੜ ’ਤੇ ਵੀ ਜ਼ੋਰ ਦਿੱਤਾ ਹੈ। ਸੁਪਰੀਮ ਕੋਰਟ ਨੇ ਕੂੜਾ ਪ੍ਰਬੰਧਨ ਲਈ ਬਣਾਏ ਗਏ ਨਿਯਮਾਂ ਤੇ ਕਾਨੂੰਨਾਂ ਦੀ ਪੂਰੀ ਤਰ੍ਹਾਂ ਪਾਲਣਾ ਨਾ ਕਰਨ ਨੂੰ ਵੀ ਇਸ ਸਮੱਸਿਆ ਲਈ ਜ਼ਿੰਮੇਵਾਰ ਠਹਿਰਾਇਆ ਹੈ। ਅਦਾਲਤ ਨੇ ਇਸ ਸੰਬੰਧੀ ਚਿਤਾਵਨੀ ਜਾਰੀ ਕੀਤੀ ਹੈ ਕਿ ਇਸ ਸਮੱਸਿਆ ’ਤੇ ਕਾਬੂ ਪਾਉਣ ਲਈ ਵਿਧਾਨਕ ਕਦਮ ਉਠਾਉਣ ਲਈ ਹੁਣ ਤੱਕ ਹੋਈ ਦੇਰੀ ਤੇ ਉਦਾਸੀਨਤਾ ਨੂੰ ਆਉਣ ਵਾਲੀ ਪੀੜ੍ਹੀ ਹੋਰ ਵਧੇਰੇ ਬਰਦਾਸ਼ਤ ਨਹੀਂ ਕਰ ਸਕੇਗੀ। ਸਰਕਾਰਾਂ ਨੂੰ ਇਸ ਸੰਬੰਧੀ ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਲੈ ਕੇ ਸਾਹਮਣੇ ਆਉਣਾ ਹੀ ਪਵੇਗਾ, ਆਖਰ ਸਹੀ ਸਮੇਂ ’ਤੇ ਸਹੀ ਫ਼ੈਸਲਾ ਲੈਣਾ ਹੀ ਉਚਿਤ ਹੁੰਦਾ ਹੈ। ਇਸ ਸੰਬੰਧੀ ਸਰਕਾਰਾਂ ਨੂੰ ਜਾਗਰੂਕ ਤੇ ਸਰਗਰਮ ਕਰਨ ਲਈ ਸੁਪਰੀਮ ਕੋਰਟ ਨੇ ਕੁਝ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹਨ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਸੰਬੰਧਿਤ ਨਿਯਮਾਂ ਤੇ ਕਾਨੂੰਨਾਂ ਨੂੰ ਲਾਗੂ ਕਰਨ ਵਾਲੇ ਕਾਰਜਕਾਰੀ ਅਧਿਕਾਰੀਆਂ ਨੂੰ ਢੁਕਵੀਆਂ ਸ਼ਕਤੀਆਂ ਵੀ ਮਿਲਣੀਆਂ ਚਾਹੀਦੀਆਂ ਹਨ। ਇਹ ਨਵੇਂ ਅਦਾਲਤੀ ਦਿਸ਼ਾ-ਨਿਰਦੇਸ਼ ਆਉਣ ਵਾਲੀ ਪਹਿਲੀ ਅਪ੍ਰੈਲ ਤੋਂ ਲਾਗੂ ਹੋ ਜਾਣਗੇ।

ਜਸਟਿਸ ਪੰਕਜ ਮਿਥਲ ਤੇ ਜਸਟਿਸ ਐੱਸ.ਵੀ.ਐਨ. ਭੱਟੀ ਦੇ ਬੈਂਚ ਨੇ ਵਾਤਾਵਰਨ ’ਚ ਪ੍ਰਦੂਸ਼ਣ ਦੇ ਵਧਣ ਲਈ ਸਮਾਜਿਕ, ਕਾਰੋਬਾਰੀ ਤੇ ਘਰੇਲੂ ਰਹਿੰਦ-ਖੂੰਹਦ ਨੂੰ ਜ਼ਿੰਮੇਵਾਰ ਠਹਿਰਾਉਂਦਿਆ ਕਿਹਾ ਹੈ ਕਿ ਨਗਰ ਨਿਗਮਾਂ ਨੂੰ ਕੂੜੇ-ਕਰਕਟ ਦੇ ਨਿਪਟਾਰੇ ਲਈ ਇਕ ਠੋਸ ਨੀਤੀ ਬਣਾਉਣ ਲਈ ਪੂਰੀ ਦ੍ਰਿੜ੍ਹਤਾ ਤੇ ਪ੍ਰਤੀਬੱਧਤਾ ਨਾਲ ਅੱਗੇ ਆਉਣਾ ਚਾਹੀਦਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਅੱਜ ਦੇ ਤਕਨੀਕੀ ਤੇ ਆਧੁਨਿਕਤਾ ਵਾਲੇ ਯੁੱਗ ’ਚ ਅਜਿਹਾ ਕੋਈ ਵੀ ਕਾਰਜ ਨਹੀਂ ਹੈ, ਜੋ ਕੀਤਾ ਨਾ ਜਾ ਸਕੇ। ਬੈਂਚ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਦੇਸ਼ ਦੀਆਂ ਤਕਨੀਕੀ ਗਤੀਵਿਧੀਆਂ ਨੂੰ ਪੂਰੀ ਦੁਨੀਆ ਦੇਖ ਰਹੀ ਹੈ । ਅਜਿਹੇ ਵਿਚ ਤਕਨੀਕ ਦੀ ਵਰਤੋਂ ਨਾਲ ਪ੍ਰਦੂਸ਼ਣ ਨੂੰ ਰੋਕਣਾ ਤੇ ਇਸ ਦੇ ਪੱਧਰ ਨੂੰ ਘੱਟ ਕਰਨਾ ਕੋਈ ਕਠਿਨ ਕਾਰਜ ਨਹੀਂ ਹੈ। ਅਦਾਲਤ ਨੇ ਇਸ ਮਾਮਲੇ ’ਤੇ ਵੀ ਸਰਕਾਰਾਂ ਨੂੰ ਸੁਚੇਤ ਕੀਤਾ ਹੈ ਕਿ ਪੂਰੇ ਦੇਸ਼ ’ਚ ਕੂੜਾ ਪ੍ਰਬੰਧਨ ਤੇ ਕੂੜੇ ਦੀਆਂ ਸਮੱਸਿਆ ਨਾਲ ਨਜਿੱਠਣ ਲਈ ਨਿਯਮ ਤੇ ਕਾਨੂੰਨ ਇਕੋ ਜਿਹੇ ਨਹੀਂ ਹਨ। ਇਸ ਕਾਰਨ ਕਿਸੇ ਟੀਚੇ ਨੂੰ ਬਰਾਬਰ ਰੂਪ ’ਚ ਹਾਸਿਲ ਕਰਨਾ ਹੋਰ ਕਠਿਨ ਹੋ ਜਾਂਦਾ ਹੈ, ਇਸ ਕਾਰਨ ਪਹਿਲਾਂ ਤੋਂ ਨਿਰਧਾਰਤ ਨਿਯਮਾਂ ਦੀ ਪਾਲਣਾ ਵੀ ਇਕੋ ਜਿਹੀ ਨਹੀਂ ਹੋ ਪਾਉਂਦੀ।

ਅਸੀਂ ਸਮਝਦੇ ਹਾਂ ਕਿ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ ਤੇ ਟਿੱਪਣੀਆਂ ਬਿਲਕੁੱਲ ਵੀ ਬੇਲੋੜੀਆਂ ਨਹੀਂ ਹਨ। ਜੇਕਰ ਅਦਾਲਤ ਨੇ ਇਸ ਮੁੱਦੇ ਦਾ ਸਵੈ-ਨੋਟਿਸ ਲਿਆ ਹੈ ਤਾਂ ਉਸ ਦੀ ਇੱਛਾ ਨੂੰ ਵੀ ਸਮਝਣਾ ਚਾਹੀਦਾ ਹੈ। ਵਾਤਾਵਰਨ ਪ੍ਰਦੂਸ਼ਣ ਤੇ ਵਾਤਾਵਰਨ ’ਚ ਵਧਦੇ ਜਾ ਰਹੇ ਧੂਏਂ ਦੇ ਪ੍ਰਭਾਵ ਨੇ ਜ਼ਹਿਰੀਲੇ ਤੱਤਾਂ ਨੂੰ ਵਧਾਇਆ ਹੈ। ਇਸ ਕਾਰਨ ਖੇਤੀ ਉਤਪਾਦਾਂ ’ਚ ਵੀ ਜ਼ਹਿਰੀਲਾਪਨ ਵਧਿਆ ਹੈ। ਇੱਥੋਂ ਤੱਕ ਕਿ ਮਿੱਟੀ ਦੇ ਕਣਾਂ ’ਚ ਵੀ ਜ਼ਹਿਰ ਦਾ ਅਸਰ ਦੇਖਿਆ ਜਾ ਸਕਦਾ ਹੈ। ਹਵਾ ਤੇ ਪਾਣੀ ’ਚ ਜ਼ਹਿਰੀਲੇ ਤੱਤ ਵਧਣ ਨਾਲ ਸਥਿਤੀ ਹੋਰ ਗੰਭੀਰ ਹੋਈ ਹੈ। ਵਾਤਾਵਰਨ ਪ੍ਰਦੂਸ਼ਣ ਨਾਲ ਓਜ਼ੋਨ ਪਰਤ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਸ਼ਹਿਰਾਂ ਖ਼ਾਸ ਤੌਰ ’ਤੇ ਮਹਾਂਨਗਰਾਂ ਵਿਚ ਕੂੜਾ ਡੰਪ ਖੇਤਰਾਂ ਦੇ ਵਧਣ ਅਤੇ ਕਈ ਹਿੱਸਿਆਂ ’ਚ ਕੂੜੇ ਦੇ ਢੇਰਾਂ ਨੂੰ ਅੱਗ ਲਗਾਉਣ ਨਾਲ ਤਾਂ ਪ੍ਰਦੂਸ਼ਣ ਦਾ ਪੱਧਰ ਕਈ ਗੁਣਾਂ ਵਧਿਆ ਹੈ। ਵਿਕਸਤ ਭਾਰਤ ਤੇ ਸਮਾਰਟ ਭਾਰਤ ਦੇ ਟੀਚੇ ਨੂੰ ਪੂਰਾ ਕਰਨ ਲਈ ਜਿੱਥੇ ਵਾਤਾਵਰਨ ਨੂੰ ਪ੍ਰਦੂਸ਼ਣ ਰਹਿਤ ਬਣਾਉਣਾ ਬਹੁਤ ਜ਼ਰੂਰੀ ਹੈ, ਉੱਥੇ ਕੂੜੇ ਦੇ ਪ੍ਰਬੰਧ ਦੀ ਵਿਵਸਥਾ ਕਰਨਾ ਵੀ ਉਨਾ ਹੀ ਜ਼ਰੂਰੀ ਹੈ।

ਅਸੀਂ ਸਮਝਦੇ ਹਾਂ ਕਿ ਸੁਪਰੀਮ ਕੋਰਟ ਦੇ ਨਵੇਂ ਨਿਰਦੇਸ਼ਾਂ ਦਾ ਇਕ ਸਾਰਥਕ ਪਹਿਲੂ ਇਹ ਵੀ ਹੈ ਕਿ ਅਦਾਲਤ ਨੇ ਇਸ ਨੂੰ ਸਿਰਫ਼ ਇਕ ਪ੍ਰਸ਼ਾਸਨਿਕ ਪਹਿਲੂ ਹੀ ਨਹੀਂ ਮੰਨਿਆ, ਸਗੋਂ ਇਸ ਨੂੰ ਮਨੁੱਖੀ ਸਿਹਤ ਤੇ ਸਮਾਜ ਦੀ ਆਰਥਿਕਤਾ ਨਾਲ ਵੀ ਜੁੜਿਆ ਹੋਇਆ ਮੰਨਿਆ ਹੈ। ਜੇਕਰ ਵਾਤਾਵਰਨ ਸਿਹਤਮੰਦ ਤੇ ਪ੍ਰਦੂਸ਼ਣ ਰਹਿਤ ਨਹੀਂ ਹੋਵੇਗਾ ਤਾਂ ਮਨੁੱਖੀ ਸਿਹਤ ਵੀ ਠੀਕ ਨਹੀਂ ਰਹਿ ਸਕਦੀ। ਬਿਨਾਂ ਸ਼ੱਕ ਪ੍ਰਦੂਸ਼ਣ ਨਾਲ ਮੌਜੂਦਾ ਸਮਾਜ ਰੋਗੀ ਹੋਵੇਗਾ ਅਤੇ ਅਜਿਹਾ ਵਾਤਾਵਰਨ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਚੰਗਾ ਨਹੀਂ ਹੋ ਸਕਦਾ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਭਾਵੇਂ ਕੇਂਦਰ ਸਰਕਾਰ ਨੇ ਇਸ ਸੰਬੰਧੀ ਕੁਝ ਚੰਗੀਆਂ ਯੋਜਨਾਵਾਂ ਬਣਾਈਆਂ ਹਨ, ਪਰ ਉਨ੍ਹਾਂ ’ਤੇ ਸਹੀ ਢੰਗ ਨਾਲ ਅਮਲ ਨਾ ਹੋਣ ਕਰਕੇ ਦੇਸ਼ ਤੇ ਸਮਾਜ ਨੂੰ ਇਸ ਦਾ ਕੋਈ ਬਹੁਤਾ ਲਾਭ ਨਹੀਂ ਮਿਲ ਸਕਿਆ। ਸੁਪਰੀਮ ਕੋਰਟ ਦੀ ਇਹ ਟਿੱਪਣੀ ਬਹੁਤ ਜ਼ਿਆਦਾ ਮਹੱਤਵਪੂਰਨ ਹੈ ਕਿ ਹੁਣ ਇਸ ਮਾਮਲੇ ਨੂੰ ਲੈ ਕੇ ਹੋਰ ਢਿੱਲ ਨਹੀਂ ਵਰਤੀ ਜਾ ਸਕਦੀ। ਸਰਕਾਰਾਂ ਤੇ ਸਥਾਨਕ ਪ੍ਰਸ਼ਾਸਨਾਂ ਨੂੰ ਜਨਤਕ ਜਾਗਰੂਕਤਾ ਤੇ ਪ੍ਰਸ਼ਾਸਨਿਕ ਸਰਗਰਮੀ ਜਰੀਏ ਇਸ ਸਮੱਸਿਆ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਨ ਲਈ ਅੱਗੇ ਆਉਣਾ ਹੀ ਹੋਵੇਗਾ।

# ਮੁਫ਼ਤ ਸਰਕਾਰੀ ਸਹੂਲਤਾਂ ਤੇ ਸੁਪਰੀਮ ਕੋਰਟ ਦੀਆਂ ਟਿੱਪਣੀਆਂ




ਪਿਛਲੇ ਕੁਝ ਸਮੇਂ ਤੋਂ ਸਾਹਮਣੇ ਆਇਆ ਹੈ ਕਿ ਚੋਣਾਂ ਤੋਂ ਪਹਿਲਾਂ ਸਰਕਾਰਾਂ (ਸੂਬਾ ਤੇ ਕੇਂਦਰ ਸਰਕਾਰ ਦੋਵੇਂ) ਲੋਕਾਂ ਨੂੰ ਮੁਫ਼ਤ ਸਹੂਲਤਾਂ, ਨਕਦ ਰਾਸ਼ੀ ਅਤੇ ਸਬਸਿਡੀਆਂ ਦੇਣ ਦੇ ਵਾਅਦੇ ਕਰਦੀਆਂ ਹਨ ਜਾਂ ਲਾਭਪਾਤਰੀਆਂ ਦੀ ਪੜਤਾਲ ਕੀਤੇ ਬਿਨਾਂ ਹੀ ਕਈ ਵਾਰ ਇਹ ਸਹੂਲਤਾਂ ਦੇ ਵੀ ਦਿੱਤੀਆਂ ਜਾਂਦੀਆਂ ਹਨ। ਦੇਸ਼ ਦੀ ਸਰਬਉੱਚ ਅਦਾਲਤ, ਸੁਪਰੀਮ ਕੋਰਟ ਨੇ 19 ਫਰਵਰੀ ਨੂੰ ਸੂਬਾ ਸਰਕਾਰਾਂ ਵੱਲੋਂ ਅੰਨ੍ਹੇਵਾਹ ਮੁਫ਼ਤ ਸਹੂਲਤਾਂ/ਸਮੱਗਰੀ/ਨਕਦ ਰਾਸ਼ੀ/ਸਬਸਿਡੀਆਂ ਆਦਿ ਵੰਡਣ ’ਤੇ ਚਿੰਤਾ ਜ਼ਾਹਰ ਕਰਦਿਆਂ ਸੂਬਾ ਸਰਕਾਰਾਂ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ ਹੈ। ਸੁਪਰੀਮ ਕੋਰਟ ਨੇ ਸਵਾਲ ਕੀਤਾ ਹੈ ਕਿ ਕੀ ਉਹ ਚੋਣਾਂ ਤੋਂ ਪਹਿਲਾਂ ਸਰਕਾਰੀ ਖਜ਼ਾਨੇ ਬਾਰੇ ਬਿਨਾਂ ਸੋਚੇ ਵੋਟਰਾਂ ਨੂੰ ਲੁਭਾਉਣ/ਭਰਮਾਉਣ ਵਾਲੀ ਨੀਤੀ ਦੀ ਪਾਲਣਾ ਕਰ ਰਹੇ ਹਨ। ਮਾਣਯੋਗ ਅਦਾਲਤ ਨੇ ਇਹ ਵੀ ਸਲਾਹ ਦਿੱਤੀ ਹੈ ਕਿ ਮੁਫ਼ਤ ਸਹੂਲਤਾਂ ਦੇਣ ਦੀ ਥਾਂ ਸਰਕਾਰਾਂ ਆਮ ਲੋਕਾਂ ਨੂੰ ਲਾਭਕਾਰੀ ਰੁਜ਼ਗਾਰ ਮੁਹੱਈਆ ਕਰਵਾਉਣ ਵੱਲ ਧਿਆਨ ਦੇਣ। ਮੁਫ਼ਤ ਸਹੂਲਤਾਂ ਅਤੇ ਬੇਲੋੜੀਆਂ ਸਬਸਿਡੀਆਂ ਦੀ ਗੱਲ ਕਰੀਏ ਤਾਂ ਪੰਜਾਬ ਇਸ ਮਾਮਲੇ ਵਿੱਚ ਦੇਸ਼ ਦੇ ਮੋਹਰੀ ਸੂਬਿਆਂ ’ਚ ਆਉਂਦਾ ਹੈ। ਸੂਬਾ ਸਰਕਾਰਾਂ ਨੂੰ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਪੰਜਾਬ ਵਿੱਚ ਭਾਵੇਂ ਕਈ ਕਿਸਮ ਦੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਵਿੱਚ ਪਿਛਲੇ ਲੰਮੇ ਅਰਸੇ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ ਹੈ। 1996 ਵਿੱਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਰੀ ਮਹੀਨਿਆਂ ਵਿੱਚ ਛੋਟੀ ਕਿਸਾਨੀ ਨੂੰ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ ’ਤੇ ਬਿਜਲੀ ਦਿੱਤੀ ਸੀ। 1997 ਵਿੱਚ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਬਣਨ ’ਤੇ ਸਾਰੇ ਕਿਸਾਨਾਂ ਲਈ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿੱਚ ਕਾਂਗਰਸ ਸਰਕਾਰ ਆਉਣ ’ਤੇ 2003-2006 ਤੱਕ ਇਸ ਸਹੂਲਤ ਨੂੰ ਬੰਦ ਕਰ ਦਿੱਤਾ ਗਿਆ ਅਤੇ ਜਲਦੀ ਹੀ 2006 ਵਿੱਚ ਇਸ ਨੂੰ ਮੁੜ ਲਾਗੂ ਕੀਤਾ ਗਿਆ। 2007 ਵਿੱਚ ਇੱਕ ਵਾਰ ਫਿਰ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਬਣੀ ਤੇ ਇਸ ਸਹੂਲਤ ਨੂੰ ਬਰਕਰਾਰ ਰੱਖਿਆ ਗਿਆ। ਇਸ ਦੇ ਨਾਲ ਹੀ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਸਨਅਤਾਂ ਦੇ ਕੁਝ ਵਰਗਾਂ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ। 2017 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ’ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ। 2022 ਵਿੱਚ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਬਣਨ ’ਤੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਹੀ ਨਹੀਂ ਰਹੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿੱਚ 300 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ ਗਈ। ਅੱਜਕੱਲ੍ਹ ਸੂਬੇ ਵਿਚ ਲਗਭਗ ਛੇ ਕਿਸਮ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ-ਖੇਤੀ ਸੈਕਟਰ ਦੀ ਸਬਸਿਡੀ, ਘਰੇਲੂ 300 ਯੂਨਿਟਾਂ ਪ੍ਰਤੀ ਮਹੀਨਾ ਸਬਸਿਡੀ, 7 ਕਿਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਦਰਮਿਆਨੀਆਂ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ। ਇਨ੍ਹਾਂ ਸਾਰੀਆਂ ਸਬਸਿਡੀਆਂ ਉਤੇ ਸਰਕਾਰ ਅੱਜਕੱਲ੍ਹ ਤਕਰੀਬਨ 22 ਤੋਂ 24 ਹਜ਼ਾਰ ਕਰੋੜ ਰੁਪਏ ਸਾਲਾਨਾ ਖਰਚ ਕਰ ਰਹੀ ਹੈ, ਜੋ ਸਰਕਾਰ ਦੀ ਸਾਲਾਨਾ ਆਮਦਨ ਦਾ ਤਕਰੀਬਨ 18-20 ਫ਼ੀਸਦ ਬਣਦਾ ਹੈ। 1996 ਵਿੱਚ ਸ਼ੁਰੂ ਕੀਤੀ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਬਿਜਲੀ ਸਬਸਿਡੀਆਂ ’ਤੇ ਸਾਲਾਨਾ ਖਰਚ ਲਗਪਗ 900 ਕਰੋੜ ਰੁਪਏ ਤੋਂ ਵਧ ਕੇ ਹੁਣ ਲਗਪਗ 22 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਜਾਵੇਗਾ, ਜੋ ਸੂਬੇ ਦੀ ਸਾਲਾਨਾ ਆਮਦਨ ਦਾ 19-20 ਫ਼ੀਸਦ ਹੋਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ 43,600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚ ਕੀਤੇ ਹਨ ਅਤੇ ਅੰਦਾਜ਼ਿਆਂ ਮੁਤਾਬਕ 1996 ਤੋਂ 2025 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉੱਤੇ ਲਗਪਗ 1,75,000 ਕਰੋੜ ਰੁਪਏ ਤੋਂ ਵੱਧ ਖ਼ਰਚਾ ਹੋਇਆ ਹੈ।

ਇਸੇ ਤਰ੍ਹਾਂ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦੀ ਗੱਲ ਕਰੀਏ ਤਾਂ ਸਰਕਾਰ ਨੇ ਅਪਰੈਲ 2021 ਵਿੱਚ ਇਹ ਸਕੀਮ ਸ਼ੁਰੂ ਕੀਤੀ ਸੀ। ਪੰਜਾਬ ਸਰਕਾਰ ਨੇ 2024-25 ਦੇ ਬਜਟ ਵਿੱਚ ਔਰਤਾਂ ਦੀ ਮੁਫ਼ਤ ਬੱਸ ਯਾਤਰਾ ਯੋਜਨਾ ਲਈ 450 ਕਰੋੜ ਰੁਪਏ ਅਲਾਟ ਕੀਤੇ ਹਨ, ਪਰ ਜ਼ਿਆਦਾ ਵਰਤੋਂ ਕਾਰਨ ਅਸਲ ਸਾਲਾਨਾ ਖਰਚਾ ਲਗਪਗ 800 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਮਾਰਚ 2022 ਤੋਂ ਜੁਲਾਈ 2024 ਤੱਕ ਇਸ ਯੋਜਨਾ ਨੇ ਸੂਬੇ ਨੂੰ 1,548 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ 32.46 ਕਰੋੜ ਤੋਂ ਵੱਧ ਯਾਤਰਾਵਾਂ ਦੀ ਸਹੂਲਤ ਦਿੱਤੀ ਹੈ। ਇਸ ਤੋਂ ਸਪੱਸ਼ਟ ਹੈ ਕਿ ਸੂਬਾ ਇਸ ਮੁਫ਼ਤ ਸਹੂਲਤ ਉਤੇ ਹੁਣ ਤੱਕ ਕਾਫ਼ੀ ਵੱਡੀ ਰਕਮ ਖਰਚ ਚੁੱਕਿਆ ਹੈ ਅਤੇ ਜੇ ਇਹ ਸਕੀਮ ਅੱਗੇ ਲਾਗੂ ਰਹਿੰਦੀ ਹੈ ਤਾਂ ਇਹ ਖਰਚਾ ਹੋਰ ਵਧਣਾ ਲਾਜ਼ਮੀ ਹੈ।

ਸਰਕਾਰ ਵੱਲੋਂ ਹਾਲ ਹੀ ਵਿੱਚ ਐਲਾਨੀ ਗਈ ‘ਮੇਰੀ ਰਸੋਈ ਸਕੀਮ’, ਜੋ ਪਹਿਲੀ ਅਪਰੈਲ 2026 ਤੋਂ ਲਾਗੂ ਹੋਵੇਗੀ, ਤਹਿਤ ਸੂਬੇ ਦੇ 40 ਲੱਖ ਪਰਿਵਾਰਾਂ

**ਡਾ. ਕੇਸਰ ਸਿੰਘ ਭੰਗੂ**

(ਲਗਪਗ 50 ਫ਼ੀਸਦ ਤੋਂ ਵਧੇਰੇ ਆਬਾਦੀ) ਨੂੰ ਹਰ ਤਿੰਨ ਮਹੀਨਿਆਂ ਬਾਅਦ ਕਣਕ ਨਾਲ ਮੁਫ਼ਤ ਫੂਡ ਕਿੱਟਾਂ ਦਿੱਤੀਆਂ ਜਾਣਗੀਆਂ। ਇਸ ਲਈ ਬਜਟ ਵਿੱਚ 900 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਮਾਣ ਭੱਤਾ ਦੇਣ ਦਾ ਵਾਅਦਾ ਕੀਤਾ ਸੀ। ਪਿਛਲੀਆਂ ਲੋਕ ਸਭਾ ਚੋਣਾਂ ਤੱਕ ਵਾਅਦਾ ਪੂਰਾ ਨਾ ਹੋਣ ਕਾਰਨ, ਚੋਣਾਂ ਵੇਲੇ ਵੋਟਰਾਂ ਵੱਲੋਂ ਸੱਤਾਧਾਰੀ ਪਾਰਟੀ ਅੱਗੇ ਵਾਅਦੇ ਪੂਰੇ ਨਾ ਕਰਨ ਦਾ ਰੋਸ ਕਰਨ ’ਤੇ ਪਾਰਟੀ ਨੇ ਮੁੜ ਵਾਅਦਾ ਕੀਤਾ ਕਿ ਚੋਣਾਂ ਤੋਂ ਬਾਅਦ ਬਹੁਤ ਜਲਦੀ ਹੀ ਪੰਜਾਬ ਦੀਆਂ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ 1100 ਰੁਪਏ ਮਾਣ ਭੱਤਾ ਦਿੱਤਾ ਜਾਵੇਗਾ। ਹੁਣ 2026-27 ਦੇ ਬਜਟ ਵਿੱਚ ‘ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ’ ਤਹਿਤ 18 ਸਾਲ ਤੋਂ ਉਪਰ ਦੀਆਂ ਦਲਿਤ ਔਰਤਾਂ ਨੂੰ 1500 ਅਤੇ ਜਰਨਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਹਰ ਮਹੀਨੇ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ? । ਇਸ ਲਈ ਬਜਟ ਵਿੱਚ 9300 ਕਰੋੜ ਰੁਪਏ ਰੱਖੇ ਗਏ ਹਨ।

ਜੇਕਰ ਉਪਰੋਕਤ ਮੁਫ਼ਤ ਸਹੂਲਤਾਂ ’ਤੇ ਹੁੰਦੇ ਖਰਚਿਆਂ ਦਾ ਅਨੁਮਾਨ ਲਗਾਈਏ ਤਾਂ ਮੁਫ਼ਤ ਬਿਜਲੀ ਸਹੂਲਤਾਂ ਅਤੇ ਸਬਸਿਡੀਆਂ ’ਤੇ ਸਾਲਾਨਾ 22 ਤੋਂ 23 ਹਜ਼ਾਰ ਕਰੋੜ ਰੁਪਏ, ਲਗਪਗ 1000 ਕਰੋੜ ਰੁਪਏ ਔਰਤਾਂ ਲਈ ਮੁਫ਼ਤ ਬੱਸ ਯਾਤਰਾ ’ਤੇ, ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ 9300 ਕਰੋੜ ਰੁਪਏ ਅਤੇ ਮੇਰੀ ਰਸੋਈ ਸਕੀਮ ਤਹਿਤ 900 ਕਰੋੜ ਰੁਪਏ ਖਰਚ ਆਵੇਗਾ। ਇਨ੍ਹਾਂ ਮੁਫ਼ਤ ਸਹੂਲਤਾਂ ’ਤੇ ਸਾਲਾਨਾ ਬਜਟ ਦਾ 17-18 ਫ਼ੀਸਦ ਹਿੱਸਾ ਖਰਚ ਆਵੇਗਾ। ਇੰਨਾ ਵੱਡਾ ਖਰਚ ਪੰਜਾਬ ਸਰਕਾਰ ਵੱਲੋਂ ਆਪਣੇ ਵਸੀਲਿਆਂ ਤੋਂ ਕਰਨਾ ਸੰਭਵ ਨਹੀਂ, ਸੋ ਇਸ ਲਈ ਸਰਕਾਰ ਨੂੰ ਹੋਰ ਕਰਜ਼ੇ ਲੈਣ ਦੀ ਲੋੜ ਪਵੇਗੀ। ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ ’ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਾਰਚ 2024 ਦੇ ਅੰਤ ਵਿੱਚ ਸੂਬੇ ਸਿਰ 3,43,626.39 ਕਰੋੜ ਰੁਪਏ ਕਰਜ਼ਾ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਫ਼ੀਸਦ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਵਧ ਕੇ ਮਾਰਚ 2025 ਵਿੱਚ 3,74,091.31 ਕਰੋੜ ਰੁਪਏ ਹੋ ਗਿਆ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਫ਼ੀਸਦ ਹੋਵੇਗਾ। ਮਾਰਚ 2026 ਤੱਕ ਇਹ ਕਰਜ਼ਾ ਵਧ ਕੇ 4,17,136.10 ਕਰੋੜ ਰੁਪਏ (46 ਫ਼ੀਸਦ) ਹੋ ਜਾਵੇਗਾ। ਬਜਟ ਅਨੁਮਾਨ ਅਨੁਸਾਰ ਮਾਰਚ 2027 ਤੱਕ ਕਰਜ਼ਾ ਵਧ ਕੇ 4,47,754.78 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਜੇਕਰ ਕਰਜ਼ਾ ਲੈਣ ਦੇ ਰੁਝਾਨ ਨੂੰ ਦੇਖਿਆ ਜਾਏ ਤਾਂ ਲੱਗਦਾ ਹੈ ਚੋਣਾਂ ਦਾ ਸਾਲ ਹੋਣ ਕਾਰਨ ਬਜਟ ਅਨੁਮਾਨਾਂ ਤੋਂ ਵੱਧ ਲਿਆ ਜਾਵੇਗਾ ਕੁੱਲ ਕਰਜ਼ਾ 4,70,000 ਤੋਂ 4,80,000 ਕਰੋੜ ਰੁਪਏ ਹੋ ਜਾਵੇਗਾ। ਅੰਦਾਜ਼ਿਆਂ ਮੁਤਾਬਕ 2027-28 ਕੁੱਲ ਘਰੇਲੂ ਪੈਦਾਵਾਰ ਅਤੇ ਕਰਜ਼ੇ ਦੀ ਅਨੁਪਾਤ 50 ਫ਼ੀਸਦ ਤੱਕ ਅਤੇ 2031 ਤੱਕ 60 ਫ਼ੀਸਦ ਤੱਕ ਚਲਾ ਜਾਵੇਗਾ।

ਜੇਕਰ ਅਗਲੇ ਕੁਝ ਸਾਲਾਂ ਵਿੱਚ ਇਹੀ ਸਥਿਤੀ ਬਣੀ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜਾਲ (debt trap) ਵਿੱਚ ਬਹੁਤ ਡੂੰਘਾ ਫਸ ਜਾਵੇਗਾ। ਇਸ ਸਮੇਂ ਸੂਬੇ ਦੀ ਕਰਜ਼ੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਅਨੁਪਾਤ ਦੇਸ਼ ਦੇ ਪੰਦਰਾਂ ਮੁੱਖ ਸੂਬਿਆਂ ਵਿੱਚ ਸਭ ਤੋਂ ਵੱਧ ਹੈ, ਜੋ ਕਿ ਇਕ ਗੰਭੀਰ ਮਸਲਾ ਹੈ। ਉਪਰੋਕਤ ਸਥਿਤੀ ਤੋਂ ਬਚਣ ਲਈ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੀ ਸਰਬਉੱਚ ਅਦਾਲਤ ਵੱਲੋਂ ਪ੍ਰਗਟਾਈਆਂ ਚਿੰਤਾਵਾਂ ਦੇ ਮੱਦੇਨਜ਼ਰ ਕੁਝ ਸਬਕ ਸਿੱਖਣ ਅਤੇ ਲੋਕਾਂ ਦੀ ਬੇਹਤਰੀ ਲਈ ਢੁੱਕਵੇਂ ਫ਼ੈਸਲੇ ਕਰਨ। ਮੁਫ਼ਤ ਸਹੂਲਤਾਂ ਤੇ ਬੇਲੋੜੀਆਂ ਸਬਸਿਡੀਆਂ ਤੋਂ ਬਚਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਥਾਂ ’ਤੇ ਸੂਬੇ ਵਿੱਚ ਨਿਵੇਸ਼ ਵਧਾ ਕੇ ਆਮ ਲੋਕਾਂ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਆਪਣੇ ਦੇਸ਼ ਦੀ ਬਜਾਏ 'ਤੀਜੇ ਸੁਰੱਖਿਅਤ ਦੇਸ਼' ਕੀਤਾ ਜਾ ਸਕਦੈ ਡਿਪੋਰਟ

ਵਾਸ਼ਿੰਗਟਨ ਡੀ.ਸੀ. : ਅਮਰੀਕਾ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੌਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਦੇ ਹੱਕ ਵਿਚ ਇੱਕ ਅਹਿਮ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਰਕਾਰ ਨੂੰ ਇਹ ਇਜਾਜ਼ਤ ਦੇ ਦਿੱਤੀ ਹੈ ਕਿ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਦੀ ਬਜਾਏ ਕਿਸੇ 'ਤੀਜੇ ਸੁਰੱਖਿਅਤ ਦੇਸ਼' (Third Countries) ਵਿਚ ਤੁਰੰਤ ਡਿਪੋਰਟ (ਦੇਸ਼ ਨਿਕਾਲਾ) ਕਰ ਸਕਦੀ ਹੈ।

ਅਪੀਲ ਅਦਾਲਤ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ, ਜਿਸ ਨੇ ਇਸ ਨੀਤੀ ਨੂੰ ਗੈਰ-ਕਾਨੂੰਨੀ ਦੱਸਿਆ ਸੀ। ਹੁਣ ਟਰੰਪ ਪ੍ਰਸ਼ਾਸਨ ਕੋਲ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਬਾਹਰ ਕੱਢਣ ਦਾ ਰਸਤਾ ਸਾਫ਼ ਹੋ ਗਿਆ ਹੈ।

Third Countries ਨੀਤੀ : ਇਸ ਨੀਤੀ ਤਹਿਤ ਜੇਕਰ ਕੋਈ ਪ੍ਰਵਾਸੀ ਅਮਰੀਕਾ ਦੀ ਸਰਹੱਦ ਪਾਰ ਕਰਦਾ ਹੈ, ਤਾਂ ਅਮਰੀਕਾ ਉਸ ਨੂੰ ਉਸ ਦੇ ਜੱਦੀ ਦੇਸ਼ ਭੇਜਣ ਦੀ ਬਜਾਏ ਕਿਸੇ ਅਜਿਹੇ ਹੋਰ ਦੇਸ਼ ਵਿਚ ਭੇਜ ਸਕਦਾ ਹੈ, ਜੋ ਉਨ੍ਹਾਂ ਨੂੰ ਸਵੀਕਾਰ ਕਰਨ ਲਈ ਤਿਆਰ ਹੋਵੇ। ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਸਰਹੱਦੀ ਨਿਯੰਤਰਣ ਲਈ ਇੱਕ "ਵੱਡੀ ਜਿੱਤ"ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਮਾਸ ਡਿਪੋਰਟੇਸ਼ਨ (ਵੱਡੇ ਪੱਧਰ 'ਤੇ ਦੇਸ਼ ਨਿਕਾਲਾ) ਮੁਹਿੰਮ ਨੂੰ ਤੇਜ਼ੀ ਮਿਲੇਗੀ। ਟਰੰਪ ਪ੍ਰਸ਼ਾਸਨ ਨੇ ਆਪਣੇ ਹਮਲਾਵਰ ਇਮੀਗ੍ਰੇਸ਼ਨ ਕਰੈਕਡਾਊਨ ਦੇ ਹਿੱਸੇ ਵਜੋਂ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ ਤੋਂ ਇਲਾਵਾ ਹੋਰ ਥਾਵਾਂ 'ਤੇ ਭੇਜਣ ਵਿਚ ਤੇਜ਼ੀ ਲਿਆਂਦੀ ਹੈ, ਜਿਸਨੂੰ ਤੀਜੇ ਦੇਸ਼ ਨੂੰ ਹਟਾਉਣ ਵਜੋਂ ਜਾਣਿਆ ਜਾਂਦਾ ਹੈ। ਇਸਨੇ ਡਿਪੋਰਟੀਆਂ ਨੂੰ ਲੈਣ ਲਈ ਕੈਮਰੂਨ, ਦੱਖਣੀ ਸੁਡਾਨ ਅਤੇ ਐਸਵਾਤਿਨੀ ਸਮੇਤ ਹੋਰ ਦੇਸ਼ਾਂ ਨਾਲ ਸਮਝੌਤੇ ਕੀਤੇ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.) ਨੇ ਇਸ ਅਭਿਆਸ ਦਾ ਬਚਾਅ ਇਹ ਕਹਿ ਕੇ ਕੀਤਾ ਹੈ ਕਿ ਇਸਦਾ ਉਦੇਸ਼ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਕੁਝ ਸਭ ਤੋਂ "ਬਰਬਰ" ਵਿਅਕਤੀਆਂ ਨੂੰ ਹਟਾਉਣਾ ਹੈ। ਅਦਾਲਤ ਵਿਚ, ਟਰੰਪ ਪ੍ਰਸ਼ਾਸਨ ਨੇ ਮੁੱਖ ਤੌਰ 'ਤੇ ਦਲੀਲ ਦਿੱਤੀ ਹੈ ਕਿ ਸੰਘੀ ਜੱਜਾਂ ਕੋਲ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ।




ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਉਨ੍ਹਾਂ ਹਜ਼ਾਰਾਂ ਪ੍ਰਵਾਸੀਆਂ ਲਈ ਵੱਡਾ ਝਟਕਾ ਹੈ, ਜੋ ਅਮਰੀਕਾ ਵਿਚ ਸ਼ਰਨ ਲੈਣ ਦੀ ਉਮੀਦ ਰੱਖਦੇ ਸਨ। ਹਾਲਾਂਕਿ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ, ਪਰ ਅਦਾਲਤੀ ਹੁਕਮਾਂ ਤੋਂ ਬਾਅਦ ਹੁਣ ਇਮੀਗ੍ਰੇਸ਼ਨ ਵਿਭਾਗ (ICE) ਕੋਲ ਵਧੇਰੇ ਸ਼ਕਤੀਆਂ ਆ ਗਈਆਂ ਹਨ। ਸੂਤਰਾਂ ਮੁਤਾਬਕ ਇਹ ਮਾਮਲਾ ਆਉਣ ਵਾਲੇ ਦਿਨਾਂ ਵਿਚ ਸੁਪਰੀਮ ਕੋਰਟ ਤੱਕ ਵੀ ਪਹੁੰਚ ਸਕਦਾ ਹੈ, ਪਰ ਫਿਲਹਾਲ ਲਈ ਟਰੰਪ ਪ੍ਰਸ਼ਾਸਨ ਇਸ ਫੈਸਲੇ ਨੂੰ ਲਾਗੂ ਕਰਕੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਤਿਆਰੀ ਵਿਚ ਹੈ।

# 'ਅਮਰੀਕਾ ਨੂੰ ਹੁਣ ਕਿਸੇ ਦੇ ਸਾਥ ਦੀ ਲੋੜ ਨਹੀਂ', ਟਰੰਪ ਨੇ ਨਾਟੋ ਦੇਸ਼ਾਂ ਦੀ ਮਦਦ ਲੈਣ ਤੋਂ ਕੀਤਾ ਸਾਫ਼ ਇਨਕਾਰ

ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਇੱਕ ਬਹੁਤ ਹੀ ਸਖ਼ਤ ਬਿਆਨ ਜਾਰੀ ਕਰਦਿਆਂ ਆਪਣੇ ਸਹਿਯੋਗੀ ਦੇਸ਼ਾਂ ਅਤੇ ਨਾਟੋ (NATO) ਨੂੰ ਵੱਡਾ ਝਟਕਾ ਦਿੱਤਾ ਹੈ। ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਅਮਰੀਕਾ ਹੁਣ ਈਰਾਨ ਦੇ ਖਿਲਾਫ ਆਪਣੀ ਫੌਜੀ ਕਾਰਵਾਈ ਲਈ ਕਿਸੇ ਵੀ ਦੇਸ਼ ਦੀ ਮਦਦ ਦਾ ਮੁਥਾਜ ਨਹੀਂ ਹੈ।

**ਨਾਟੋ ਨੂੰ ਦੱਸਿਆ 'ਇੱਕ ਪਾਸੜ ਰਸਤਾ'**

ਰਾਸ਼ਟਰਪਤੀ ਟਰੰਪ ਅਨੁਸਾਰ, ਜ਼ਿਆਦਾਤਰ ਨਾਟੋ ਦੇਸ਼ਾਂ ਨੇ ਈਰਾਨ ਦੇ 'ਅੱਤਵਾਦੀ ਸ਼ਾਸਨ' ਵਿਰੁੱਧ ਅਮਰੀਕੀ ਮੁਹਿੰਮ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਟਰੰਪ ਨੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਅਮਰੀਕਾ ਇਨ੍ਹਾਂ ਦੇਸ਼ਾਂ ਦੀ ਸੁਰੱਖਿਆ ਲਈ ਹਰ ਸਾਲ ਅਰਬਾਂ ਡਾਲਰ ਖਰਚ ਕਰਦਾ ਹੈ, ਪਰ ਜਦੋਂ ਅਮਰੀਕਾ ਨੂੰ ਲੋੜ ਪੈਂਦੀ ਹੈ ਤਾਂ ਇਹ ਦੇਸ਼ ਪਿੱਛੇ ਹਟ ਜਾਂਦੇ ਹਨ। ਉਨ੍ਹਾਂ ਨੇ ਨਾਟੋ ਨੂੰ ਇੱਕ ਅਜਿਹਾ 'ਇੱਕ ਪਾਸੜ ਰਸਤਾ' ਦੱਸਿਆ ਜਿੱਥੇ ਅਮਰੀਕਾ ਸਭ ਦੀ ਰੱਖਿਆ ਕਰਦਾ ਹੈ ਪਰ ਬਦਲੇ ਵਿੱਚ ਉਸਨੂੰ ਕੁਝ ਨਹੀਂ ਮਿਲਦਾ।

**'ਈਰਾਨ ਦੀ ਫੌਜ ਨੂੰ ਕੀਤਾ ਤਬਾਹ'**

ਆਪਣੇ ਬਿਆਨ ਵਿੱਚ ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਈਰਾਨ ਦੀ ਫੌਜੀ ਤਾਕਤ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ ਹੈ। ਉਨ੍ਹਾਂ ਮੁਤਾਬਕ ਈਰਾਨ ਦੀ ਜਲ ਸੈਨਾ, ਹਵਾਈ ਸੈਨਾ, ਐਂਟੀ-ਏਅਰਕ੍ਰਾਫਟ ਅਤੇ ਰਾਡਾਰ ਸਿਸਟਮ ਪੂਰੀ ਤਰ੍ਹਾਂ ਖਤਮ ਹੋ ਚੁੱਕੇ ਹਨ ਅਤੇ ਲਗਭਗ ਹਰ ਪੱਧਰ 'ਤੇ ਉਨ੍ਹਾਂ ਦੇ ਆਗੂਆਂ ਦਾ ਸਫਾਇਆ ਕਰ ਦਿੱਤਾ ਗਿਆ ਹੈ, ਤਾਂ ਜੋ ਉਹ ਭਵਿੱਖ ਵਿੱਚ ਅਮਰੀਕਾ ਜਾਂ ਦੁਨੀਆ ਲਈ ਖਤਰਾ ਨਾ ਬਣ ਸਕਣ।

**ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੈ ਅਮਰੀਕਾ**

ਟਰੰਪ ਨੇ ਦੁਨੀਆ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਫੌਜੀ ਸਫਲਤਾ ਤੋਂ ਬਾਅਦ ਹੁਣ ਅਮਰੀਕਾ ਨੂੰ ਨਾਟੋ, ਜਾਪਾਨ, ਆਸਟ ?ਰੇਲੀਆ ਜਾਂ ਦੱਖਣੀ ਕੋਰੀਆ ਦੀ ਸਹਾਇਤਾ ਦੀ ਕੋਈ ਇੱਛਾ ਜਾਂ ਲੋੜ ਨਹੀਂ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਅਮਰੀਕਾ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੈ ਅਤੇ ਉਸਨੂੰ ਕਿਸੇ ਦੀ ਵੀ ਮਦਦ ਦੀ ਜ਼ਰੂਰਤ ਨਹੀਂ ਹੈ।

# ਡੀਜ਼ਲ ਹੋ ਗਿਆ ਮਹਿੰਗਾ ! ਲਾਗੂ ਹੋ ਗਏ US 'ਚ ਨਵੇਂ ਭਾਅ

ਈਰਾਨ 'ਚ ਚੱਲ ਰਹੀ ਜੰਗ ਦੇ ਵਿਸ਼ਵਵਿਆਪੀ ਪ੍ਰਭਾਵ ਹੁਣ ਸਪੱਸ਼ਟ ਤੌਰ 'ਤੇ ਦਿਖਾਈ ਦੇਣ ਲੱਗੇ ਹਨ। ਅਮਰੀਕਾ 'ਚ ਡੀਜ਼ਲ ਦੀਆਂ ਕੀਮਤਾਂ ਇਤਿਹਾਸ 'ਚ ਪਹਿਲੀ ਵਾਰ 5 ਡਾਲਰ ਪ੍ਰਤੀ ਗੈਲਨ ਦੇ ਅੰਕੜੇ ਨੂੰ ਪਾਰ ਕਰ ਗਈਆਂ ਹਨ। ਮੰਗਲਵਾਰ ਨੂੰ ਰਾਸ਼ਟਰੀ ਪੱਧਰ 'ਤੇ ਡੀਜ਼ਲ ਦੀ ਔਸਤ ਕੀਮਤ 5.044 ਡਾਲਰ ਦਰਜ ਕੀਤੀ ਗਈ, ਜਦੋਂ ਕਿ ਸਿਰਫ ਇੱਕ ਮਹੀਨਾ ਪਹਿਲਾਂ ਇਹ 3.651 ਡਾਲਰ ਸੀ। 'ਅਮੈਰੀਕਨ ਆਟੋਮੋਬਾਈਲ ਐਸੋਸੀਏਸ਼ਨ' (AAA) ਦੇ ਅੰਕੜਿਆਂ ਮੁਤਾਬਕ ਕੀਮਤਾਂ ਵਿੱਚ ਇਹ ਤੇਜ਼ੀ ਨਾਲ ਹੋਇਆ ਵਾਧਾ ਅਮਰੀਕੀ ਬਾਲਣ ਬਾਜ਼ਾਰ 'ਤੇ ਪੈ ਰਹੇ ਭਾਰੀ ਦਬਾਅ ਨੂੰ ਦਰਸਾਉਂਦਾ ਹੈ।

**ਰਿਫਾਇਨਰੀਆਂ ਬੰਦ ਹੋਣ ਕਾਰਨ ਸਪਲਾਈ ਪ੍ਰਭਾਵਿਤ** : ਗੋਲਡਮੈਨ ਸਾਕਸ ਦੇ ਮਾਹਰਾਂ ਅਨੁਸਾਰ, ਮੱਧ ਪੂਰਬ ਵਿੱਚ ਜੰਗੀ ਨੁਕਸਾਨ




ਅਤੇ ਸਾਵਧਾਨੀ ਵਜੋਂ ਰਿਫਾਇਨਰੀਆਂ ਦੇ ਬੰਦ ਹੋਣ ਕਾਰਨ ਰੋਜ਼ਾਨਾ ਲਗਭਗ 22 ਲੱਖ ਬੈਰਲ ਤੇਲ ਸੋਧਣ ਦੀ ਸਮਰੱਥਾ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ 'ਹੋਰਮੁਜ਼ ਦੀ ਜਲਡਮਰੂਮੱਧ' ਦੇ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਹੋਣ ਕਾਰਨ ਰੋਜ਼ਾਨਾ 33 ਲੱਖ ਬੈਰਲ ਰਿਫਾਇੰਡ ਉਤਪਾਦਾਂ ਤੇ 1.28 ਕਰੋੜ ਬੈਰਲ ਕੱਚੇ ਤੇਲ ਦੀ ਆਵਾਜਾਈ ਰੁਕ ਗਈ ਹੈ, ਜੋ ਕਿ ਏਸ਼ੀਆਈ ਰਿਫਾਇਨਰੀਆਂ ਲਈ ਬਹੁਤ ਮਹੱਤਵਪੂਰਨ ਹੈ।

**ਆਮ ਜਨਤਾ 'ਤੇ ਪਵੇਗਾ ਬੋਝ** : ਡੀਜ਼ਲ ਦੀਆਂ ਵਧਦੀਆਂ ਕੀਮਤਾਂ ਦਾ ਸਿੱਧਾ ਅਸਰ ਟਰੱਕਾਂ, ਰੇਲ ਗੱਡੀਆਂ ਤੇ ਜਹਾਜ਼ਾਂ ਰਾਹੀਂ ਹੋਣ ਵਾਲੀ ਮਾਲ ਢੋਆ-ਢੁਆਈ 'ਤੇ ਪਵੇਗਾ। ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਖੇਤੀਬਾੜੀ ਸੈਕਟਰ ਪ੍ਰਭਾਵਿਤ ਹੋਵੇਗਾ ਅਤੇ ਅੰਤ ਵਿੱਚ ਖਪਤਕਾਰ ਮਹਿੰਗਾਈ 'ਚ ਵਾਧਾ ਹੋਵੇਗਾ। ਬਾਜ਼ਾਰ ਦੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਤੇਲ ਦੀਆਂ ਕੀਮਤਾਂ ਵਿੱਚ ਹੋਰ ਅਸਥਿਰਤਾ ਦੇਖਣ ਨੂੰ ਮਿਲ ਸਕਦੀ ਹੈ, ਜਿਸ ਦਾ ਅਸਰ ਆਰਥਿਕਤਾ ਦੇ ਵੱਖ-ਵੱਖ ਖੇਤਰਾਂ 'ਤੇ ਪਵੇਗਾ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸ ਵਿਚ ਸਿੱਖ ਰਹਿਤ ਮਰਯਾਦਾ ਦਾ ਖਰੜਾ ਬਾਹਰੋਂ ਆਈਆਂ ਰਾਵਾਂ ਦੇ ਆਧਾਰ 'ਤੇ ਤਰਮੀਮ ਕਰਕੇ ਪੇਸ਼ ਕੀਤਾ ਗਿਆ। ਇਸ ਇਕੱਤਰ੍ਹਾ ਵਿਚ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਅਗਲੀ ਇਕੱਤ੍ਰਤਾ ਵਿਚ ਖਰੜੇ 'ਤੇ ਵਿਚਾਰ ਕਰਕੇ ਪਾਸ ਕੀਏ ਅਤੇ ਇਹ ਤਰਮੀਮ ਕੀਤਾ ਖਰੜਾ ਅਖ਼ਬਾਰਾਂ ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਮੰਗੀਆਂ ਜਾਣ। (ਗੁਰਦੁਆਰਾ ਗਜ਼ਟ, ਨਵੰਬਰ, 1931)

3 ਜਨਵਰੀ, 1932 : ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ।

31 ਜਨਵਰੀ, 1932 : ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ ਕਮੇਟੀ ਦੀ ਇਕ ਹੋਰ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ।

ਸ਼੍ਰੋਮਣੀ ਕਮੇਟੀ ਦੇ ਜਨਰਲ ਮੈਂਬਰ ਜੋ ਪਿਛਲੀਆਂ ਤਿੰਨ ਜਨਰਲ ਮੀਟਿੰਗਾਂ ਵਿਚ ਲਗਾਤਾਰ ਗੈਰ ਹਾਜ਼ਰ ਰਹੇ ਹਨ ਉਨ੍ਹਾਂ ਦੀ ਫਰਿਸ਼ਤ ਨੋਟਿਸ ਵਿਚ ਲਿਆਂਦੀ ਗਈ ਅਤੇ ਪਾਸ ਹੋਇਆ ਕਿ ਇਨ੍ਹਾਂ ਮੈਂਬਰਾਂ ਸਬੰਧੀ ਦਫ਼ਾ ੫੨ ਹੇਠ ਕਾਰਵਾਈ ਨਾ ਕੀਤੀ ਜਾਵੇ।

ਰਹਿਤ ਮਰਿਆਦਾ ਦਾ ਖਰੜਾ

ਸਿੱਖ ਮਰਯਾਦਾ ਸਬੰਧੀ ਪੈਦਾ ਹੋਏ ਤੇ ਹੋ ਰਹੇ ਮਤਭੇਦਾਂ ਨੂੰ ਦੇਖਕੇ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਵਲੋਂ ਪਿਛੇ ਜਿਹੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੀ ਇਕ 'ਰਹੁ-ਰੀਤਿ ਸਬ ਕਮੇਟੀ' ਬਿਠਾ ਕੇ ਉਸ ਦੇ ਜ਼ਿਮੇ ਇਹ ਸੇਵਾ ਲਾਈ ਗਈ ਸੀ ਕਿ ਇਹ ਕਮੇਟੀ ਗੁਰਧਾਮਾਂ ਵਿਚ ਰਮਣਯਾਦਾਂ ਨੂੰ ਠੀਕ ਤਰ੍ਹਾਂ ਨੀਯਤ ਕਰਨ ਲਈ ਰਹਿਤਨਾਮਿਆਂ ਅਤੇ ਹੋਰ ਗੁਰਮਤ ਗ੍ਰੰਥਾਂ ਤੇ ਪੰਥ ਦੇ ਹੋਰ ਵਿਦਵਾਨ ਮੁਖੀਆਂ ਦੀ ਸਹਾਇਤਾ ਨਾਲ ਗੁਰਮਤ ਰਹੁ ਰੀਤੀ ਦਾ ਖਰੜਾ ਤਿਆਰ ਕਰਕੇ ਸ਼੍ਰੋ. ਗੁ. ਪ੍ਰ. ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ। ਕਈ ਕਾਰਨਾਂ ਕਰਕੇ ਇਹ ਕਮੇਟੀ ਹੁਣ ਤੱਕ ਆਪਣਾ ਕਾਰਜ ਸ਼ੁਰੂ ਨਹੀਂ ਸੀ ਕਰ ਸਕੀ ਤੇ ਅਖੀਰ ਖਰੜਾ ਬਣਾ ਕੇ ਇਸ ਸਬ ਕਮੇਟੀ ਵਿਚ ਪੇਸ਼ ਕਰਨ ਦੀ ਸੇਵਾ ਪ੍ਰੋਫੈਸਰ ਤੇਜਾ ਸਿੰਘ ਜੀ.ਐਮ.ਏ. ਖਾਲਸਾ ਕਾਲਜ ਜੀ ਦੇ ਜ਼ਿਮੇ ਲੱਗੀ, ਸੋ ਇਨ੍ਹਾਂ ਵਲੋਂ ਰਹੁ ਰੀਤੀ ਦਾ ਖਰੜਾ ਪੁੱਜ ਗਿਆ ਹੈ ਜੋ ਹੇਠ ਦਰਜ ਕੀਤਾ ਜਾਂਦਾ ਹੈ। ਪੰਥਕ ਅਖ਼ਬਾਰਾਂ ਦੇ ਐਡੀਟਰ ਸਾਹਿਬਾਨ ਤੇ ਹੋਰ ਵਿਦਵਾਨਾਂ ਸੱਜਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਇਸ ਨੂੰ ਪੜ੍ਹਕੇ ਵਿਚਾਰਨ ਤੇ ਇਸ ਸਬੰਧੀ ਆਪਣੀ-ਆਪਣੀ ਰਾਏ ਤੋਂ ਸ਼੍ਰੋ. ਕਮੇਟੀ ਨੂੰ ਜਾਣੂ ਕਰਨ ਦੀ ਕ੍ਰਿਪਾਲਤਾ ਕਰਨ ਤਾਂ ਕਿ ਇਸ 'ਤੇ ਪੂਰੇ ਤੌਰ 'ਤੇ ਵਿਚਾਰ ਹੋ ਸਕੇ।

ਨੋਟ : ਸੰਗਤਾਂ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਉਹ ਇਸ ਖਰੜੇ ਨੂੰ ਕੇਵਲ ਤਜਵੀਜ਼ਾਂ ਹੀ ਸਮਝ ਕੇ ਬੜੇ ਗਹੁ ਅਤੇ ਠੰਡੇ ਦਿਲ ਨਾਲ ਵਿਚਾਰਨ ਤੇ ਇਸ ਸਬੰਧੀ ਅੰਤਮ ਫੈਸਲੇ ਦੀ ਉਡੀਕ ਰੱਖਣ ਇਸੇ ਨੂੰ ਹੀ ਫੈਸਲਾ ਨਾ ਸਮਝ ਲੈਣ।


ਰਹਿਤ ਮਰਿਆਦਾ ਦਾ ਖਰੜਾ

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖਸ਼ੀ ਤੇ ਤੇਪੰਥਕ

ਸਖਸ਼ੀ ਰਹਿਣੀ

੧. ਨਾਮ ਬਾਣੀ ਦਾ ਅਭਿਆਸ

੧. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗਕੇ ਇਸ਼ਨਾਨ ਕਰੇ।




੨. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ :

ਜਪੁ, ਜਾਪ, ਜਸ ਸਵਯੈ (ਸਰਾਵਗ ਸੁਧ) ਇਹ ਅੰਮ੍ਰਿਤ ਵੇਲੇ ਪੜ੍ਹਨੀਆਂ।

ਰਹਿਰਾਸ-ਸ਼ਾਮ ਵੇਲੇ ਸੂਰਜ ਡੁਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਦਿੱਤੇ ਸ਼ਬਦਾਂ (ਸੰਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ) ਬੇਨਤੀ ਚੌਪਈ ਪਾਤਸ਼ਾਹੀ ੧੦ ("ਹਮਰੀ ਕਰੋ ਹਾਥ ਦੇ ਰੱਛਾ ਤੋਂ ਲੈ ਕੇ ਦੁਸ਼ਟ ਦੋਖ ਤੇ ਲਹੁ ਬਚਾਈ" ਤੱਕ), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਾਉੜੀ।

ਇਸ ਮੌਕੇ 'ਤੇ ਜਾਂ ਦੀਵਾਨ ਦੀ ਸਮਾਪਤੀ ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਹਦਾ ਭਵ ਕੇਵਲ ਗੁਰੂ ਦੇ ਮਿਲਾਪ ਲਈ ਖੁਸ਼ੀ ਦੇ ਧੰਨਵਾਦ ਕਰਨਾ ਹੁੰਦਾ ਹੈ। ਇਹ ਭਾਵ ਕੇਵਲ ਇਨ੍ਹਾਂ ਹੀ ਛੇ ਪਉੜੀਆਂ ਵਿਚ ਹੈ ਬਾਕੀ ਵਿਚ ਹੋਰ ਵਿਚਾਰ ਹਨ।

ਸੋਹਿਲਾ-ਇਹ ਬਾਣੀ ਰਾਤ ਨੂੰ ਸਉਣ ਵੇਲੇ ਪੜ੍ਹੀ। ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਉਚਿਤ ਹੈ।

੩. (ੳ) ਅਰਦਾਸ ਇਹ ਹੈ :

੧ੴ ਵਾਹਿਗੁਰੂ ਜੀ ਕੀ ਫਤਹ॥


ਵਾਰ ਸ੍ਰੀ ਭਗੌਤੀ ਜੀ ਕੀ॥ ਪਾਤਸ਼ਾਹੀ ੧੦

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗ ਗੁਰੂ ਤੇ ਅਮਰ ਦਾਸ ਰਾਮਦਾਸੇ ਹੋਈ ਸਹਾਇ। ਅਰਜਨ ਹਰਗੋਬਿੰਦ ਨੋ ਸਿਮਰੋ ਸ੍ਰੀ ਹਰਿਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ। ਤੇਗ ਬਹਾਦਰ ਸਿਮਰੀਐ ਘਰ ਨੌਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਦਸਤਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ ੩। ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ ਜਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ,ਤ ੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਤਿਨਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਕਾ ਧਿਆਨ ਧਰਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ ੩॥

**(ਚਲਦਾ)**

# ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ ਉੱਪਰ ਗੋਸ਼ਟੀ 29 ਮਾਰਚ ਨੂੰ

ਹੇਵਰਡ, (ਲਾਜ ਨੀਲਮ ਸੈਣੀ): ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ 29 ਮਾਰਚ, 2026 ਦਿਨ ਐਤਵਾਰ ਨੂੰ 11:30-3:30 ਬਾਅਦ ਵਿਪਸਾਅ ਦੇ ਕਲਾ




ਸਕੱਤਰ ਅਤੇ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਦੇ ਗ੍ਰਹਿ 340 Monte Carol Ave, Union City ਵਿਖੇ ਸਾਹਿਤਕ ਮਿਲਣੀ ਕਰਵਾਈ ਜਾ ਰਹੀ ਹੈ। ਇਸ ਮੌਕੇ ਪਹਿਲੇ ਸੈਸ਼ਨ ਵਿੱਚ ਦੋ ਭਾਸ਼ਾਵਾਂ ਦੀ ਲੇਖਿਕਾ ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' 'ਤੇ ਵਿਚਾਰ ਚਰਚਾ ਹੋਵੇਗੀ। ਪਰਵਾਸੀ ਧਰਾਤਲ 'ਤੇ ਸਿਰਜੀਆਂ ਇਨ੍ਹਾਂ ਕਹਾਣੀਆਂ ਦੀ ਸ਼ੈਲੀ ਵਿੱਲਖਣ ਅਤੇ ਦ੍ਰਿਸ਼ਟੀਕੋਣ ਵਿਗਿਆਨਿਕ ਹੈ। ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਦੀਆਂ ਅਤੇ ਸੱਚੇ-ਸੁੱਚੇ ਪਿਆਰ ਦੀ ਇਬਾਰਤ ਲਿਖਦੀਆਂ ਇਨ੍ਹਾਂ ਕਹਾਣੀਆਂ ਬਾਰੇ ਪ੍ਰੋ. ਬਲਜਿੰਦਰ ਸਿੰਘ ਸਵੈਚ ਪਰਚਾ ਪੜ੍ਹਨਗੇ ਅਤੇ ਕਹਾਣੀਕਾਰਾ ਨਾਲ਼ ਸੰਵਾਦ ਰਚਾਇਆ ਜਾਵੇਗਾ।

ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਵੇਗਾ। ਦੁਪਹਿਰ ਦੇ ਖਾਣੇ ਤੋਂ ਬਾਅਦ ਸੰਗੀਤ ਦੀ ਮਹਿਫ਼ਲ ਸਜਾਈ ਜਾਵੇਗੀ। ਸਭ ਲੇਖਕਾਂ ਨੂੰ ਕਿਤਾਬ ਪੜ੍ਹ ਕੇ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ।

# 'ਈਰਾਨ ਨਾ ਤਾਂ ਝੁਕੇਗਾ ਅਤੇ ਨਾ ਹੀ ਸਮਰਪਣ ਕਰੇਗਾ', ਈਰਾਨੀ ਸਪੀਕਰ ਦੀ ਅਮਰੀਕਾ ਨੂੰ ਸਿੱਧੀ ਚੇਤਾਵਨੀ

ਤਹਿਰਾਨ : ਈਰਾਨ ਅਤੇ ਅਮਰੀਕਾ ਵਿਚਾਲੇ ਜੰਗਬੰਦੀ ਦੀਆਂ ਕੋਸ਼ਿਸ਼ਾਂ ਵਿਚਾਲੇ ਹਮਲੇ ਲਗਾਤਾਰ ਜਾਰੀ ਹਨ। ਇਸ ਦੌਰਾਨ ਈਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਕਾਲੀਬਾਫ ਨੇ ਚੇਤਾਵਨੀ ਦਿੱਤੀ ਹੈ ਕਿ ਅਮਰੀਕਾ ਫੌਜੀ ਕਾਰਵਾਈ ਰਾਹੀਂ ਈਰਾਨ ਦੇ ਹਥਿਆਰਾਂ ਦੇ ਟਿਕਾਣਿਆਂ ਨੂੰ ਤਬਾਹ ਨਹੀਂ ਕਰ ਸਕਦੀ, ਅਤੇ ਹੋਰਮੁਜ਼ ਜਲਡਮਰੂ ਵਿੱਚ ਵਧਦੇ ਤਣਾਅ ਦੇ ਵਿਚਕਾਰ ਇੱਕ ਨਵਾਂ ਖੇਤਰੀ ਸੁਰੱਖਿਆ ਸਮੀਕਰਨ ਉਭਰ ਸਕਦਾ ਹੈ।

ਕਾਲੀਬਾਫ ਨੇ ਇੱਕ ਟੈਲੀਵਿਜ਼ਨ ਇੰਟਰਵਿਊ ਵਿੱਚ ਕਿਹਾ ਕਿ ਹੋਰਮੁਜ਼ ਜਲਡਮਰੂ, ਜੋ ਕਿ ਦੁਨੀਆ ਦੇ ਤੇਲ ਦੇ ਬਹੁਤ ਸਾਰੇ ਹਿੱਸੇ ਦੀ ਆਵਾਜਾਈ ਲਈ ਮਹੱਤਵਪੂਰਨ ਹੈ, ਹੁਣ ਪਹਿਲਾਂ ਵਰਗਾ ਨਹੀਂ ਰਹੇਗਾ, ਅਤੇ ਇਸਦੀ ਸੁਰੱਖਿਆ ਸਥਿਤੀ ਬਦਲ ਗਈ ਹੈ। ਉਸਨੇ ਇਸਦਾ ਕਾਰਨ ਇਸ ਖੇਤਰ ਵਿੱਚ ਅਮਰੀਕਾ ਅਤੇ ਇਜ਼ਰਾਈਲ ਦੀ ਮੌਜੂਦਗੀ ਨੂੰ ਦੱਸਿਆ। ਉਸਨੇ ਕਿਹਾ ਕਿ ਈਰਾਨ ਨੇ ਪਿਛਲੇ ਟਕਰਾਵਾਂ ਤੋਂ ਸਿੱਖਿਆ ਹੈ ਅਤੇ ਆਪਣੇ ਫੌਜੀ ਪ੍ਰਣਾਲੀਆਂ ਨੂੰ



ਸੋਧਿਆ ਹੈ, ਜਿਸ ਨਾਲ ਹੁਣ ਰਵਾਇਤੀ ਹਵਾਈ ਹਮਲਿਆਂ ਨਾਲ ਉਸ ਦੇ ਟਿਕਾਣਿਆਂ ਨੂੰ ਨੁਕਸਾਨ ਪਹੁੰਚਾਉਣਾ ਸੌਖਾ ਨਹੀਂ ਹੈ।

### ਈਰਾਨ ਨਾ ਤਾਂ ਝੁਕੇਗਾ ਅਤੇ ਨਾ ਹੀ ਸਮਰਪਣ ਕਰੇਗਾ

ਕਾਲੀਬਾਫ ਨੇ ਕਿਹਾ ਹੈ ਕਿ ਈਰਾਨ ਨਾ ਤਾਂ ਕਿਸੇ ਬਾਹਰੀ ਦਬਾਅ ਅੱਗੇ ਝੁਕੇਗਾ ਅਤੇ ਨਾ ਹੀ ਸਮਰਪਣ ਕਰੇਗਾ। ਉਸਨੇ ਦਾਅਵਾ ਕੀਤਾ ਕਿ ਜਦੋਂ ਇਹ ਟਕਰਾਅ ਖਤਮ ਹੋ ਜਾਵੇਗਾ, ਤਾਂ ਮੱਧ ਪੂਰਬ ਪ੍ਰਣਾਲੀ ਵਿੱਚ ਇੱਕ ਵੱਡਾ ਬਦਲਾਅ ਆਵੇਗਾ, ਜੋ ਅਮਰੀਕੀ ਹਿੱਤਾਂ ਦੇ ਹੱਕ ਵਿੱਚ ਨਹੀਂ ਹੋਵੇਗਾ, ਸਗੋਂ ਖੇਤਰ ਦੇ ਇਸਲਾਮੀ ਦੇਸ਼ ਆਪਣੇ ਸੁਰੱਖਿਆ ਪ੍ਰਣਾਲੀਆਂ ਸਥਾਪਤ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਆਪਣੀਆਂ ਕਾਰਵਾਈਆਂ ਨੂੰ ਈਰਾਨ ਦੇ ਸਾਬਕਾ ਸੁਪਰੀਮ ਲੀਡਰ ਅਲੀ ਖਮੇਨੀ ਦੀ ਹੱਤਿਆ ਤੱਕ ਸੀਮਤ ਕਰ ਦਿੱਤਾ ਸੀ, ਪਰ ਇਸ ਦਾ ਦੇਸ਼ ਦੇ ਸਿਸਟਮ 'ਤੇ ਕੋਈ ਅਸਰ ਨਹੀਂ ਪਿਆ। ਇਸ ਦੌਰਾਨ,ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ 'ਮੋਜ਼ੇਕ ਡਿਫੈਂਸ' ਰਣਨੀਤੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਸਿਸਟਮ ਦੇਸ਼ ਨੂੰ ਇਹ ਫੈਸਲਾ ਕਰਨ ਦੇ ਯੋਗ ਬਣਾਉਂਦਾ ਹੈ ਕਿ ਯੁੱਧ ਕਦੋਂ ਅਤੇ ਕਿਵੇਂ ਖਤਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਵਿਕੇਂਦਰੀਕ੍ਰਿਤ ਰੱਖਿਆ ਪ੍ਰਣਾਲੀ ਦਾ ਉਦੇਸ਼ ਕਿਸੇ ਵੀ ਸੰਭਾਵੀ ਹਮਲੇ ਦੇ ਬਾਵਜੂਦ ਫੌਜੀ ਅਤੇ ਲੀਡਰਸ਼ਿਪ ਢਾਂਚੇ ਦੀ ਨਿਰੰਤਰਤਾ ਨੂੰ ਬਣਾਈ ਰੱਖਣਾ ਹੈ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

**ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ**

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਪਹਿਲੀ ਰਾਤ ਹੀ ਮੁਸਲਮਾਨ ਫ਼ਕੀਰ ਅਤੇ ਇੱਕ ਹੋਰ ਜਟਾਧਾਰੀ ਨੇ ਇਸ ਧਰਤੀ (ਥੇਹ) ਉੱਪਰ ਆਪਣਾ ਕਬਜ਼ਾ ਜਤਾਉਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਥੇਹ ਉੱਪਰ ਕੱਚੀ ਗੁਫ਼ਾ ਤਿਆਰ ਕਰਕੇ ਅਗਲੇ ਦਿਨ ਸਵੇਰੇ ਆਪ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰ ਕੇ ਚਾਲੀ ਦਿਨ ਲਈ ਮੂਲ-ਮੰਤ੍ਰ ਦਾ ਜਾਪ ਅਰੰਭ ਕਰ ਦਿੱਤਾ। ਸ਼ਾਮ ਤਕ 32 ਮਾਲਾ ਕਰਨ ਉਪਰੰਤ ਸੋਦਰੁ ਰਹਿਰਾਸ ਦੀ ਹਾਜ਼ਰੀ ਲਵਾਈ। ਸੋਹਿਲੇ ਦਾ ਪਾਠ ਕਰ ਕੇ ਬਾਬਾ ਜੀ ਗੁਰਮੰਤ੍ਰ ਦੇ ਸਿਮਰਨ ਵਿੱਚ ਜੁੜ ਗਏ। ਬਾਬਾ ਜੀ ਦੱਸਦੇ ਸਨ ਕਿ ਤਕਰੀਬਨ 10 ਕੁ ਵਜੇ ਰਾਤ ਦਾ ਸਮਾਂ ਹੋਵੇਗਾ, ਗਰਮੀ ਹੋਣ ਕਾਰਨ ਅਸੀਂ ਆਪਣਾ ਮੰਜਾ ਬਾਹਰ ਕੱਢ ਕੇ ਉਸ ਉਤੇ ਬੈਠ, ਸਿਮਰਨ ਕਰ ਰਹੇ ਸਾਂ ਕਿ ਇੱਕ ਮੁਸਲਮਾਨ ਫ਼ਕੀਰ ਆਇਆ। ਉਸ ਨੇ ਬੜੇ ਗੁੱਸੇ ਵਿੱਚ ਕਿਹਾ ਕਿ ਇਹ ਧਰਤੀ ਸਾਡੀ ਹੈ। ਅਸੀਂ ਇੱਥੇ ਕਿਸੇ ਹੋਰ ਨੂੰ ਨਹੀਂ ਰਹਿਣ ਦਿੰਦੇ। ਬਾਬਾ ਜੀ ਨੇ ਉਸ ਫ਼ਕੀਰ ਨੂੰ ਉੱਤਰ ਦਿੱਤਾ ਕਿ ਮੈਂ ਤਾਂ ਆਪਣੀ ਜ਼ਮੀਨ ਛੱਡ ਕੇ ਆਇਆ ਹਾਂ! ਮੈਂ ਤੁਹਾਡੀ ਇਸ ਧਰਤੀ ਤੇ ਕਬਜ਼ਾ ਨਹੀਂ ਕਰਨਾ। ਤੁਸੀਂ ਆਪਣੀ ਮੌਜ ਕਰੋ, ਮੈਂ ਤੁਹਾਨੂੰ ਕੁੱਝ ਨਹੀਂ ਕਹਿੰਦਾ। ਫ਼ਕੀਰ ਬੋਲਿਆ ਕਿ ਜਦੋਂ ਤੁਸੀਂ ਬਾਣੀ ਪੜ੍ਹਦੇ ਹੋ ਜਾਂ ਆਪਣੇ ਗੁਰੂ ਦਾ ਮੰਤ੍ਰ ਜਪਦੇ ਹੋ ਤਦੋਂ ਸਾਨੂੰ ਬਹੁਤ ਤੰਗੀ ਹੁੰਦੀ ਹੈ। ਜੇ ਤੁਸੀਂ ਇੱਥੇ ਰਹੋਗੇ ਤਾਂ ਸਾਡਾ ਠਹਿਰਨਾ ਮੁਸ਼ਕਲ ਹੈ। ਬਾਬਾ ਜੀ ਨੇ ਕਿਹਾ ਕਿ ਭਾਈ! ਅਸੀਂ ਤਾਂ ਚਾਲੀ ਦਿਨ ਜਾਪ ਕਰਨ ਦੀ ਅਰਦਾਸ ਕਰ ਲਈ ਹੈ ਸੋ ਮੈਂ ਤਾਂ ਆਪਣਾ ਨਿਯਮ ਜ਼ਰੂਰ ਪੂਰਾ ਕਰਾਂਗਾ। ਫ਼ਕੀਰ ਨੇ ਇਹ ਵਾਕ ਸੁਣ ਕੇ ਕਿਹਾ ਕਿ ਤੁਹਾਡੇ ਗੁਰੂ ਦੇ ਕਲਾਮ ਵਿੱਚ ਬਹੁਤ ਵੱਡੀ ਤਾਕਤ ਹੈ, ਜਿਸ ਕਰਕੇ ਸਾਡੀ ਸ਼ਕਤੀ ਤੁਹਾਡੇ ਉੱਤੇ ਅਸਰ ਨਹੀਂ ਕਰਦੀ। ਸੋ ਅਸੀਂ ਹੁਣ ਇਸ ਜਗ੍ਹਾ ਨੂੰ ਸਦਾ ਲਈ ਛੱਡ ਚੱਲੇ ਹਾਂ। ਪਹਿਲਾਂ ਅਸੀਂ ਕਿਸੇ ਨੂੰ ਇੱਥੇ ਟਿਕਣ ਨਹੀਂ ਦਿੱਤਾ। ਬਾਬਾ ਜੀ ਨੇ ਕੇਵਲ ਇੰਨਾ ਹੀ ਕਿਹਾ ਕਿ 'ਚੰਗਾ ਜਾਉ ਜੀ!' ਇੰਨੀ ਗੱਲਬਾਤ ਉਪਰੰਤ ਉਹ ਫ਼ਕੀਰ ਚਲਾ ਗਿਆ।

**ਜਟਾਧਾਰੀ ਸਾਧੂ ਨੇ ਆਉਣਾ**

ਥੋੜ੍ਹਾ ਹੀ ਸਮਾਂ ਫਿਰ ਸਿਮਰਨ ਕਰਦਿਆਂ ਬੀਤਿਆ ਸੀ ਕਿ ਇੱਕ ਜਟਾਵਾਂ ਵਾਲਾ ਸਾਧੂ ਆ ਗਿਆ। ਉਸ ਨੇ ਵੀ ਮੁਸਲਮਾਨ ਫ਼ਕੀਰ ਵਾਲਾ ਸਵਾਲ ਹੀ ਦੁਹਰਾਇਆ ਕਿ ਇਹ ਜਗ੍ਹਾ ਸਾਡੀ ਹੈ। ਜਦੋਂ ਤੁਸੀਂ ਇੱਥੇ ਆ ਕੇ ਸਿਮਰਨ ਸ਼ੁਰੂ ਕੀਤਾ ਉਦੋਂ ਅਸੀਂ ਕਿਤੇ ਬਾਹਰ ਗਏ ਸੀ, ਹੁਣ ਤੁਹਾਡੇ ਉੱਤੇ ਸਾਡਾ ਜ਼ੋਰ ਨਹੀਂ ਪੈ ਰਿਹਾ, ਇਸ ਕਰਕੇ ਅਸੀਂ ਹੁਣ ਇਸ ਥਾਂ ਤੋਂ ਚੱਲੇ ਹਾਂ। ਬਾਬਾ ਜੀ ਨੇ ਇਸ ਨੂੰ ਵੀ ਮੁਸਲਮਾਨ ਫ਼ਕੀਰ ਵਾਲੀ ਗੱਲ ਹੀ ਕਹੀ ਤੇ ਕਿਹਾ ਕਿ 'ਚੰਗਾ ਜਾਉ ਜੀ!' ਤੇ ਉਹ ਸਾਧੂ ਵੀ ਚਲਾ ਗਿਆ।

**ਅਵਗਤ ਰੂਹਾਂ ਦਾ ਹਮਲਾ**

ਇਸ ਸਾਧੂ ਦੇ ਜਾਣ ਤੋਂ ਕੋਈ ਅੱਧਾ ਕੁ ਘੰਟਾ ਪਿੱਛੋਂ, ਬਾਬਾ ਜੀ ਦੱਸਦੇ ਸਨ ਕਿ ਸਾਨੂੰ ਕਾਫ਼ੀ ਸਾਰੇ ਬੰਦਿਆਂ ਦੀ ਪੈਛੜ (ਪੈਰਾਂ ਦੀ ਖੜਾਕ) ਮਹਿਸੂਸ ਹੋਈ। ਜਦੋਂ ਪੈਛੜ ਦੀ ਅਵਾਜ਼ ਕੰਨੀਂ ਪਈ ਤਾਂ ਅੱਖਾਂ ਖੋਲ੍ਹ ਕੇ ਵੇਖਿਆ ਕਿ ਸਾਡੇ ਮੰਜੇ ਦੇ ਚਾਰ ਚੁਫੇਰੇ ਘੇਰਾ ਪਿਆ ਹੋਇਆ ਹੈ। ਜਿਸ ਵਿੱਚ ਕਰੂਪ ਜਿਹੇ ਬਜ਼ੁਰਗ, ਜਵਾਨ, ਅੱਧਖੜ ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਸਨ, ਛਿੰਝ ਦੇ ਪਿੜ ਵਾਂਗ ਸਾਨੂੰ ਘੇਰਾ ਪਾਈ ਖੜ੍ਹੇ ਹਨ। ਉਨ੍ਹਾਂ ਵੱਲ ਵੇਖ ਕੇ ਅਸੀਂ ਆਪਣੇ ਹੱਥ ਤੇ ਹੱਥ ਮਾਰਿਆ (ਜਿਵੇਂ ਤਾੜੀ ਮਾਰੀਦੀ ਹੈ।) ਹੱਥਾਂ ਦਾ ਖੜਾਕ ਸੁਣਦੇ ਸਾਰ ਸਾਰੇ ਹੀ, ਜਿੱਥੇ-ਜਿੱਥੇ ਖੜ੍ਹੇ ਸਨ




ਉਥੇ ਹੀ ਪਿੱਛੇ ਨੂੰ ਡਿੱਗ ਪਏ ਅਤੇ ਇੰਝ ਮਹਿਸੂਸ ਹੋਇਆ ਕਿ ਜਿਵੇਂ ਉਹ ਇਸ ਖੜਾਕ ਨਾਲ ਨੀਮ ਬੇਹੋਸ਼ ਹੋ ਗਏ ਹੋਣ। ਡੇਢ-ਦੋ ਮਿੰਟ ਪਏ ਰਹਿਣ ਉਪਰੰਤ ਸਾਡੇ ਮੰਜੇ ਦੀ ਪੈਂਦ (ਪੈਰਾਂ ਵੱਲੋਂ) ਵੱਲੋਂ ਇੱਕ ਸਿਆਣਾ ਬਜ਼ੁਰਗ ਕਮਜ਼ੋਰ ਜਿਹੀ ਹਾਲਤ ਵਿੱਚ ਉੱਠਿਆ ਅਤੇ ਕਹਿਣ ਲੱਗਾ ਕਿ 'ਅਸੀਂ ਸਾਰੇ ਅਵਗਤ ਹਾਂ, ਅਸੀਂ ਲੋਕਾਂ ਨੂੰ ਜੰਤਰ-ਮੰਤ੍ਰ ਦੱਸਦੇ ਸਾਂ ਅਤੇ ਟੂਣੇ-ਤਵੀਤ ਆਦਿ ਵੀ ਬਣਾ ਕੇ ਦਿੰਦੇ ਸਾਂ। ਇਹ ਸਾਰੇ ਹੀ ਮੇਰੇ ਚੇਲੇ ਹਨ ਅਤੇ ਸਾਰੇ ਹੀ ਅਵਗਤ ਹਨ। ਅਸੀਂ ਅੱਜ ਤੱਕ ਇੱਥੇ ਇਸ ਥੇਹ ਉੱਪਰ ਕਿਸੇ ਨੂੰ ਵੀ ਟਿਕਣ ਨਹੀਂ ਦਿੱਤਾ ਪਰ ਤੁਹਾਡੇ ਉੱਪਰ ਸਾਡਾ ਜ਼ੋਰ ਨਹੀਂ ਚੱਲਿਆ। ਹੁਣ ਅਸੀਂ ਇਹ ਜਗ੍ਹਾ ਛੱਡ ਕੇ ਜਾ ਰਹੇ ਹਾਂ।' ਇੰਨੀ ਗੱਲ ਆਖ ਕੇ ਉਹ ਟੁਰ ਪਿਆ ਅਤੇ ਜਿਵੇਂ-ਜਿਵੇਂ ਬਾਕੀਆਂ ਨੂੰ ਹੋਸ਼ ਆਈ ਉਸ ਦੇ ਮਗਰ ਟੁਰਦੇ ਗਏ।

ਉਸ ਬਜ਼ੁਰਗ ਦੇ ਵਾਕ, ਜੋ ਕੱਚੀ ਗੁਫ਼ਾ ਕੱਢਣ ਵੇਲੇ ਉਸ ਨੇ ਬਾਬਾ ਜੀ ਨੂੰ ਕਹੇ ਸਨ ਕਿ ਇੱਥੇ ਅਵਗਤ ਰੂਹਾਂ ਦਾ ਵਾਸਾ ਹੈ ਅਤੇ ਉਹ ਕਿਸੇ ਨੂੰ ਵੀ ਇੱਥੇ ਠਹਿਰਣ ਨਹੀਂ ਦਿੰਦੀਆਂ, ਚੇਤੇ ਆਏ। ਪਰ ਜਿਸ ਦੇ 'ਸਿਰ ਊਪਰਿ ਠਾਢਾ ਗੁਰੁ ਸੂਰਾ' ਹੋਵੇ, ਉਸ ਨੂੰ ਕਿਸੇ ਦੀ ਮੁਛੰਦਗੀ ਨਹੀਂ ਰਹਿੰਦੀ :

**ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥**

**(ਰਾਗ ਮਲਾਰ ਮ: ੫, ਅੰਗ ੧੨੬੬)**

ਅਤੇ

**ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥**
**ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥**

**(ਸਵਈਏ ਮ: ੪ ਕੇ, ਅੰਗ ੧੩੯੯)**

ਜਿਨ੍ਹਾਂ ਦੇ ਸਿਰ ਤੇ ਗੁਰੂ ਦਾ ਹੱਥ ਹੈ ਅਤੇ ਜਿਨ੍ਹਾਂ ਦੇ ਹਿਰਦੇ ਵਿੱਚ ਪਰਮੇਸ਼ਰ ਦਾ ਨਾਮ ਵੱਸਿਆ ਹੈ, ਅਵਗਤ ਰੂਹਾਂ ਤਾਂ ਇੱਕ ਪਾਸੇ ਰਹੀਆਂ ਉਹਨਾਂ ਨੂੰ ਤਾਂ ਧਰਮਰਾਜਾ ਵੀ ਐਸੇ ਸਤਿਕਾਰ ਦੇ ਵਾਕ ਬੋਲਦਾ ਹੈ :

**ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥**
**ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥**

**(ਸਲੋਕ ਮ: ੫, ਅੰਗ ੧੪੨੫)**

ਧਰਮਰਾਜੇ ਨੇ ਤਾਂ ਆਪਣੇ ਦੂਤਾਂ ਨੂੰ ਹਦਾਇਤ ਦੇ ਰੱਖੀ ਹੈ ਕਿ :

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥**

**(ਗਉੜੀ ਬਾਵਨ ਅਖਰੀ ਮ: ੫, ਅੰਗ ੨੫੬)**

ਕਿ ਹੇ ਮੇਰੇ ਦੂਤੋ! ਜਿੱਥੇ ਸਾਧੂ ਜਨ ਤਥਾ ਹਰੀ ਪਰਮੇਸ਼ਰ ਦਾ ਭਜਨ ਕੀਰਤਨ ਹੋਵੇ ਉੱਥੇ ਨੇੜੇ ਨਾ ਜਾਣਾ, ਜੇ ਗਏ ਫਿਰ ਨਾ ਮੈਂ ਤੇ ਨਾ ਤੁਸੀਂ ਛੁੱਟ ਸਕੋਗੇ। ਸਗੋਂ ਧਰਮਰਾਜਾ ਦੇ ਚਿਤ੍ਰ-ਗੁਪਤ ਵੀ ਸਾਧੂ ਜਨਾਂ ਵੱਲ ਨਿਗ੍ਹਾ ਭਰ ਕੇ ਵੀ ਨਹੀਂ ਤੱਕਦੇ :

**ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥**
**ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥**

**(ਆਸਾ ਮ: ੫, ਅੰਗ ੩੯੩)**

ਭਗਤ ਜਨਾਂ ਦੀ ਤਾਂ ਜਮਦੂਤ ਵੀ ਸੇਵਾ ਕਰਦੇ ਹਨ :

**ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੂਖੁ ਨ ਹੋਇ ॥**
**ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥ (ਸਲੋਕ ਮ: ੩, ਅੰਗ ੫੫੮)**

ਅਤੇ

**ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥**
**ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥**

**(ਸਿਰੀ ਰਾਗੁ ਮ: ੩, ਅੰਗ ੩੮)**

ਸੋ ਮਹਾਂਪੁਰਖਾਂ ਦੁਆਰਾ ਜਪੇ ਪਰਮੇਸ਼ਵਰੀ ਨਾਮ ਦੇ ਸਦਕੇ ਉਹ ਅਵਗਤ ਰੂਹਾਂ ਜੋ ਇਸ ਡਰਾਉਣੇ ਥੇਹ ਉੱਪਰ ਸਦੀਆਂ ਤੋਂ ਡੇਰਾ ਲਾਈ ਬੈਠੀਆਂ ਸਨ ਅਤੇ ਲੁਕਾਈ ਨੂੰ ਤੰਗ ਕਰਦੀਆਂ ਸਨ, ਸਦਾ ਲਈ ਇਸ ਅਸਥਾਨ ਤੋਂ ਚਲੀਆਂ ਗਈਆਂ। (ਚਲਦਾ)

## ਅਮਰੀਕਾ ਤੋਂ ਭਾਰਤ ਆਉਂਦੀ ਜਹਾਜ਼ 'ਚ ਪੈ ਗਿਆ ਨੁਕਸ ! ਆਇਰਲੈਂਡ ਵੱਲ ਕਰਨਾ ਪਿਆ ਡਾਇਵਰਟ

ਨਿਊਯਾਰਕ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਇਕ ਉਡਾਣ (ਏ.ਆਈ. 102) ਨੂੰ ਅੱਜ ਸਵੇਰੇ ਇੱਕ ਤਕਨੀਕੀ ਖਰਾਬੀ ਕਾਰਨ ਆਇਰਲੈਂਡ ਦੇ ਸ਼ੈਨਨ ਹਵਾਈ ਅੱਡੇ ਵੱਲ ਡਾਇਵਰਟ ਕਰਨਾ ਪਿਆ। ਜਹਾਜ਼ ਵਿੱਚ ਲਗਭਗ 300 ਯਾਤਰੀ ਸਵਾਰ ਸਨ ਅਤੇ ਸਾਰੇ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸੁਰੱਖਿਅਤ ਹਨ।



ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਏਅਰ ਇੰਡੀਆ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਮਾਰਚ ਨੂੰ ਨਿਊਯਾਰਕ ਦੇ ਜੇ.ਐੱਫ.ਕੇ. (JFK) ਹਵਾਈ ਅੱਡੇ ਤੋਂ ਦਿੱਲੀ ਲਈ ਉਡਾਣ ਭਰਨ ਤੋਂ ਬਾਅਦ, ਜਹਾਜ਼ (ਏ350) ਵਿੱਚ ਕੁਝ ਤਕਨੀਕੀ ਖ਼ਰਾਬੀ ਮਹਿਸੂਸ ਕੀਤੀ ਗਈ। ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦਿੰਦਿਆਂ, ਪਾਇਲਟ ਨੇ ਸਾਵਧਾਨੀ ਵਜੋਂ ਜਹਾਜ਼ ਨੂੰ ਆਇਰਲੈਂਡ ਦੇ ਸ਼ੈਨਨ ਵੱਲ ਮੋੜਨ ਦਾ ਫੈਸਲਾ ਕੀਤਾ ਤੇ ਸਥਾਨਕ ਸਮੇਂ ਅਨੁਸਾਰ ਸਵੇਰੇ 4:30 ਵਜੇ ਜਹਾਜ਼ ਸ਼ੈਨਨ ਹਵਾਈ ਅੱਡੇ 'ਤੇ ਸੁਰੱਖਿਅਤ ਉਤਾਰਿਆ ਗਿਆ।

ਬੁਲਾਰੇ ਨੇ ਦੱਸਿਆ ਕਿ ਨਿਰਧਾਰਤ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਕਰਦੇ ਹੋਏ, ਜਹਾਜ਼ ਦੀ ਇਸ ਸਮੇਂ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਕੰਪਨੀ ਵੱਲੋਂ ਯਾਤਰੀਆਂ ਲਈ ਅਗਲੇ ਸਫ਼ਰ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਉਹ ਜਲਦੀ ਤੋਂ ਜਲਦੀ ਆਪਣੀ ਮੰਜ਼ਿਲ ਦਿੱਲੀ ਪਹੁੰਚ ਸਕਣ। ਏਅਰ ਇੰਡੀਆ ਨੇ ਯਾਤਰੀਆਂ ਨੂੰ ਹੋਈ ਅਸੁਵਿਧਾ ਲਈ ਅਫਸੋਸ ਪ੍ਰਗਟ ਕੀਤਾ ਹੈ ਅਤੇ ਭਰੋਸਾ ਦਿਵਾਇਆ ਹੈ ਕਿ ਜਹਾਜ਼ ਦੀ ਉਡਾਣ ਭਰਨ ਤੋਂ ਪਹਿਲਾਂ ਸੁਰੱਖਿਆ ਦੇ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।

## ਅਮਰੀਕਾ 'ਚ ਭਾਰਤੀਆਂ ਦਾ ਦਬਦਬਾ: ਦੌਲਤ ਤੇ ਗਿਆਨ 'ਚ ਮੋਹਰੀ, ਪਰ ਸਿਆਸੀ ਸੱਤਾ ਤੋਂ ਅਜੇ ਵੀ ਪਿੱਛੇ

ਨਿਊਯਾਰਕ/ਵਾਸ਼ਿੰਗਟਨ: ਅਮਰੀਕਾ ਦੇ ਵਿਕਾਸ ਵਿੱਚ ਭਾਰਤੀ ਭਾਈਚਾਰਾ ਅਹਿਮ ਭੂਮਿਕਾ ਨਿਭਾ ਰਿਹਾ ਹੈ, ਪਰ ਜਦੋਂ ਗੱਲ ਸਿਆਸੀ ਸੱਤਾ ਅਤੇ ਪ੍ਰਤੀਨਿਧਤਾ ਦੀ ਆਉਂਦੀ ਹੈ, ਤਾਂ ਭਾਰਤਵੰਸ਼ੀ ਅਜੇ ਵੀ ਆਪਣੀ ਆਬਾਦੀ ਦੇ ਅਨੁਪਾਤ ਮੁਤਾਬਕ ਪਿੱਛੇ ਹਨ। ਬੀ.ਸੀ.ਜੀ. (BCG) ਅਤੇ ਇੰਡੀਆਸਪੋਰਾ ਦੁਆਰਾ ਤਿਆਰ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਭਾਰਤੀਆਂ ਦੀ ਆਬਾਦੀ ਭਾਵੇਂ ਸਿਰਫ਼ 1 ਫੀਸਦੀ ਹੈ, ਪਰ ਉਹ ਦੌਲਤ ਅਤੇ ਗਿਆਨ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਹਨ।

**ਸੰਸਦ ਵਿੱਚ ਸਥਿਤੀ:** ਉੱਚ ਸਦਨ (ਸੀਨੇਟ) ਰਿਪੋਰਟ ਦੇ ਹੈਰਾਨੀਜਨਕ ਅੰਕੜਿਆਂ ਅਨੁਸਾਰ ਅਮਰੀਕੀ ਸੰਸਦ ਦੇ ਨਿਚਲੇ ਸਦਨ (ਹਾਊਸ ਆਫ ਰਿਪ੍ਰਜ਼ੈਂਟੇਟਿਵਸ) ਦੀਆਂ 435 ਸੀਟਾਂ ਵਿੱਚੋਂ ਸਿਰਫ਼ 6 ਸੀਟਾਂ (1.4%) 'ਤੇ ਹੀ ਭਾਰਤਵੰਸ਼ੀ ਕਾਬਜ਼ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉੱਚ ਸਦਨ ਯਾਨੀ ਸੀਨੇਟ ਵਿੱਚ ਇਸ ਵਕਤ ਇੱਕ ਵੀ ਭਾਰਤੀ ਮੈਂਬਰ ਨਹੀਂ ਹੈ। ਸਾਲ 2016 ਵਿੱਚ ਕਮਲਾ ਹੈਰਿਸ ਸੀਨੇਟ ਦੀ ਮੈਂਬਰ ਬਣੀ ਸੀ, ਪਰ 2020 ਵਿੱਚ ਉਨ੍ਹਾਂ ਦੇ ਉਪ-ਰਾਸ਼ਟਰਪਤੀ ਬਣਨ ਤੋਂ ਬਾਅਦ ਸੀਨੇਟ ਵਿੱਚ ਭਾਰਤੀਆਂ ਦੀ ਨੁਮਾਇੰਦਗੀ ਸਿਫ਼ਰ ਹੋ ਗਈ ਹੈ।



ਪ੍ਰਸ਼ਾਸਨਿਕ ਅਹੁਦਿਆਂ 'ਤੇ ਵਧ ਰਹੀ ਮੌਜੂਦਗੀ ਭਾਵੇਂ ਚੁਣੇ ਹੋਏ ਨੁਮਾਇੰਦਿਆਂ ਦੀ ਗਿਣਤੀ ਘੱਟ ਹੈ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਭਾਰਤੀਆਂ ਨੂੰ ਅਹਿਮ ਜ਼ਿੰਮੇਵਾਰੀਆਂ ਮਿਲ ਰਹੀਆਂ ਹਨ:

-ਕਾਸ਼ ਪਟੇਲ ਨੂੰ ਐਫ.ਬੀ.ਆਈ. (FBI) ਦਾ ਡਾਇਰੈਕਟਰ ਬਣਾਇਆ ਗਿਆ ਹੈ।

-ਡਾ. ਜੈ ਭੱਟਾਚਾਰੀਆ ਨੂੰ ਨੈਸ਼ਨਲ ਇੰਸਟੀਚਿਊਟਸ ਆਫ ਹੈਲਥ (NIH) ਦੇ ਨਿਰਦੇਸ਼ਕ ਵਜੋਂ ਨਿਯੁਕਤ ਕੀਤਾ ਗਿਆ ਹੈ।

-ਸ਼੍ਰੀਰਾਮ ਕ੍ਰਿਸ਼ਨਨ ਨੂੰ ਸਰਕਾਰ ਲਈ ਏ.ਆਈ. (AI) ਨੀਤੀ ਮਾਰਗਦਰਸ਼ਨ ਲਈ ਅਹਿਮ ਭੂਮਿਕਾ ਸੌਂਪੀ ਗਈ ਹੈ। ਹਾਲਾਂਕਿ ਰਿਪੋਰਟ ਮੁਤਾਬਕ ਅਮਰੀਕਾ ਦੀਆਂ ਪ੍ਰਮੁੱਖ ਸਰਕਾਰੀ ਏਜੰਸੀਆਂ (ਜਿਵੇਂ 343, NSF) ਦੇ ਉੱਚ ਅਹੁਦਿਆਂ 'ਤੇ ਭਾਰਤੀਆਂ ਦੀ ਹਿੱਸੇਦਾਰੀ ਸਿਰਫ਼ 3 ਫੀਸਦੀ ਹੈ।

**ਵਿਸ਼ਵ ਪੱਧਰੀ ਸੰਸਥਾਵਾਂ ਵਿੱਚ ਛਾਪ :** ਅਮਰੀਕਾ ਤੋਂ ਇਲਾਵਾ ਭਾਰਤੀ ਮੂਲ ਦੇ ਪੇਸ਼ੇਵਰ ਵਿਸ਼ਵ ਸੰਸਥਾਵਾਂ ਵਿੱਚ ਮਹੱਤਵਪੂਰਨ ਲੀਡਰਸ਼ਿਪ ਨਿਭਾ ਰਹੇ ਹਨ:

-ਅਜੇ ਬੰਗਾ ਸਾਲ 2023 ਤੋਂ ਵਿਸ਼ਵ ਬੈਂਕ ਦੇ ਪ੍ਰਧਾਨ ਹਨ।

-ਗੀਤਾ ਗੋਪੀਨਾਥ ਆਈ.ਐਮ.ਐਫ. (IMF) ਵਿੱਚ ਆਰਥਿਕ ਰਣਨੀਤੀਆਂ ਨੂੰ ਦਿਸ਼ਾ ਦੇ ਰਹੇ ਹਨ।

-ਸੌਮਿਆ ਸਵਾਮੀਨਾਥਨ ਨੇ ਵਿਸ਼ਵ ਸਿਹਤ ਸੰਗਠਨ (WHO) ਵਿੱਚ ਸਿਹਤ ਖੇਤਰ ਵਿੱਚ ਅਹਿਮ ਸਹਿਯੋਗ ਦਿੱਤਾ ਹੈ।

**ਚੋਣਾਂ ਵਿੱਚ 'ਗੇਮ ਚੇਂਜਰ'**

ਰਿਪੋਰਟ ਕਹਿੰਦੀ ਹੈ ਕਿ ਅਮਰੀਕਾ ਦੇ ਕੁੱਲ ਵੋਟਰਾਂ ਵਿੱਚ ਭਾਰਤੀਆਂ ਦੀ ਹਿੱਸੇਦਾਰੀ ਭਾਵੇਂ 1 ਫੀਸਦੀ ਹੈ, ਪਰ ਉਹ 'ਸਵਿੰਗ ਸਟੇਟਸ' (ਜਿੱਥੇ ਨਤੀਜੇ ਬਦਲ ਸਕਦੇ ਹਨ) ਵਿੱਚ ਫੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ। 2024 ਦੀਆਂ ਪ੍ਰਾਇਮਰੀ ਚੋਣਾਂ ਵਿੱਚ ਨਿੱਕੀ ਹੇਲੀ ਅਤੇ ਵਿਵੇਕ ਰਾਮਾਸਵਾਮੀ ਦੀ ਉਮੀਦਵਾਰੀ ਨੇ ਇਸ ਭਾਈਚਾਰੇ ਦੀ ਸਿਆਸੀ ਤਾਕਤ ਦਾ ਅਹਿਸਾਸ ਕਰਵਾਇਆ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ

# ਸਿੱਖ ਯੂਥ ਸਿੰਪੋਜ਼ੀਅਮ

## ਬੇਕਰਸਫੀਲਡ ਵਿਚ





ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਬੇਕਰਸਫੀਲਡ ਵਿਖੇ

## ਸਿੱਖ ਯੂਥ ਸਿੰਪੋਜ਼ੀਅਮ

ਹੋ ਰਿਹਾ ਹੈ।

**6 ਜੂਨ 2026, ਦਿਨ ਸ਼ਨੀਵਾਰ ਸਵੇਰੇ 9.00 ਵਜੇ**
**ਗੁਰਦੁਆਰਾ ਸਾਹਿਬ ਗੁਰੂ ਅੰਗਦ ਦਰਬਾਰ**
**8100 Stine Road, Bakersfield, CA 93313**

**ਸਿੰਪੋਜ਼ੀਅਮ ਵਿੱਚ ਸਿੱਖ ਇਤਿਹਾਸ, ਭਾਸ਼ਣ, ਕੀਰਤਨ ਅਤੇ ਵਿਚਾਰ ਚਰਚਾ ਹੋਵੇਗੀ**

**ਨੌਜਵਾਨਾਂ ਦਾ ਸਨਮਾਨ ਕਰਨ ਲਈ**

ਕਿਰਪਾ ਕਰਕੇ ਇਸ ਅੰਤਰਰਾਸ਼ਟਰੀ ਸਮਾਗਮ ਵਿੱਚ ਪਰਿਵਾਰ ਅਤੇ ਬੱਚਿਆਂ ਸਮੇਤ ਸ਼ਾਮਲ ਹੋਵੋ

**ਹੋਰ ਜਾਣਕਾਰੀ ਲਈ**
**661-827-1033 'ਤੇ ਸੰਪਰਕ ਕਰੋ।**

Space Sponsored by : Dr. Manbir Singh (MD), Bakersfield, 661-900-5675

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

Lathrop
URGENT CARE

15810 Harlan Road #A
Lathrop, CA 95330
(209) 983-9000

Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਦਫ਼ਤਰ ਅਲੀਗੜ੍ਹ ਵਲੋਂ ਭਾਈ ਸਾਧੂ ਸਿੰਘ ਜੀ ਇੰਚਾਰਜ ਸਿੱਖ ਮਿਸ਼ਨ ਅਤੇ ਭਾਈ ਹਰਪਾਲ ਸਿੰਘ ਅਕਾਊਂਟ ਕਲਰਕ ਅਲੀਗੜ੍ਹ ਦਫ਼ਤਰ ਦੇ ਵਿਆਖਿਆਨ ਹੋਏ। 9 ਸਿੱਖਾਂ ਤੇ ਕਾਫ਼ੀ ਅਸਰ ਪਿਆ। ਸੰਗਤਾਂ ਦੇ ਭਾਰੀ ਗਿਣਤੀ ਵਿਚ ਦੀਵਾਨ ਤੇ ਅੱਪੜਨ ਤੋਂ ਕਾਫ਼ੀ ਉਤਸ਼ਾਹ ਦਾ ਅਨੁਮਾਨ ਲੱਗਦਾ ਸੀ। ਇਥੇ ਇਹ ਗੱਲ ਕਾਬਲੇ ਜ਼ਿਕਰ ਹੈ ਕਿ ਜਾਟਵ (ਕਾਸ਼ਤਕਾਰ ਚਮਾਰ) ਅੰਗਰੇਜ਼ੀ ਬੈਂਡ ਬਾਜਾ ਨਹੀਂ ਵਜਾ ਸਕਦੇ ਸਨ ਪਰ ਮਿਸ਼ਨ ਦੇ ਪ੍ਰਭਾਵ ਨਾਲ ਹਰਮੋਨੀਅਮ ਵਜਵਾ ਕੇ ਲੋਕਾਂ ਦਾ ਉਤਸ਼ਾਹ ਵਧਾਇਆ ਗਿਆ। 70 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਦੀਵਾਨ ਬੜੀ ਸਜ ਧਜ ਨਾਲ ਸਮਾਪਤ ਹੋਇਆ।

ਜ਼ਿਲ੍ਹਾ ਬਦਾਯੂੰ ਵਿਚ ਅੰਮ੍ਰਿਤ ਪ੍ਰਚਾਰ

ਸੰਗਤਾਂ ਦੀ ਗਿਆਤ ਲਈ ਅਖ਼ਬਾਰਾਂ ਵਿਚ ਦਿੱਤੀਆਂ ਗਈਆਂ ਅੰਮ੍ਰਿਤ ਪ੍ਰਚਾਰ ਰਿਪੋਰਟਾਂ ਰਾਹੀਂ ਅੱਗੇ ਹੀ ਆ ਚੁੱਕਾ ਹੈ ਕਿ ਜ਼ਿਲ੍ਹਾ ਬਦਾਯੂੰ ਵਿਚ ਪ੍ਰਚਾਰ ਦਾ ਸਿਲਸਿਲਾ ਲਗਾਤਾਰ ਵਾਧੇ ਵਲ ਜਾ ਰਿਹਾ ਹੈ। ਪ੍ਰਚਾਰਕ ਇਲਾਕਾ ਗਿਆਨੀ ਹਰਦਿੱਤ ਸਿੰਘ ਤੇ ਗਿਆਨੀ ਜੰਗ ਸਿੰਘ ਦੇ ਯਤਨ ਨਾਲ ਮਿਲੀ 26,27 ਜੂਨ ਨੂੰ ਪਿੰਡ ਬੰਦਰਈ ਵਿਖੇ ਬੜੀ ਸਜ ਧਜ ਨਾਲ ਦੀਵਾਨ ਸਜਾਇਆ ਗਿਆ। ਇਨ੍ਹਾਂ ਦਿਨਾਂ ਵਿਚ ਬਾਰਸ਼ ਹੋਣ ਦੇ ਬਾਵਜੂਦ ਭੀ 9 ਸਿੱਖ ਭਾਰੀ ਗਿਣਤੀ ਵਿਚ ਅੱਪੜੇ ਹੋਏ ਸਨ। ਭਾਈ ਰਘਬੀਰ ਸਿੰਘ ਜੀ ਪ੍ਰਚਾਰਕ ਅਤੇ ਗਿਆਨੀ ਮਹਿੰਦਰ ਸਿੰਘ ਜੀ ਫਿਲਾਸਫ਼ਰ ਵੀ ਅੱਪੜੇ ਹੋਏ ਸਨ। ਦਫ਼ਤਰ ਅਲੀਗੜ੍ਹ ਵਲੋਂ ਭਾਈ ਸਾਧੂ ਸਿੰਘ ਜੀ ਪ੍ਰਚਾਰ ਇੰਚਾਰਜ ਅਤੇ ਮੇਰਠ ਤੋਂ ਭਾਈ ਤੇਜਾ ਸਿੰਘ ਜੀ ਪ੍ਰਚਾਰਕ ਅੱਪੜੇ ਹੋਏ ਸਨ। ਉਪਰੋਕਤ ਸੱਜਣਾਂ ਦੇ ਵਿਆਖਿਆਨ ਪਿਛੋਂ 55 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (26) ਜੁਲਾਈ 1937

ਯੂ.ਪੀ. ਵਿਚ ਸਿੱਖੀ ਪ੍ਰਚਾਰ ਦਾ ਅਸਰ

(ਜਾਟਵ ਕੌਮ ਬਾਰੇ ਵਿਸ਼ੇਸ਼)

ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਪ੍ਰਕਾਸ਼ਿਤ ਹੋਈ ਸਾਲਾਨਾ ਰਿਪੋਰਟ ਰਾਹੀਂ ਇਹ ਗੱਲ ਕਿਸੀ ਹੱਦ ਤੱਕ ਦਰਸਾਈ ਗਈ ਸੀ ਕਿ ਯੂ.ਪੀ. ਵਿਚ ਜਾਟਵ ਕੌਮ ਜਿਸ ਵਿਚ ਸਾਡਾ ਪ੍ਰਚਾਰ ਇਸ ਸਮੇਂ ਹੋ ਰਿਹਾ ਹੈ, ਸਿੱਖ ਬਣਨ ਤੋਂ ਪਹਿਲਾਂ ਅਤਿਅੰਤ ਮਾੜੀ ਦਸ਼ਾ ਵਿਚ ਸੀ। ਜ਼ਮਾਨੇ ਦੇ ਧੱਕੇ ਹੀ ਖਾਣੇ ਇਸ ਦੀ ਕਿਸਮਤ ਵਿਚ ਸਨ। ਯਾਨੀ ਹੱਕ ਹਕੂਕ ਇਸ ਦੀ ਵਿਰਾਸਤ ਵਿਚ ਨਹੀਂ ਸਮਝਦੇ ਜਾਂਦੇ ਸਨ, ਪਰ ਸਿੱਖ ਬਣਨ ਨਾਲ ਫੌਰਨ ਪਹਿਲੂ ਤੋਂ ਪਰਿਵਰਤਨ ਵਰਤ ਰਿਹਾ ਹੈ। ਹੁਣੇ ਹੀ ਇਕ ਘਟਨਾ ਵਾਪਰੀ ਹੈ। ਪਿੰਡ ਖੇੜਾ ਬੁਲੰਦ ਸ਼ਹਿਰ ਵਿਖੇ 9 ਸਿੱਖਾਂ ਦੀ ਇਕ ਬਰਾਤ...ਘੋੜਿਆਂ ਆਦਿਕ ਨਾਲ ਅੱਪੜੀ। ਉਚ ਜਾਤੀ ਦੇ ਸੱਜਣਾਂ ਵਲੋਂ ਰੱਥ ਅਤੇ ਘੋੜੇ ਬਰਾਤ ਵਿਚ ਲੈ ਜਾਣਾ ਇਨ੍ਹਾਂ ਲੋਕਾਂ ਲਈ ਹਾਲੀ ਤੀਕਰ ਹੱਕ ਨਹੀਂ ਸਮਝਿਆ ਗਿਆ। ਬਰਾਤ ਇਸ ਹਾਲਤ ਵਿਚ ਪਿੰਡ ਵਿਚੋਂ ਲੰਘਣੀ ਵਿਰੋਧੀਆਂ ਵਲੋਂ ਰੋਕ ਦਿੱਤੀ ਗਈ। ਮਿਸ਼ਨ ਦਾ ਪ੍ਰਚਾਰਕ ਭਾਈ ਵਰਿਆਮ ਸਿੰਘ ਮੌਕੇ 'ਤੇ ਮੌਜੂਦ ਸੀ। ਸਾਹਿਬ ਵਲੋਂ ਇਤਲਾਹ ਕਰਨ ਤੋਂ ਫੌਰਨ ਹੀ ਨੇੜੇ ਦੇ ਪਿੰਡ ਫਿਰਕਨੇ ਤੋਂ 9 ਸਿੱਖਾਂ ਦਾ ਜਥਾ ਅੱਪੜ ਗਿਆ, ਜਿਸ ਨਾਲ ਭਾਈ ਬਲਵੰਤ ਸਿੰਘ ਜੀ ਪ੍ਰਚਾਰਕ ਮਿਸ਼ਨ ਵਲੋਂ ਬਰਾਤ ਆਪਣੀ ਸ਼ਾਨ ਨਾਲ ਲੰਘੀ, ਵਿਰੋਧੀਆਂ ਦੇ ਹੌਸਲੇ ਜਥੇ ਨੂੰ (ਜਿਹੜਾ 9 ਸਿੱਖਾਂ ਦਾ ਸੀ) ਦੇਖ ਕੇ ਪਸਤ ਹੋ ਗਿਆ। ਇਹ ਘਟਨਾ ਇਸ ਇਲਾਕੇ ਵਿਚ ਦੀ ਹੈਸੀਅਤ ਨਾਲ ਦੇਖੀ ਜਾ ਰਹੀ ਹੈ। ਇਸ ਘਟਨਾ ਦੇ ਪ੍ਰਭਾਵ ਨਾਲ ਹੀ ਪਿੰਡ ਸਿੰਘ ਸਜ ਰਹੇ ਹਨ। ਇਸੀ ਇਲਾਕੇ ਵਿਚ 9 ਸਿੱਖਾਂ ਦੀ ਜਥੇਬੰਦੀ ਦੀ ਵਿਚਿੱਤਰ ਘਟਨਾ ਹੋਈ ਹੈ। ਭਾਈ ਸਾਧੂ ਸਿੰਘ ਜੀ ਯੂ.ਪੀ. ਪ੍ਰਚਾਰਕ ਇੰਚਾਰਜ ਪਿਲਖੁਨਾ ਜਾ ਕੇ ਪਤਾ ਲੱਗਾ ਕਿ ਨਾਲ ਦੇ ਪਿੰਡ ਬਦਰਪੁਰ ਵਿਚ ਇਕ ਜ਼ਿਮੀਂਦਾਰ ਦੇ ਸਿਪਾਹੀ ਨੇ ਜ਼ਬਰਦਸਤੀ ਇਕ ਨਾਬਾਲਗ ਸਿੱਖ ਦਾ ਕਛਹਿਰਾ ਉਤਾਰ ਲਿਆ। ਭਾਈ ਸਾਧੂ ਸਿੰਘ ਜੀ, ਭਾਈ ਰਘਬੀਰ ਸਿੰਘ ਜੀ ਅਤੇ ਮਹਿੰਦਰ ਸਿੰਘ ਜੀ ਫਿਲਾਸਫਰ ਰਾਜ ਘਾਟ ਜ਼ਿਮੀਂਦਾਰ ਪਾਸ ਮੁਆਮਲੇ ਦੀ ਪੜਤਾਲ ਲਈ ਅੱਪੜੇ। ਮੁਆਮਲਾ ਨਜਿੱਠਿਆ ਗਿਆ। ਪਰ ਕਿਸੀ ਵਿਰੋਧੀ ਨੇ ਗਲ ਦਰਿਆਫ਼ਤ ਕਰਨ ਗਏ ਸਿੱਖਾਂ ਨੂੰ ਘੇਰ ਲਿਆ। ਪਿਲਖੁਨਾ ਦੇ ਉਪਰੋਕਤ ਫਰਜ਼ੀ ਹਮਲੇ ਦਾ ਪਤਾ ਲੱਗਾ। ਖ਼ਬਰ ਹਵਾ ਦੀ ਤਰ੍ਹਾਂ ਫੈਲ ਗਈ। ਹੈਰਾਨ ਸਾਂ ਕਿ ਜਦ ਸਿੱਖ ਇਕ ਬੜੇ ਭਾਰੇ ਜਥੇ ਦੀ ਸ਼ਕਲ ਵਿਚ ਅਸਾਡੇ ਲਈ ਬੜੇ ਜੋਸ਼ ਵਿਚ ਆ ਹੇ ਸਨ। ਉਪਰੋਕਤ ਘਟਨਾਵਾਂ ਤੋਂ ਆਪ ਅਨੁਮਾਨ ਲਾ ਸਕਦੇ ਹੋ ਕਿ ਸਿੱਖੀ ਆਪਣੀ ਰੰਗਤ ਯੂ.ਪੀ. ਦੇ ਜਾਟਵ ਜਿਹੀ ਕੌਮ ਵਿਚ ਆਪਣਾ ਅਸਰ ਦਿਖਾ ਰਹੀ ਹੈ।

ਦਾਸ-ਕੇਹਰ ਸਿੰਘ
ਆਨਰੇਰੀ ਸਕੱਤਰ
ਸਰਬ-ਹਿੰਦ ਸਿੱਖ ਮਿਸ਼ਨ, ਅੰਮ੍ਰਿਤਸਰ
ਗੁਰਦੁਆਰਾ ਗਜ਼ਟ, ਜੁਲਾਈ 1937, ਪੰਨੇ 24-26




**(ਚਲਦਾ)**

# ਰਣਜੀਤ ਸਿੰਘ ਢੱਡਰੀਆਂ ਵਾਲੇ ਦੀਆਂ ਵਧੀਆਂ ਮੁਸ਼ਕਲਾਂ

## ਮਾਣਹਾਨੀ ਮਾਮਲੇ 'ਚ ਫਤਹਿਗੜ੍ਹ ਸਾਹਿਬ ਅਦਾਲਤ ਨੇ ਸੰਮਨ ਕੀਤਾ ਜਾਰੀ, 24 ਮਾਰਚ ਨੂੰ ਹੋਵੇਗੀ ਮਾਮਲੇ 'ਤੇ ਸੁਣਵਾਈ

ਫਤਿਹਗੜ੍ਹ ਸਾਹਿਬ : ਰਣਜੀਤ ਸਿੰਘ ਢੱਡਰੀਆਂ ਵਾਲੇ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਫਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਇੱਕ ਮਾਣਹਾਨੀ ਮਾਮਲੇ ਵਿੱਚ ਉਨ੍ਹਾਂ ਖ਼ ?ਲਾਫ਼ ਸੰਮਨ ਜਾਰੀ ਕਰਨ ਦੇ ਹੁਕਮ ਦਿੱਤੇ। ਹੁਣ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤ ਲੈਣੀ ਪਵੇਗੀ।



ਇਸ ਮਾਮਲੇ ਦੀ ਅਗਲੀ ਸੁਣਵਾਈ 24 ਮਾਰਚ ਨੂੰ ਹੋਵੇਗੀ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਰੰਧਾਵਾ ਦੇ ਵਕੀਲ ਅਮਰਦੀਪ ਸਿੰਘ ਧਾਰਨੀ ਨੇ ਦੱਸਿਆ ਕਿ ਸਾਲ 2019 ਵਿੱਚ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਅਤੇ ਉਹਨਾਂ ਦੇ ਪਿਤਾ ਹਰੀ ਸਿੰਘ ਰੰਧਾਵਾ ਬਾਰੇ ਅਪਮਾਨਜਨਕ ਸ਼ਬਦ ਬੋਲੇ ਸਨ। ਇਸ ਤੋਂ ਬਾਅਦ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਵੱਲੋਂ ਹੇਠਲੀ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਗਿਆ ਸੀ।

ਐਡਵੋਕੇਟ ਧਾਰਨੀ ਮੁਤਾਬਕ ਇਹ ਮਾਮਲਾ ਕਾਫੀ ਸਮੇਂ ਤੋਂ ਹੇਠਲੀ ਅਦਾਲਤ ਵਿੱਚ ਚੱਲ ਰਿਹਾ ਸੀ। ਪਰ ਕੇਸ ਦੀ ਪੈਰਵੀ ਤੋਂ ਅਸੰਤੁਸ਼ਟ ਹੋ ਕੇ ਸਾਲ 2021 ਵਿੱਚ ਇਸ ਮਾਮਲੇ ਸਬੰਧੀ ਫਤਹਿਗੜ੍ਹ ਸਾਹਿਬ ਦੀ ਸੈਸ਼ਨ ਅਦਾਲਤ ਵਿੱਚ ਇੱਕ ਰੀਵੀਜ਼ਨ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ ਵਿੱਚ ਅਦਾਲਤ ਕੋਲ ਮਾਮਲੇ ਦੀ ਕਾਰਵਾਈ 'ਤੇ ਦੁਬਾਰਾ ਵਿਚਾਰ ਕਰਨ ਦੀ ਮੰਗ ਕੀਤੀ ਗਈ ਸੀ।

ਦੱਸਿਆ ਜਾ ਰਿਹਾ ਹੈ ਕਿ ਇਸ ਰੀਵੀਜ਼ਨ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੈਸ਼ਨ ਅਦਾਲਤ ਫਤਹਿਗੜ੍ਹ ਸਾਹਿਬ ਨੇ ਅਹਿਮ ਹੁਕਮ ਜਾਰੀ ਕੀਤੇ ਹਨ। ਅਦਾਲਤ ਨੇ ਆਦੇਸ਼ ਦਿੱਤਾ ਹੈ ਕਿ ਹੇਠਲੀ ਅਦਾਲਤ ਵਿੱਚ ਚੱਲ ਰਹੇ ਮਾਮਲੇ ਵਿੱਚ ਸੰਬੰਧਤ ਧਿਰ ਨੂੰ ਸੰਮਨ ਜਾਰੀ ਕੀਤੇ ਜਾਣ ਅਤੇ ਸੁਣਵਾਈ ਨੂੰ ਅੱਗੇ ਵਧਾਇਆ ਜਾਵੇ।

ਅਦਾਲਤ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 24 ਮਾਰਚ ਦੀ ਤਾਰੀਕ ਨਿਰਧਾਰਤ ਕੀਤੀ ਗਈ ਹੈ। ਉਸ ਦਿਨ ਦੋਵੇਂ ਧਿਰਾਂ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਕਾਨੂੰਨੀ ਮਾਹਿਰਾਂ ਮੁਤਾਬਕ ਇਸ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਕੇਸ ਦੀ ਕਾਰਵਾਈ ਨੂੰ ਲੈ ਕੇ ਹੋਰ ਮਹੱਤਵਪੂਰਨ ਫੈਸਲੇ ਹੋ ਸਕਦੇ ਹਨ।

ਫਿਲਹਾਲ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਲਈ ਇਹ ਮਾਮਲਾ ਮੁੜ ਚਰਚਾ ਵਿੱਚ ਆ ਗਿਆ ਹੈ ਅਤੇ ਸਭ ਦੀਆਂ ਨਜ਼ਰਾਂ ਹੁਣ 24 ਮਾਰਚ ਨੂੰ ਹੋਣ ਵਾਲੀ ਅਗਲੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ।

# ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਸ਼ਹੀਦੀ ਅਸਥਾਨ ਟਾਹਲਾ ਸਾਹਿਬ ਵਿਖੇ ਨਤਮਸਤਕ ਹੋ ਕੇ ਕੀਤਾ ਸ਼ੁਕਰਾਨਾ

## ਦਸਤਾਰ ਦੀ ਸ਼ਾਨ ਵਧਾਉਣ ਲਈ ਅਣਥੱਕ ਸੇਵਾ ਕਰਾਂਗਾ ਤੇ ਗੁਰੂ ਦੀ ਮਿਹਰ ਨਾਲ ਹਰ ਚੁਣੌਤੀ ਸਰ ਕਰਾਂਗਾ: ਉਪ ਰਾਜਪਾਲ ਤਰਨਜੀਤ ਸਿੰਘ ਸੰਧੂ





ਅੰਮ੍ਰਿਤਸਰ : ਦਿੱਲੀ ਦੇ ਉਪ ਰਾਜਪਾਲ ਨਿਯੁਕਤ ਹੋਣ ਤੋਂ ਬਾਅਦ ਪਹਿਲੀ ਵਾਰ ਅੰਮ੍ਰਿਤਸਰ ਪਹੁੰਚੇ ਤਰਨਜੀਤ ਸਿੰਘ ਸੰਧੂ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ਼ਹੀਦੀ ਅਸਥਾਨ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਟਾਹਲਾ ਸਾਹਿਬ, ਚੱਬਾ ਵਿਖੇ ਮੱਥਾ ਟੇਕ ਕੇ ਗੁਰੂ ਦਾ ਸ਼ੁਕਰਾਨਾ ਅਦਾ ਕੀਤਾ, ਜਿੱਥੇ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵੱਲੋਂ ਉਹਨਾਂ ਦਾ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਤੋਂ ਪਹਿਲਾਂ ਉਹਨਾਂ ਦੇ ਸ਼ੁਕਰਾਨੇ ਦੀ ਅਰਦਾਸ ਗਿਆਨੀ ਸੂਰਤਾ ਸਿੰਘ ਵੱਲੋਂ ਕੀਤੀ ਗਈ। ਉਪਰੰਤ ਉਹਨਾਂ ਗੁਰੂ ਕਾ ਲੰਗਰ ਛਕਿਆ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਉਹਨਾਂ ਦੇ ਦਾਦਾ ਸਰਦਾਰ ਤੇਜਾ ਸਿੰਘ ਸਮੁੰਦਰੀ ਵੱਲੋਂ ਨਾ ਕੇਵਲ ਗੁਰਦੁਆਰਾ ਸੁਧਾਰ ਲਹਿਰ ਸਗੋਂ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਵੀ ਅਹਿਮ ਭੂਮਿਕਾ ਨਿਭਾਈ ਗਈ ਸੀ ਅਤੇ ਉਹਨਾਂ ਦੇ ਪਿਤਾ ਜੀ, ਉੱਘੇ ਸਿੱਖਿਆ ਸ਼ਾਸਤਰੀ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਨੂੰ ਵੀ ਗੁਰੂ ਘਰ ਤੋਂ ਹੀ ਮਾਣ-ਸਨਮਾਨ ਮਿਲਿਆ ਸੀ।

ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਉਹਨਾਂ ਦੇ ਰਸਤੇ ਵਿੱਚ ਭਾਵੇਂ ਅਨੇਕਾਂ ਚੁਣੌਤੀਆਂ ਹਨ, ਪਰ ਗੁਰੂ ਘਰ ਦੀ ਕਿਰਪਾ ਨਾਲ ਮਿਲੇ ਮਾਣ-ਸਨਮਾਨ ਨੂੰ ਨਿਮਰਤਾ ਨਾਲ ਸਵੀਕਾਰ ਕਰਦਿਆਂ ਹਰ ਚੁਣੌਤੀ ਨੂੰ ਸੇਵਾ ਅਤੇ ਇਮਾਨਦਾਰੀ ਨਾਲ ਸਰ ਕਰਨ ਦੀ ਕੋਸ਼ਿਸ਼ ਕਰਾਂਗਾ। ਉਨ੍ਹਾਂ ਅੱਗੇ ਕਿਹਾ, "ਮੇਰੇ ਸਿਰ 'ਤੇ ਦਸਤਾਰ ਸਿਰਫ਼ ਮੇਰੀ ਪਹਿਚਾਣ ਨਹੀਂ, ਸਿੱਖ ਕੌਮ ਦੀ ਸ਼ਾਨ ਹੈ। ਇਸ ਦੀ ਇੱਜ਼ਤ, ਸ਼ਾਨ ਤੇ ਮਾਣ ਨੂੰ ਹੋਰ ਉੱਚਾ ਕਰਨ ਲਈ ਮੈਂ ਹਮੇਸ਼ਾ ਅਣਥੱਕ ਕੋਸ਼ਿਸ਼ ਕਰਦਾ ਰਹਾਂਗਾ।

ਇਸ ਮੌਕੇ ਪੰਜਾਬ ਭਾਜਪਾ ਦੇ ਸੈਕਟਰੀ ਸੂਰਜ ਭਾਰਦਵਾਜ, ਪਰਮਜੀਤ ਸਿੰਘ ਪੰਮੀ, ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ, ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ, ਸਾਬਕਾ ਚੇਅਰਮੈਨ ਗੁਰਪ੍ਰਤਾਪ ਸਿੰਘ ਟਿੱਕਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਜੈਵੀਰਪਾਲ ਸਿੰਘ ਰੰਧਾਵਾ, ਗੁਰਕੀਰਤ ਸਿੰਘ, ਮਨਿੰਦਰਜੀਤ ਸਿੰਘ ਠੇਕੇਦਾਰ, ਸੁਖਵਿੰਦਰ ਸਿੰਘ ਤੇੜਾ, ਕਸ਼ਮੀਰ ਸਿੰਘ ਪ੍ਰਧਾਨ, ਮੈਨੇਜਰ ਰਣਦੀਪ ਸਿੰਘ, ਬਲਜੀਤ ਸਿੰਘ ਬਿੱਲਾ, ਦਿਲਬਾਗ ਸਿੰਘ ਸਾਈ, ਗੁਰਸੇਵਕ ਸਿੰਘ ਟਾਹਲਾ ਸਾਹਿਬ, ਗੁਰਸਾਹਿਬ ਸਿੰਘ ਟਾਹਲਾ ਸਾਹਿਬ, ਪਲਵਿੰਦਰ ਸਿੰਘ ਭੋਲਾ ਸੰਧੂ, ਬਲਜੀਤ ਸਿੰਘ ਰਾਜੂ, ਜਸਵਿੰਦਰ ਸਿੰਘ ਅਤੇ ਗੁਰਮੀਤ ਸਿੰਘ ਸੁਲਤਾਨਵਿੰਡ ਵੀ ਮੌਜੂਦ ਸਨ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਦੰਦਾਂ ਨੂੰ ਗਰਮ ਠੰਡਾ ਲੱਗਣਾ**

ਜੇਕਰ ਤੁਹਾਡੇ ਦੰਦਾਂ ਨੂੰ ਗਰਮ ਠੰਡਾ ਜਾਂ ਮਿੱਠਾ ਜ਼ਿਆਦਾ ਲੱਗਦਾ ਹੈ ਜਾਂ ਖਾਣ ਤੋਂ ਬਾਅਦ ਦਰਦ ਸ਼ੁਰੂ ਹੋ ਜਾਂਦਾ ਹੈ ਤਾਂ ਤੁਹਾਨੂੰ ਮਸੂੜਿਆਂ ਜਾਂ ਦੰਦਾਂ ਦੀ ਬਿਮਾਰੀ ਹੋ ਸਕਦੀ ਹੈ।


ਦੰਦ ਇੱਕ ਪਰਤ ਦੇ ਨਾਲ ਕਵਰ ਕੀਤੇ ਹੁੰਦੇ ਹਨ ਜਿਸਨੂੰ ਇਨੈਮਲ ਕਹਿੰਦੇ ਹਨ। ਤੁਹਾਡੇ ਦੰਦਾਂ ਦੇ ਖ਼ਰਾਬ ਹੋ ਜਾਣ ਕਾਰਨ ਜੇਕਰ ਇਹ ਪਰਤ ਉਤਰ ਜਾਂਦੀ ਹੈ ਤਾਂ ਦੰਦ ਸੰਵੇਦਨਸ਼ੀਲ ਹੋ ਜਾਂਦੇ ਹਨ।

**ਕਾਰਨ :**

1. ਮਸੂੜਿਆਂ ਦੀ ਇਨਫ਼ੈਕਸ਼ਨ ਜਾਂ ਸੋਜ਼ਿਸ਼ ਹੋਣਾ (ਮਸੂੜਿਆਂ ਦੀ ਬਿਮਾਰੀ ਵਾਲਾ ਅਧਿਆਇ ਪੜ੍ਹੋ)।
2. ਦੰਦਾਂ ਵਿੱਚ ਖੋਲ ਹੋਣਾ।
3. ਦੰਦਾਂ ਦਾ ਇਨਫ਼ੈਕਸ਼ਨ।
4. ਦੰਦਾਂ ਦਾ ਕਿਰਚਣਾ।
5. ਦੰਦਾਂ ਨੂੰ ਸਫ਼ੇਦ ਕਰਨ ਵਾਲੇ ਪੇਸਟ।
6. ਬਹੁਤ ਜ਼ਿਆਦਾ ਸੋਢਾ, ਨਿੰਬੂ ਜਾਂ ਸੰਤਰਿਆਂ ਦਾ ਜੂਸ (ਤੇਜ਼ਾਬੀ ਜੂਸ) ਪੀਣ ਨਾਲ।
7. ਦੰਦ ਵਿੱਚ ਤਰੇੜ ਜਾਂ ਦੰਦ ਦੇ ਟੁੱਟਣ ਕਾਰਨ।

**ਰੋਕਥਾਮ/ਬਚਾਅ :**

1. ਬੁਰਸ਼ ਕਰਨਾ : ਦੰਦਾਂ ਅਤੇ ਮਸੂੜਿਆਂ ਦੀ ਸਿਹਤ ਨੂੰ ਸਹੀ ਰੱਖਣ ਲਈ ਠੀਕ ਤਰੀਕੇ ਨਾਲ ਬੁਰਸ਼ ਕਰਨਾ ਬਹੁਤ ਜ਼ਰੂਰੀ ਹੈ। ਹਰ ਰੋਜ਼ ਲਗਭਗ ਦੋ ਮਿੰਟ ਲਈ ਦਿਨ ਵਿੱਚ ਦੋ ਵਾਰ ਬੁਰਸ਼ ਕਰੋ। ਬੁਰਸ਼ ਨੂੰ ਆਪਣੇ ਮਸੂੜਿਆਂ ਦੀ




ਲਾਈਨ ਵਿੱਚ ਟੇਢਾ ਕਰ ਕੇ ਆਪਣੇ ਮਸੂੜਿਆਂ ਤੋਂ ਬਾਹਰ ਵੱਲ ਨੂੰ ਬੁਰਸ਼ ਕਰੋ, ਆਪਣੀ ਜੀਭ ਉੱਤੇ ਕੀਟਾਣੂ ਹਟਾਉਣ ਲਈ ਜੀਭ 'ਤੇ ਵੀ ਆਰਾਮ ਨਾਲ ਬੁਰਸ਼ ਕਰੋ। ਇਸ ਤੋਂ ਬਾਅਦ ਚੰਗੀ ਤਰ੍ਹਾਂ ਪਾਣੀ ਨਾਲ ਕੁਰਲੀ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬੁਰਸ਼ ਕਰਨਾ ਨਾ ਭੁੱਲੋ।

2. ਫ਼ਲੌਸਿੰਗ : ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਧਾਗੇ ਨਾਲ ਸਾਫ਼ ਕਰਨ ਦੇ ਤਰੀਕੇ ਨੂੰ ਫ਼ਲੌਸਿੰਗ ਕਿਹਾ ਜਾਂਦਾ ਹੈ। ਫ਼ਲੌਸਿੰਗ ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਜ਼ਰੂਰ ਕਰੋ, ਜੇ ਹੋ ਸਕੇ ਤਾਂ ਸੌਣ ਤੋਂ ਪਹਿਲਾਂ।

3. ਨਰਮ ਵਾਲਾਂ ਵਾਲੇ ਬੁਰਸ਼ ਦੀ ਵਰਤੋਂ ਕਰੋ।

4. ਜੇਕਰ ਤੁਸੀਂ ਦੰਦ ਕਿਰਚਦੇ ਹੋ ਤਾਂ ਰਾਤ ਨੂੰ ਸੌਣ ਸਮੇਂ ਦੰਦਾਂ ਦੀ ਸੁਰੱਖਿਆ ਕਰਨ ਵਾਲਾ ਮਾਊਥ ਗਾਰਡ ਮੂੰਹ ਅੰਦਰ ਲਗਾਓ।

5. ਫ਼ਲੋਰਾਈਡ ਵਾਲੇ ਪੇਸਟ ਦੀ ਵਰਤੋਂ ਕਰੋ ਕਿਉਂਕਿ ਇਹ ਦੰਦਾਂ ਦੇ ਇਨੈਮਲ ਨੂੰ ਮਜ਼ਬੂਤ ਕਰਦੇ ਹਨ।

6. ਦੰਦਾਂ ਦੇ ਡਾਕਟਰ ਨੂੰ ਸਮੇਂ ਸਮੇਂ ਸਿਰ ਦਿਖਾਓ।

7. ਸੌਣ ਤੋਂ ਪਹਿਲਾਂ ਮਿੱਠਾ ਨਾ ਖਾਓ। ਸੌਣ ਤੋਂ ਪਹਿਲਾਂ ਹਮੇਸ਼ਾਂ ਬੁਰਸ਼ ਕਰੋ।

**ਇਲਾਜ :**

1. ਐਂਟੀਬਾਇਓਟਿਕ ਦਵਾਈਆਂ।
2. ਡਾਕਟਰ ਵੱਲੋਂ ਦੰਦਾਂ ਦੀ ਪੂਰੀ ਸਫ਼ਾਈ।
4. ਜੇਕਰ ਤੁਹਾਡੇ ਦੰਦਾਂ ਵਿੱਚ ਖੋਲ ਹਨ ਤਾਂ ਇਨ੍ਹਾਂ ਦੀ ਫ਼ਿਲਿੰਗ ਕਰਵਾਓ।
5. ਫ਼ਲੋਰਾਈਡ ਦਾ ਲੇਪ ਡਾਕਟਰ ਕੋਲੋਂ ਲਗਵਾਉਣ ਨਾਲ ਗਰਮ ਠੰਡਾ ਲੱਗਣ ਤੋਂ ਰਾਹਤ ਮਿਲਦੀ ਹੈ।

**ਦੰਦਾਂ ਦੇ ਖੋਲ**

**(ਕੈਵੀਟੀਜ਼)**

ਜੇਕਰ ਦੰਦਾਂ ਨੂੰ ਚੰਗੀ ਤਰ੍ਹਾਂ ਸਾਫ਼ ਨਾ ਕਰੀਏ ਤਾਂ ਖਾਣਾ ਦੰਦਾਂ ਦੇ ਆਲੇ-ਦੁਆਲੇ ਇਕੱਠਾ ਹੋ ਜਾਂਦਾ ਹੈ। ਮੂੰਹ ਵਿੱਚ ਮੌਜੂਦ ਬੈਕਟੀਰੀਆ ਇਸ ਖਾਣੇ ਨੂੰ ਤੇਜ਼ਾਬ ਵਿੱਚ ਬਦਲ ਦਿੰਦੇ ਹਨ। ਇਹ ਤੇਜ਼ਾਬ ਦੰਦਾਂ ਵਿੱਚ ਮੋਰੀਆਂ ਕਰ ਦਿੰਦਾ ਹੈ, ਜਿਸਨੂੰ ਦੰਦਾਂ ਦੇ ਖੋਲ ਜਾਂ ਕੈਵੀਟੀਜ਼ ਕਿਹਾ ਜਾਂਦਾ ਹੈ। **ਕਾਰਨ :**

1. ਦੰਦਾਂ ਨੂੰ ਚੰਗੀ ਤਰ੍ਹਾਂ ਸਾਫ਼ ਨਾ ਕਰਨਾ।
2. ਦੰਦਾਂ ਦੇ ਵਿਚਕਾਰ ਖਾਣਾ ਇਕੱਠਾ ਹੋਣਾ।
3. ਸੋਢਾ, ਨਿੰਬੂ ਅਤੇ ਸੰਤਰਿਆਂ ਦਾ ਜੂਸ (ਤੇਜ਼ਾਬੀ ਜੂਸ)।
4. ਜ਼ਿਆਦਾ ਮਿੱਠਾ ਖਾਣਾ।

**ਲੱਛਣ :**

1. ਦੰਦਾਂ ਨੂੰ ਗਰਮ ਠੰਡਾ ਲੱਗਣਾ।
2. ਦੰਦਾਂ ਦਾ ਦਰਦ।
3. ਦੰਦਾਂ ਦੇ ਖੋਲ ਦਾ ਆਕਾਰ ਵਧਣਾ।

**ਰੋਕਥਾਮ/ਬਚਾਅ :**

1. ਬੁਰਸ਼ ਕਰਨਾ : ਦੰਦਾਂ ਅਤੇ ਮਸੂੜਿਆਂ ਦੀ ਸਿਹਤ ਨੂੰ ਸਹੀ ਰੱਖਣ ਲਈ ਠੀਕ ਤਰੀਕੇ ਨਾਲ ਬੁਰਸ਼ ਕਰਨਾ ਬਹੁਤ ਜ਼ਰੂਰੀ ਹੈ। ਹਰ ਰੋਜ਼ ਲਗਭਗ ਦੋ ਮਿੰਟ ਲਈ ਦਿਨ ਵਿੱਚ ਦੋ ਵਾਰ ਬੁਰਸ਼ ਕਰੋ। ਬੁਰਸ਼ ਨੂੰ ਆਪਣੇ ਮਸੂੜਿਆਂ ਦੀ ਲਾਈਨ ਵਿੱਚ ਟੇਢਾ ਕਰ ਕੇ ਆਪਣੇ ਮਸੂੜਿਆਂ ਤੋਂ ਬਾਹਰ ਵੱਲ ਨੂੰ ਬੁਰਸ਼ ਕਰੋ, ਆਪਣੀ ਜੀਭ ਉੱਤੇ ਕੀਟਾਣੂ ਹਟਾਉਣ ਲਈ ਜੀਭ 'ਤੇ ਵੀ ਆਰਾਮ ਨਾਲ ਬੁਰਸ਼ ਕਰੋ। ਇਸ ਤੋਂ ਬਾਅਦ ਚੰਗੀ ਤਰ੍ਹਾਂ ਪਾਣੀ ਨਾਲ ਕੁਰਲੀ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬੁਰਸ਼ ਕਰਨਾ ਨਾ ਭੁੱਲੋ।
2. ਫ਼ਲੌਸਿੰਗ : ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਧਾਗੇ ਨਾਲ ਸਾਫ਼ ਕਰਨ ਦੇ ਤਰੀਕੇ ਨੂੰ ਫ਼ਲੌਸਿੰਗ ਕਿਹਾ ਜਾਂਦਾ ਹੈ। ਫ਼ਲੌਸਿੰਗ ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਜ਼ਰੂਰ ਕਰੋ, ਜੇ ਹੋ ਸਕੇ ਤਾਂ ਸੌਣ ਤੋਂ ਪਹਿਲਾਂ।
3. ਦੰਦਾਂ ਦੇ ਉਹ ਪੇਸਟ ਵਰਤੋ ਜਿਨ੍ਹਾਂ ਵਿੱਚ ਫ਼ਲੋਰਾਈਡ ਹੋਵੇ।
4. ਆਪਣੇ ਦੰਦਾਂ ਦੇ ਡਾਕਟਰ ਨੂੰ ਸਮੇਂ ਸਮੇਂ ਸਿਰ ਦਿਖਾਓ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਚੀਨੀ ਯੂਨੀਵਰਸਿਟੀ ਨੇ ਬਠਿੰਡਾ ਦੀ ਪ੍ਰੋਫੈਸਰ ਡਾ. ਜ਼ਮੀਰਪਾਲ ਕੌਰ ਨੂੰ ਪੰਜਾਬੀ ਭਾਸ਼ਾ ਵਿੱਚ ਵਿਦੇਸ਼ੀ ਮਾਹਰ ਵਜੋਂ ਕੀਤਾ ਨਿਯੁਕਤ

## ਪੰਜਾਬੀ ਭਾਸ਼ਾ ਦੇ ਨਾਲ-ਨਾਲ ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ ਵੀ ਪੜ੍ਹਾਉਣਗੇ ਡਾ.ਕੌਰ



ਬੀਜਿੰਗ : ਚੀਨ ਦੀ ਬੀਜਿੰਗ ਫੌਰਨ ਸਟੱਡੀਜ਼ ਯੂਨੀਵਰਸਿਟੀ (BFSU) ਨੇ ਆਪਣੇ ਵਿਦੇਸ਼ੀ ਅਤੇ ਭਾਰਤੀ ਭਾਸ਼ਾਵਾਂ ਦੇ ਕੋਰਸਾਂ ਵਿੱਚ ਹੁਣ ਪੰਜਾਬੀ ਭਾਸ਼ਾ ਨੂੰ ਵੀ ਸ਼ਾਮਲ ਕਰ ਲਿਆ ਹੈ। ਇਸ ਦੇ ਨਾਲ ਹੀ ਪੰਜਾਬੀ ਇਸ ਯੂਨੀਵਰਸਿਟੀ ਵਿੱਚ ਪੜ੍ਹਾਈ ਜਾਣ ਵਾਲੀ 102ਵੀਂ ਭਾਸ਼ਾ ਬਣ ਗਈ ਹੈ । ਇਸ ਤੋਂ ਪਹਿਲਾਂ ਇੱਥੇ ਹਿੰਦੀ, ਤਾਮਿਲ ਅਤੇ ਉਰਦੂ ਸਮੇਤ 101 ਭਾਸ਼ਾਵਾਂ ਪੜ੍ਹਾਈਆਂ ਜਾ ਰਹੀਆਂ ਹਨ । ਇਹ ਕੋਰਸ ਮੁੱਖ ਤੌਰ 'ਤੇ ਚੀਨੀ ਵਿਦਿਆਰਥੀਆਂ, ਡਿਪਲੋਮੈਟਾਂ ਅਤੇ ਸਰਕਾਰੀ ਅਧਿਕਾਰੀਆਂ ਲਈ ਹੁੰਦੇ ਹਨ ਤਾਂ ਕਿ ਉਹ ਵਿਦੇਸ਼ੀ ਭਾਸ਼ਾਵਾਂ ਵਿੱਚ ਮਾਹਰ ਹੋ ਸਕਣ।

ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਸਿਖਾਉਣ ਲਈ ਬਠਿੰਡਾ ਦੀ ਕੇਂਦਰੀ ਪੰਜਾਬ ਯੂਨੀਵਰਸਿਟੀ (CUPB) ਦੀ ਸਾਬਕਾ ਪ੍ਰੋਫੈਸਰ ਅਤੇ ਡੀਨ ਡਾ. ਜ਼ਮੀਰਪਾਲ ਕੌਰ ਸੰਧੂ ਬਾਜਵਾ ਨੂੰ ਨਿਯੁਕਤ ਕੀਤਾ ਹੈ। ਡਾ. ਕੌਰ ਨੇ ਦੱਸਿਆ ਕਿ ਉਹ ਉੱਥੇ ਸਿਰਫ਼ ਭਾਸ਼ਾ ਹੀ ਨਹੀਂ ਸਗੋਂ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਵੀ ਪੜ੍ਹਾਉਣਗੇ। ਇਸ ਤੋਂ ਇਲਾਵਾ ਉਨ੍ਹਾਂ ਦੀ ਇੱਕ ਅਹਿਮ ਜ਼ਿੰਮੇਵਾਰੀ ਚੀਨੀ ਅਧਿਆਪਕਾਂ ਨੂੰ ਸਿਖਲਾਈ ਦੇਣਾ ਹੋਵੇਗੀ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਉਹ ਖੁਦ ਚੀਨੀ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾ ਸਕਣ ਦੇ ਸਮਰੱਥ ਹੋ ਸਕਣ।

# ਜੰਗ ਦੇ ਸਾਏ ਹੇਠ ਈਰਾਨ ਸਰਕਾਰ ਨੇ ਰਵਾਇਤੀ ਤਿਉਹਾਰ ਮਨਾਉਣ 'ਤੇ ਲਾਈ ਪਾਬੰਦੀ, ਲੋਕਾਂ 'ਚ ਨਿਰਾਸ਼ਾ

ਤਹਿਰਾਨ : ਨਵੇਂ ਸਾਲ (ਨੌਰੋਜ਼) ਦੇ ਆਗਮਨ ਤੋਂ ਠੀਕ ਪਹਿਲਾਂ ਮਨਾਏ ਜਾਣ ਵਾਲੇ ਰਵਾਇਤੀ ਅੱਗ ਤਿਉਹਾਰ, 'ਚਹਰਸ਼ਾਂਬੇ ਸੂਰੀ' ਨੂੰ ਲੈ ਕੇ ਈਰਾਨ ਵਿੱਚ ਤਣਾਅ ਬਣਿਆ ਹੋਇਆ ਹੈ। ਈਰਾਨੀ ਅਧਿਕਾਰੀਆਂ ਨੇ ਨਾਗਰਿਕਾਂ ਨੂੰ ਚੇਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਇਸ ਸਾਲ ਅਜਿਹੇ ਤਿਉਹਾਰ ਦੇ ਕਿਸੇ ਵੀ ਜਸ਼ਨ 'ਤੇ ਪਾਬੰਦੀ ਲਗਾਈ ਹੈ, ਜਿਸ ਵਿੱਚ ਲੋਕਾਂ ਦੇ ਨੱਚਣ ਅਤੇ ਗਾਉਣ ਲਈ ਇਕੱਠੇ ਹੋਣਾ ਸ਼ਾਮਲ ਹੈ।



'ਚਹਰਸ਼ਾਂਬੇ ਸੂਰੀ' ਇੱਕ ਪ੍ਰਾਚੀਨ ਤਿਉਹਾਰ ਹੈ ਜੋ ਫਾਰਸੀ ਕੈਲੰਡਰ ਦੇ ਆਖਰੀ ਮੰਗਲਵਾਰ ਰਾਤ ਨੂੰ ਮਨਾਇਆ ਜਾਂਦਾ ਹੈ। ਲੋਕ ਅੱਗ ਬਾਲਦੇ ਹਨ ਅਤੇ ਉਸ ਉੱਤੇ ਛਾਲ ਮਾਰਦੇ ਹਨ, ਜੋ ਸ਼ੁੱਧਤਾ ਅਤੇ ਨਵੀਨੀਕਰਨ ਦਾ ਪ੍ਰਤੀਕ ਹੈ। ਆਧੁਨਿਕ ਸਮੇਂ ਵਿੱਚ ਇਹ ਜਸ਼ਨ ਆਤਿਸ਼ਬਾਜ਼ੀ ਅਤੇ ਦਾਅਵਤਾਂ ਵਿੱਚ ਵਿਕਸਤ ਹੋ ਗਿਆ ਹੈ, ਜੋ ਬਸੰਤ ਦੇ ਆਗਮਨ ਅਤੇ ਨੌਰੋਜ਼ ਦੀ ਖੁਸ਼ੀ ਦਾ ਸੰਕੇਤ ਹੈ। ਈਰਾਨੀ ਰੈੱਡ ਕ੍ਰੀਸੈਂਟ, ਫਾਇਰ ਡਿਪਾਰਟਮੈਂਟ ਅਤੇ ਐਮਰਜੈਂਸੀ ਸੇਵਾਵਾਂ ਦੁਆਰਾ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੌਜੂਦਾ ਯੁੱਧ ਸਥਿਤੀ ਅਤੇ ਜਨਤਕ ਸੁਰੱਖਿਆ ਦੇ ਕਾਰਨ ਲੋਕਾਂ ਨੂੰ ਸੜਕਾਂ 'ਤੇ ਉਤਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਪ੍ਰਸ਼ਾਸਨ ਦਾ ਤਰਕ ਹੈ ਕਿ ਇਸ ਸਮੇਂ ਡਾਕਟਰੀ ਪ੍ਰਣਾਲੀ ਅਤੇ ਐਮਰਜੈਂਸੀ ਸਰੋਤਾਂ ਦੀ ਸੁਰੱਖਿਆ ਕਰਨਾ ਜ਼ਰੂਰੀ ਹੈ ਤਾਂ ਜੋ ਉਨ੍ਹਾਂ 'ਤੇ ਜ਼ਿਆਦਾ ਬੋਝ ਨਾ ਪਵੇ।

**ਸਰਕਾਰ ਦੇ ਫ਼ੈਸਲੇ ਦਾ ਭਾਰੀ ਵਿਰੋਧ**

ਸੁਤੰਤਰ ਨਿਰੀਖਕਾਂ ਅਤੇ ਵਿਰੋਧੀ ਆਗੂਆਂ ਦਾ ਮੰਨਣਾ ਹੈ ਕਿ ਤਿਉਹਾਰ 'ਤੇ ਇਹ ਪਾਬੰਦੀ ਸੁਰੱਖਿਆ ਕਾਰਨਾਂ ਕਰਕੇ ਨਹੀਂ ਹੈ, ਸਗੋਂ ਅਸਹਿਮਤੀ ਨੂੰ ਦਬਾਉਣ ਲਈ ਹੈ। ਜਨਵਰੀ ਵਿੱਚ ਦੇਸ਼ ਵਿਆਪੀ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਬਾਅਦ ਸ਼ਾਸਨ ਚਿੰਤਤ ਹੈ। ਕਈ ਸੂਬਾਈ ਅਧਿਕਾਰੀਆਂ ਨੇ ਤਿਉਹਾਰ ਨੂੰ 'ਰਾਸ਼ਟਰੀ ਵਿਵਸਥਾ ਅਤੇ ਸੁਰੱਖਿਆ ਲਈ ਖ਼ਤਰਾ' ਘੋਸ਼ਿਤ ਕੀਤਾ ਹੈ। ਅਧਿਕਾਰੀਆਂ ਦਾ ਦਾਅਵਾ ਹੈ ਕਿ 'ਦੁਸ਼ਮਣ' ਅਸ਼ਾਂਤੀ ਭੜਕਾਉਣ ਲਈ ਅਜਿਹੀ ਭੀੜ ਦਾ ਫਾਇਦਾ ਉਠਾ ਸਕਦਾ ਹੈ। ਈਰਾਨ ਦੇ ਪੁਲਿਸ ਮੁਖੀ, ਜਨਰਲ ਅਹਿਮਦਰੇਜ਼ਾ ਰਾਦਾਨ, ਨੇ ਸੁਰੱਖਿਆ ਬਲਾਂ ਅਤੇ ਸਮਰਥਕਾਂ ਨੂੰ ਚਹਰਸ਼ਾਂਬੇ ਸੂਰੀ ਦਾ ਜਸ਼ਨ ਮਨਾਉਣ ਲਈ ਲੋਕਾਂ ਨੂੰ ਇਕੱਠੇ ਹੋਣ ਤੋਂ ਰੋਕਣ ਦਾ ਆਦੇਸ਼ ਦਿੱਤਾ ਹੈ। ਇਸ ਦੌਰਾਨ ਜਲਾਵਤਨ ਵਿਰੋਧੀ ਨੇਤਾ ਰੇਜ਼ਾ ਪਹਿਲਵੀ ਨੇ ਸੋਸ਼ਲ ਮੀਡੀਆ 'ਤੇ ਦੋਸ਼ ਲਗਾਇਆ ਕਿ ਸ਼ਾਸਨ ਇਨ੍ਹਾਂ ਸ਼ਾਂਤੀਪੂਰਨ ਜਸ਼ਨਾਂ ਨੂੰ ਦਬਾਉਣ ਲਈ 'ਘਾਤਕ ਤਾਕਤ' ਦੀ ਵਰਤੋਂ ਕਰਨ ਦੀ ਧਮਕੀ ਦੇ ਰਿਹਾ ਹੈ। ਤਹਿਰਾਨ ਸਮੇਤ ਕਈ ਵੱਡੇ ਸ਼ਹਿਰਾਂ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ, ਜਿਸ ਨਾਲ ਇਸ ਪ੍ਰਾਚੀਨ ਤਿਉਹਾਰ 'ਤੇ ਟਕਰਾਅ ਦੀ ਸੰਭਾਵਨਾ ਵਧ ਗਈ ਹੈ।

# ਭਰਿਆ ਮੇਲਾ ਛੱਡਣਾ ਚੰਗਾ ਕਿਉਂ ਹੁੰਦਾ ਐ ?

ਭਰੇ ਭਕੁੰਨੇ ਪ੍ਰਵਾਰ ਵਿੱਚੋਂ ਕਿਸੇ ਸਿਆਣੇ ਦੇ ਅਕਾਲ ਚਲਾਣਾ ਕਰ ਜਾਣ 'ਤੇ ਘਰ ਦੇ ਜੀਆਂ ਨੂੰ ਆਂਢ ਗੁਆਂਢ ਵਾਲੇ ਧਰਵਾਸ ਦਿੰਦਿਆਂ ਅਕਸਰ ਕਹਿੰਦੇ ਨੇ-'ਕੋਈ ਨਾ ਭਾਈ, ਭਰਿਆ ਮੇਲਾ ਛੱਡ ਕੇ ਗਿਆ ਐ!' ਇੱਕ ਵਾਰ ਇਸ ਮੁਹਾਵਰੇ ਦਾ ਅਮਲੀ ਰੂਪ ਦੇਖਣ ਬਾਅਦ ਹੀ ਮੈਨੂੰ ਅਨੁਭਵ ਹੋਇਆ ਕਿ ਵਾਕਿਆ ਹੀ ਭਰਿਆ ਮੇਲਾ ਛੱਡਣਾ ਕਿੰਨਾਂ ਬਿਹਤਰ ਹੁੰਦਾ ਹੈ।

ਹੋਇਆ ਇੰਜ ਕਿ ਬਾਦਲ ਦਲ ਨਾਲ ਸਮਝੌਤੇ ਤੋਂ ਬਾਅਦ ਟੌਹੜਾ ਸਾਹਬ ਨੇ ਸ਼੍ਰੋਮਣੀ ਕਮੇਟੀ ਦਾ ਮੁੜ ਪ੍ਰਧਾਨ ਬਣਨ 'ਤੇ ਮੈਨੂੰ ਸ੍ਰੀ ਅਨੰਦ ਪੁਰ ਸਾਹਬ ਦੇ ਗੁਰਦੁਆਰਿਆਂ ਦੀ ਜਾਇਦਾਦ-ਸਬ ਕਮੇਟੀ ਦਾ ਵੀ ਮੈਂਬਰ ਨਿਯਤ ਕਰ ਦਿੱਤਾ। ਹੋਲਾ ਮਹੱਲਾ ਤਾਂ ਵੈਸੇ ਆਪਾਂ ਪਹਿਲਾਂ ਵੀ ਲਗਭਗ ਬਿਨਾਂ ਨਾਗਾ ਹੀ ਦੇਖਦੇ ਰਹੇ ਹਾਂ ਪਰ ਇਕ ਸਾਲ ਸਬ-ਕਮੇਟੀ ਦਾ ਮੈਂਬਰ ਹੋਣ ਸਦਕਾ ਸਾਰੇ ਪ੍ਰਬੰਧਾਂ ਦੀ ਦੇਖ-ਰੇਖ ਕਰਨ ਹਿਤ ਮੈਂ ਪੰਜ ਛੇ ਦਿਨ ਸ੍ਰੀ ਅਨੰਦ ਪੁਰ ਸਾਹਬ ਜੋੜ-ਮੇਲੇ ਵਿਚ ਘੁੰਮਦਾ ਫਿਰਦਾ ਰਿਹਾ।ਚਾਰੇ ਪਾਸੇ ਰੌਣਕਾਂ ਹੀ ਰੌਣਕਾਂ ਦਾ ਖੁਦ ਅੰਗ ਬਣਕੇ ਪੰਥਕ ਜਾਹੋ ਜਲਾਲ ਦਾ ਖ਼ੂਬ ਅਨੰਦ ਮਾਣਦਾ ਰਿਹਾ!



ਦੂਸਰੇ ਚਾਰ-ਪੰਜ ਸਾਥੀ ਮੈਂਬਰ ਸਾਹਿਬਾਨ ਮਹੱਲੇ ਵਾਲੇ ਦਿਨ ਹੀ ਘਰੋ-ਘਰੀਂ ਵਾਪਸ ਮੁੜ ਗਏ। ਮੈਨੇਜਰ ਨੇ ਮੈਨੂੰ ਜੋਰ ਪਾ ਕੇ ਕਿਹਾ ਕਿ ਮੈਂਬਰ ਸਾਹਬ ਮਿਹਰਬਾਨੀ ਕਰਕੇ ਤੁਸੀਂ ਜ਼ਰੂਰ ਰੁਕ ਜਾਉ ਕਿਉਂ ਕਿ ਗੋਲਕਾਂ ਦੀ ਗਿਣਤੀ ਤੋਂ ਇਲਾਵਾ ਹੋਰ ਕਈ ਦਫਤਰੀ ਕਾਗਜ਼-ਪੱਤਰਾਂ 'ਤੇ ਮੈਂਬਰ ਦੀ ਹਾਜ਼ਰੀ/ਸਾਈਨ ਜ਼ਰੂਰੀ ਹੁੰਦੇ ਹਨ।



ਤਰਲੋਚਨ ਸਿੰਘ ਦੁਪਾਲਪੁਰ
001-408-905-5517
tsdupalpuri@yahoo.com

ਲਉ ਜੀ ਹੋਲੇ ਦੀ ਆਖਰੀ ਸ਼ਾਨ ਮਹੱਲੇ ਤੋਂ ਦੂਜੇ ਜਾਂ ਤੀਜੇ ਦਿਨ ਸ਼ਾਮ ਨੂੰ ਵਾਪਸੀ ਮੌਕੇ ਜਦ ਮੈਂ ਤਖਤ ਸਾਹਿਬ 'ਤੇ ਮੱਥਾ ਟੇਕਣ ਗਿਆ ਤਾਂ ਜੋੜ-ਮੇਲੇ ਦੌਰਾਨ ਸੰਗਤਾਂ ਦੇ ਹੜ੍ਹ ਦੀ ਥਾਂਹ ਉੱਥੇ ਇੱਕਾ-ਦੁੱਕਾ ਮਾਈ ਭਾਈ ਫਿਰਦੇ ਦੇਖ ਕੇ ਮੈਂ ਭੁਚੱਕਾ ਜਿਹਾ ਹੀ ਰਹਿ ਗਿਆ! ਫਿਰ ਜਦ ਤਖਤ ਸਾਹਿਬ ਵਾਲੀ ਘਾਟੀ ਉੱਤਰ ਕੇ ਬੱਸ ਅੱਡੇ ਵੱਲ੍ਹ ਨੂੰ ਤੁਰਿਆ ਉੱਥੇ ਨੀਲੀਆਂ ਪੀਲੀਆਂ ਦਸਤਾਰਾਂ ਦੁਮਾਲਿਆਂ ਅਤੇ ਰੰਗ ਬਰੰਗੀਆਂ ਚੁੰਨੀਆਂ ਪਹਿਨੀਂ ਠਾਠਾਂ ਮਾਰਦੀ ਸੰਗਤ ਨਦਾਰਦ! ਸੁੰਨੀਆਂ ਸੜਕਾਂ ਅਤੇ ਚਾਟ-ਭੱਲੇ ਤੇ ਗੋਲ ਗੱਪਿਆਂ ਵਾਲਿਆਂ ਵਲੋਂ ਸੁੱਟੀਆਂ ਲਿੱਬੜੀਆਂ-ਤਿਬੜੀਆਂ ਅਖਬਾਰਾਂ ਨੂੰ ਸੁੰਘਦੇ-ਚੱਟਦੇ ਫਿਰਦੇ ਕੁੱਤੇ ਦੇਖ ਕੇ ਮੈਂ ਬੇਚੈਨ ਹੀ ਹੋ ਗਿਆ!

ਮਨ-ਚਿੱਤ ਨੂੰ ਖਾਲਸਈ ਹੁਲਾਸ ਨਾਲ ਭਰਨ ਵਾਲੀਆਂ ਸੰਗਤਾਂ ਦਾ ਸਮੁੰਦਰ ਅੱਜ ਕਿੱਧਰ ਵਗ ਗਿਆ? ਸ੍ਰੀ ਕੇਸਗੜ੍ਹ ਸਾਹਿਬ ਦੇ ਚੌਗਿਰਦੇ 'ਚ ਗੂੰਜਦੀਆਂ ਢੱਡ-ਸਾਰੰਗੀਆਂ ਅਤੇ ਕੰਨੀਂ ਪੈਂਦੀਆਂ ਜੋਸ਼ੀਲੀਆਂ ਵਾਰਾਂ ਦਾ ਵਿਸਮਾਦੀ ਗਾਇਨ ਸਭ ਅਲੋਪ! ਗਰਮਾਂ ਗਰਮ ਪਕੌੜੇ, ਦੇਸੀ ਘਿਉ ਦੀਆਂ ਜਲੇਬਾਂ ਅਤੇ ਕੜ੍ਹੀ-ਚੌਲ ਛਕੋ ਜੀ ਦੇ ਸੱਦੇ ਵੀ ਖਾਮੋਸ਼ ਹੋ ਚੁੱਕੇ ਸਨ।

ਸਰੋਵਰ ਦੇ ਮੋਹਰਲੇ ਗਰਾਊਂਡ ਵਿਚ ਲਿਬੜੇ ਤਿਬੜੇ ਪਾਟੇ ਲਿਫਾਫੇ ਅਤੇ ਰੱਦੀ ਕਾਗਜ਼, ਚੱਲ ਰਹੀ ਉਦਾਸ ਹਵਾ ਕਾਰਨ ਉੜਦੇ ਹੋਏ ਦੇਖ ਕੇ ਮੈਂ ਹੋਰ ਉਦਾਸ ਹੋ ਗਿਆ।

ਮੇਲੇ ਦੌਰਾਨ ਪੰਜ ਛੇ ਦਿਨ ਏਧਰ ਓਧਰ ਘੁੰਮਦਿਆਂ ਕਿੱਥੇ ਮੈਨੂੰ ਜਾਣਦੇ ਪਛਾਣਦੇ ਸੱਜਣ ਉਡ ਉਡ ਮਿਲਦੇ ਰਹੇ ਗੱਜ ਵੱਜ ਫਤਹਿ ਬੁਲਾਉਂਦੇ ਗਲਵਕੜੀਆਂ ਪਾਉਂਦੇ ਰਹੇ ਤੇ ਕਿੱਥੇ ਅੱਜ ਮੈਂ ਉਸੇ ਅਨੰਦਪੁਰ ਸਾਹਿਬ ਦੀ ਸੜਕ ਉੱਤੇ ਸੁੰਨ੍ਹ-ਵੱਟਾ ਜਿਹਾ ਬਣਿਆ ਇਕੱਲਾ ਹੀ ਤੁਰਿਆ ਜਾ ਰਿਹਾ ਸਾਂ!

ਅਖੀਰ ਆਪਣੇ ਭਾਈਆ ਜੀ ਵਲੋਂ ਮਿਲੀ ਹੋਈ ਸਿੱਖਿਆ ਮੁਤਾਬਕ ਮੈਂ ਬੱਸ ਅੱਡੇ ਪਹੁੰਚ ਪਿੱਛੇ ਨੂੰ ਘੁੰਮਿਆਂ। ਦੋਏ ਹੱਥ ਜੋੜ ਕੇ ਸ੍ਰੀ ਕੇਸਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦਿਆਂ ਵਿਦਾਇਗੀ ਵਾਲੀ ਫਤਹਿ ਬੁਲਾਈ ਅਤੇ ਮਨ ਹੀ ਮਨ ਸੋਚਿਆ ਕਿ ਅੱਗੇ ਤੋਂ ਭਰਿਆ ਮੇਲਾ ਛੱਡ ਕੇ ਹੀ ਘਰ ਨੂੰ ਵਾਪਸੀ ਕਰਿਆ ਕਰਨੀ ਹੈ!

ਉਦਾਸੀ ਤੇ ਵੈਰਾਗ ਨਾਲ ਮੁਰਝਾਇਆ ਚਿਹਰਾ ਲੈ ਕੇ ਮੈਂ ਗੜ੍ਹਸ਼ੰਕਰ ਜਾਣ ਵਾਲੀ ਬੱਸ ਵਿਚ ਦੱਸ ਬਾਰਾਂ ਕੁ ਹੋਰ ਸਵਾਰੀਆਂ ਨਾਲ ਜਾ ਬੈਠਿਆ!

# ਸਿੱਖ ਲੜਕੀਆਂ ਨੂੰ ਮੁਸਲਮਾਨ ਬਣਾਉਣ ਲਈ ਦਿੱਤੇ ਜਾ ਰਹੇ 10,000 ਪਾਊਂਡ

## ਸਿੱਖ ਲੜਕੀ ਦੇ ਦਾਅਵੇ ਵਾਲਾ ਵੀਡੀਓ ਨਵਦੀਪ ਸਿੰਘ ਨੇ ਸੋਸ਼ਲ ਮੀਡੀਆ 'ਤੇ ਕੀਤਾ ਪੋਸਟ

ਲੁਧਿਆਣਾ : ਬ੍ਰਿਟੇਨ ਵਿੱਚ ਕੌਰ-ਟੂ-ਖਾਨ ਮੂਵਮੈਂਟ ਚੱਲ ਰਿਹਾ ਹੈ । ਸਿੱਖ ਲੜਕੀਆਂ ਨੂੰ ਫਸਾ ਕੇ ਉਨ੍ਹਾਂ ਨੂੰ ਮੁਸਲਮਾਨ ਬਣਾਇਆ ਜਾ ਰਿਹਾ ਹੈ। ਇਸ ਲਈ ਯੂਕੇ ਵਿੱਚ ਪਾਕਿਸਤਾਨੀ ਗਰੂਮਿੰਗ ਗੈਂਗ ਸਰਗਰਮ ਹਨ। ਇੰਗਲੈਂਡ ਵਿੱਚ ਰਹਿਣ ਵਾਲੇ ਪੰਜਾਬੀ ਨਵਦੀਪ ਸਿੰਘ ਨੇ ਇੱਕ ਯੁਵਤੀ ਦਾ ਵੀਡੀਓ ਪੋਸਟ ਕੀਤਾ ਹੈ, ਜਿਸ ਵਿੱਚ ਉਹ ਯੁਵਤੀ ਇਹ ਸਾਰੇ ਦਾਅਵੇ ਕਰ ਰਹੀ ਹੈ।



ਸਿੱਖ ਲੜਕੀ ਨੇ ਵੀਡੀਓ ਵਿੱਚ ਦਾਅਵਾ ਕੀਤਾ ਕਿ ਯੂਕੇ ਵਿੱਚ ਗਰੂਮਿੰਗ ਗੈਂਗ ਨੂੰ ਕੌਰ (ਸਿੱਖ ਲੜਕੀ) ਨੂੰ ਖਾਨ (ਮੁਸਲਿਮ) ਬਣਾਉਣ ਤੇ 10 ਹਜ਼ਾਰ ਪਾਊਂਡ ਦਿੱਤੇ ਜਾਂਦੇ ਹਨ । ਸਿੱਖ ਲੜਕੀ ਦਾ ਕਹਿਣਾ ਹੈ ਕਿ ਪਾਕਿਸਤਾਨੀ ਮੂਲ ਦੇ ਗਰੂਮਿੰਗ ਗੈਂਗ ਸੋਚ-ਸਮਝ ਕੇ ਸਾਜ਼ਿਸ਼ ਅਧੀਨ ਗੈਰ-ਮੁਸਲਿਮ ਲੜਕੀਆਂ ਨੂੰ, ਖਾਸ ਕਰਕੇ ਸਿੱਖ ਲੜਕੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਸਿੱਖ ਲੜਕੀ ਨੇ ਗਰੂਮਿੰਗ ਗੈਂਗ ਦੀ ਨੀਤੀ ਦਾ ਵੀ ਖੁਲਾਸਾ ਕੀਤਾ। ਉਸ ਦਾ ਕਹਿਣਾ ਹੈ ਕਿ ਗਰੂਮਿੰਗ ਗੈਂਗ ਪਹਿਲਾਂ ਲੜਕੀਆਂ ਨੂੰ ਟਾਰਗੇਟ ਕਰਦੇ ਹਨ ਅਤੇ ਉਨ੍ਹਾਂ ਨਾਲ ਇਮੋਸ਼ਨਲੀ ਅਟੈਚ ਹੁੰਦੇ ਹਨ, ਫਿਰ ਉਨ੍ਹਾਂ ਨੂੰ ਮਹਿੰਗੀਆਂ ਗੱਡੀਆਂ ਅਤੇ ਰੈਸਟੋਰੈਂਟਾਂ ਵਿੱਚ ਘੁੰਮਾਉਂਦੇ ਹਨ ਅਤੇ ਜਦੋਂ ਲੜਕੀ ਉਨ੍ਹਾਂ ਦੇ ਜਾਲ ਵਿੱਚ ਫਸ ਜਾਂਦੀ ਹੈ ਤਾਂ ਉਸ ਦਾ ਧਰਮ ਪਰਿਵਰਤਨ ਕਰਵਾ ਦਿੰਦੇ ਹਨ।

ਲੜਕੀ ਦਾ ਦਾਅਵਾ ਹੈ ਕਿ ਵੱਖ-ਵੱਖ ਧਰਮਾਂ ਦੀਆਂ ਲੜਕੀਆਂ ਨੂੰ ਫਸਾਉਣ ਦੇ ਰੇਟ ਵੀ ਵੱਖਰੇ ਹਨ। ਸਿੱਖ ਲੜਕੀ ਨੂੰ ਫਸਾ ਕੇ ਮੁਸਲਿਮ ਬਣਾਉਣ ਤੇ ਨੌਜਵਾਨ ਨੂੰ 10,000 ਪਾਊਂਡ (ਲਗਭਗ 11 ਲੱਖ ਰੁਪਏ) ਮਿਲਦੇ ਹਨ। ਜਦਕਿ ਹਿੰਦੂ ਜਾਂ ਈਸਾਈ ਲੜਕੀ ਦੇ ਧਰਮ ਪਰਿਵਰਤਨ ਕਰਾਉਣ ਤੇ 5,000 ਪਾਊਂਡ (ਲਗਭਗ ਸਾਢੇ 5 ਲੱਖ ਰੁਪਏ) ਦਾ ਇਨਾਮ ਦਿੱਤਾ ਜਾਂਦਾ ਹੈ।

# ਬੁੱਢਾ ਦਲ ਵੱਲੋਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ 203ਵੀਂ ਸਲਾਨਾ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ ਗਈ

ਅੰਮ੍ਰਿਤਸਰ : ਸਿੱਖ ਕੌਮ ਦੇ ਮਹਾਨ ਜਰਨੈਲ, ਸ੍ਰੀ ਅਕਾਲ ਤਖ਼ਤ ਸਾਹਿਬ ਨਿਧੜਕ ਜਥੇਦਾਰ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਕਾਲੀ ਬਾਬਾ ਫੂਲਾ ਸਿੰਘ ਜੀ 203ਵੀਂ ਸਲਾਨਾ ਬਰਸੀ ਸਰਧਾ ਭਾਵਨਾ ਸਤਿਕਾਰ ਨਾਲ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਮਨਾਈ ਗਈ। ਇਸ ਸਮੇਂ ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ, ਬੀਬੀ ਹਰਪ੍ਰੀਤ ਕੌਰ ਸੁਖਮਨੀ ਸੇਵਾ ਸੁਸਾਇਟੀ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸਿੱਖ ਪੰਥ ਦੇ ਪ੍ਰਸਿੱਧ ਕਵੀਸ਼ਰ ਭਾਈ ਧਰਮ ਸਿੰਘ, ਭਾਈ ਸੁਖਜੀਤ ਸਿੰਘ ਕੱਨ੍ਹਈਆ ਕਥਾਵਾਚਕ ਨੇ ਸੰਗਤ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ।



ਬੁੱਢਾ ਦਲ ਦੇ ਮੈਨੇਜਰ ਸ. ਪਰਮਜੀਤ ਸਿੰਘ ਬਾਜਵਾ ਵੱਲੋਂ ਜਾਰੀ ਇਕ ਲਿਖਤੀ ਪ੍ਰੈਸ ਬਿਆਨ ਵਿੱਚ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਬਾਬਾ ਫੂਲਾ ਸਿੰਘ ਖਾਲਸਾ ਰਾਜ ਦੇ ਥੰਮ ?ਹ ਸਨ, ਜਿਨ੍ਹਾਂ ਦੀ ਸ਼ਹਾਦਤ ਮੌਕੇ ਮਹਾਰਾਜਾ ਰਣਜੀਤ ਸਿੰਘ ਨੇ ਵਿਰਾਗ ਵਿੱਚ ਆ ਕੇ ਕਿਹਾ ਸੀ ਕਿ ਸਿੱਖ ਰਾਜ ਦਾ ਇਕ ਮਹਾਨ ਨਾਇਕ ਤੁਰ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਜੀ ਦਾ ਸਾਰਾ ਜੀਵਨ ਖਾਲਸਾ ਰਾਜ ਅਤੇ ਸਿੱਖ ਪੰਥ ਦੀ ਸਲਾਮਤੀ ਵਾਸਤੇ ਸੀ, ਜਿਸ ਨੂੰ ਵਰਤਮਾਨ ਪੀੜ੍ਹੀ ਦੇ ਰੂਬਰੂ ਕਰਵਾਉਣਾ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸ਼ਬਦ ਬਾਬਾ ਫੂਲਾ ਸਿੰਘ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਜਰਨੈਲੀ ਦਿੱਖ ਨੂੰ ਹੂਬਹੂ ਪ੍ਰਭਾਸ਼ਤ ਕਰਦਾ ਹੈ। ਅਕਾਲੀ ਹੋਣਾ ਆਮ ਗੱਲ ਨਹੀਂ ਹੈ, ਇਹ ਦੈਵੀ ਗੁਣਾਂ ਅਤੇ ਇਕ ਕਰਤਾਰੀ ਸ਼ਕਤੀ ਦਾ ਲਖਾਇਕ ਹੈ। ਅੱਜ ਅਕਾਲੀ ਬਾਬਾ ਫੂਲਾ ਸਿੰਘ ਦੇ ਕਿਰਦਾਰ ਨੂੰ ਸਮਝਣ ਅਤੇ ਸਿੱਖ ਚੇਤਨਤਾ ਦਾ ਹਿੱਸਾ ਬਣਾਉਣ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਨੌਜੁਆਨੀ ਨੂੰ ਆਪਣੇ ਇਤਿਹਾਸ ਤੋਂ ਸੇਧ ਲੈਣ ਦੀ ਹੋਰ ਵੀ ਜ਼ਿਆਦਾ ਜ਼ਰੂਰਤ ਹੈ, ਕਿਉਂਕਿ ਅੱਜ ਦੇ ਸ਼ੋਸ਼ਲ ਮੀਡੀਆ ਯੁੱਗ ਅੰਦਰ ਕੱਚਘਰੜ ਅਤੇ ਅਗਿਆਨੀ ਲੋਕਾਂ ਵੱਲੋਂ ਪਰੋਸਿਆ ਜਾ ਰਿਹਾ ਵਿਚਾਰ ਸਮਾਜ ਲਈ ਬਹੁਤ ਖਤਰਨਾਕ ਸਾਬਤ ਹੋ ਰਿਹਾ ਹੈ। ਸਿੱਖ ਰਹਿਣੀ, ਗੁਰੂ ਹੁਕਮ ਅਤੇ ਸਿੱਖ ਪ੍ਰੰਪਰਾਵਾਂ ਦੀ ਲੋੜ। ਇਸ ਸੰਦਰਭ ਵਿਚ ਅਕਾਲੀ ਬਾਬਾ ਫੂਲਾ ਸਿੰਘ ਦੀ ਦੇਣ ਨੂੰ ਸਮਰਪਤ ਹੋਣ ਦੀ ਲੋੜ ਹੈ। ਉਨ੍ਹਾਂ ਨਾਲ ਹੀ ਸਮੂਹ ਦੇਸ਼ ਵਿਦੇਸ਼ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਨਾਨਕਸਾਹੀ ਸੰਮਤ 558 ਚੇਤ ਮਹੀਨੇ ਦੀ ਚੜ੍ਹਦੀ ਸੰਗਰਾਂਦ ਤੇ ਨਵੇਂ ਸਾਲ ਦੀ ਵਧਾਈ ਦਿਤੀ।

ਇਸ ਦੌਰਾਨ ਸ. ਭਗਵਾਨ ਸਿੰਘ ਜੌਹਲ ਸਟੇਜ ਦੀ ਸੇਵਾ ਨਿਭਾਉਂਦਿਆਂ ਕਿਹਾ ਕਿ ਦਲ ਨੂੰ ਇਸ ਗੱਲ ਦਾ ਮਾਣ ਹੈ ਕਿ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਛੇਵੇਂ ਜਥੇਦਾਰ ਸਨ। ਉਨ੍ਹਾਂ ਵੱਲੋਂ ਕੀਤੀਆਂ ਪੰਥਕ ਸੇਵਾਵਾਂ ਅੱਜ ਵੀ ਸਿੱਖ ਇਤਿਹਾਸ ਦੀ ਮਿਸਾਲ ਹੈ। ਉਦਾਹਰਣਾਂ ਵਜੋਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦਾ ਨਾਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਹਮੇਸ਼ਾ ਹੀ ਸਿੱਖ ਪੰਥ ਦੀ ਮੋਹਰੀ ਹੋ ਕੇ ਅਗਵਾਈ ਕਰਦਾ ਰਿਹਾ ਹੈ ਅਤੇ ਇਸ ਦੀ ਉਦਾਹਰਣ ਹੈ ਕਿ ਦਲ ਪੰਥ ਦੇ ਦਸ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਤੌਰ ਜਥੇਦਾਰ ਕੌਮ ਦੀ ਅਗਵਾਈ ਕਰਦੇ ਰਹੇ।

ਇਸ ਸਮੇਂ ਸਿੰਘ ਸਾਹਿਬ ਗਿ. ਗੁਰਬਚਨ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਗੁਰਮੇਲ ਸਿੰਘ ਇੰਚਾਰਜ਼ ਬੁੱਢਾ ਦਲ ਕਨੇਡਾ, ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ਼ ਬੁੱਢਾ ਦਲ ਯੂ.ਐਸ.ਏ, ਬਾਬਾ ਸਤਨਾਮ ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਬਾਬਾ ਮਨਜੀਤ ਸਿੰਘ ਗੁਰ ਨਾਨਕ ਦਲ ਮੜੀਆਂ ਵਾਲੇ, ਸ. ਇੰਦਰਪਾਲ ਸਿੰਘ ਫੌਜੀ ਹਜ਼ੂਰ ਸਾਹਿਬ, ਸ. ਐਸ.ਪੀ ਸਿੰਘ, ਸ. ਹਰਪਾਲ ਸਿੰਘ ਆਹਲੂਵਾਲੀਆ, ਬਾਬਾ ਕੁਲਦੀਪ ਸਿੰਘ ਕੋਟਦੂਲਾ, ਸ. ਹਰਦਿਆਲ ਸਿੰਘ ਬਾਜਵਾ ਆੜਤੀ, ਬਾਬਾ ਭਗਤ ਸਿੰਘ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਗੁਰਮੁਖ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਸ਼ੇਰ ਸਿੰਘ, ਬਾਬਾ ਜੋਗਾ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਗੁਰਲਾਲ ਸਿੰਘ, ਬਾਬਾ ਗਗਨਦੀਪ ਸਿੰਘ ਆਦਿ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਬਰਮਮਾਲਾ ਹੈਦਰਾਬਾਦ ਦੀ ਜਗ੍ਹਾ 'ਤੇ ਜਬਰੀ ਕਬਜ਼ਾ ਨਿੰਦਣਯੋਗ ਅਤੇ ਕੋਰਟ ਦੇ ਫੈਸਲੇ ਦੀ ਸ਼ਲਾਘਾ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ

ਅੰਮ੍ਰਿਤਸਰ : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਹੈਦਰਾਬਾਦ ਵਿਖੇ ਗੁਰਦੁਆਰਾ ਸਾਹਿਬ ਬਰਮਬਾਲਾ ਦੀ ਜਗ੍ਹਾ 'ਤੇ ਸਥਾਨਕ ਪ੍ਰਸ਼ਾਸਨ ਵੱਲੋਂ ਜਬਰੀ ਕਬਜ਼ਾ ਕਰਨ ਦੀ ਕੀਤੀ ਜਾ ਰਹੀ ਕਾਰਵਾਈ 'ਤੇ ਗੰਭੀਰ ਸਵਾਲ ਉਠਾਉਂਦਿਆਂ ਇਸ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਅਤੇ ਕੋਰਟ ਵਲੋਂ ਗੁਰਦੁਆਰਾ ਸਾਹਿਬ ਦੇ ਹੱਕ ਵਿਚ ਦਿਤੇ ਫੈਸਲੇ ਦੀ ਪ੍ਰਸੰਸਾ ਕੀਤੀ 'ਤੇ ਸਥਾਨਕ ਪ੍ਰਸ਼ਾਸਨ ਵੱਲੋਂ ਕੀਤੀ ਕਾਰਵਾਈ ਦੀ ਸਖ਼ਤ ਸਬਦਾਂ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਨਾਲ ਸੰਬੰਧਤ ਜਗ੍ਹਾ 'ਤੇ ਇਸ ਤਰ੍ਹਾਂ ਦੀ ਜਬਰਦਸਤੀ ਕਰਨੀ ਨਾ ਸਿਰਫ਼ ਦੁਖਦਾਈ ਹੈ, ਸਗੋਂ ਇਹ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੀ ਹੈ। ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਬਰਮਬਾਲਾ ਨੂੰ ਪੁਰਾਣੇ ਸਮੇਂ ਤੋਂ ਮਿਲੀ ਹੋਈ ਜਗ੍ਹਾ 'ਤੇ ਪ੍ਰਸ਼ਾਸ਼ਨ ਵੱਲੋਂ ਜਬਰਨ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਾ ਕਾਨੂੰਨ ਅਤੇ ਨਿਆਂ ਦੇ ਮੂਲ ਸਿਧਾਂਤਾਂ ਦੇ ਖ਼ਿਲਾਫ਼ ਹੈ।



ਗੁਰਦੁਆਰਾ ਸਾਹਿਬ ਨਾਲ ਇਸ ਤਰ੍ਹਾਂ ਦੀ ਧੱਕੇਸ਼ਾਹੀ ਖਾਲਸਾ ਪੰਥ ਸਿੱਖ ਕੌਮ ਤੇ ਸਥਾਨਕ ਭਾਈਚਾਰਾ ਵੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਗੁਰਦੁਆਰਾ ਸਾਹਿਬਾਨ ਸੰਗਤ ਦੀ ਆਸਥਾ ਅਤੇ ਵਿਸ਼ਵਾਸ ਦਾ ਕੇਂਦਰ ਹਨ। ਜਿਥੇ ਹਰ ਧਰਮ ਦੇ ਲੋਕ ਨਤਮਸਤਕ ਹੁੰਦੇ ਹਨ ਤੇ ਲੋੜਵੰਦ ਲੰਗਰ ਪ੍ਰਸ਼ਾਦਾ ਵੀ ਛਕਦੇ ਹਨ। ਇਸ ਤਰਾਂ ਦੀ ਪ੍ਰਸ਼ਾਸਕੀ ਕਾਰਵਾਈ ਦੇ ਨਾਂ 'ਤੇ ਗੁਰਦੁਆਰਾ ਸਾਹਿਬ ਦੀ ਜਗ੍ਹਾ 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਧੱਕੇਸ਼ਾਹੀ ਵਾਲੀ ਕਾਰਵਾਈ ਤੋਂ ਤੁਰੰਤ ਪਿੱਛੇ ਹਟੇ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਅੱਗੇ ਤੋਂ ਇਸ ਤਰ੍ਹਾਂ ਦੀ ਕੋਈ ਕਾਰਵਾਈ ਇਸ ਮਾਮਲੇ 'ਚ ਨਾ ਕੀਤੀ ਜਾਵੇ, ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਆਦਰ ਕੀਤਾ ਜਾਵੇ ਅਤੇ ਗੁਰਦੁਆਰਾ ਸਾਹਿਬ ਬਰਮਬਾਲਾ ਨਾਲ ਸਬੰਧਤ ਜਗ੍ਹਾ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਕੀਤੀ ਜਾ ਰਹੀ ਕਾਰਵਾਈ ਨੂੰ ਮੁਕੰਮਲ ਤੌਰ 'ਤੇ ਰੋਕਣ ਦਾ ਸਥਾਨਕ ਸੂਬੇ ਦੀ ਸਰਕਾਰ ਨੂੰ ਆਦੇਸ਼ ਜਾਰੀ ਕੀਤਾ ਜਾਵੇ ਅਤੇ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਜਾਵੇ। ਉਨ੍ਹਾਂ ਸਥਾਨਕ ਸੰਗਤਾਂ ਨੂੰ ਇਸ ਮਾਮਲੇ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਵੱਲੋਂ ਪੂਰਨ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੀ ਧੱਕੇਸ਼ਾਹੀ ਵਿਰੁੱਧ ਖਾਲਸਾ ਪੰਥ ਪੂਰੇ ਵਿਸ਼ਵ ਦੀਆਂ ਸੰਗਤਾਂ ਨਾਲ ਖੜ੍ਹਾ ਹੈ ਅਤੇ ਖੜ੍ਹਾ ਰਹੇਗਾ।


Proudly Present BALKAR SINGH & AVTAR LAKHA
in association with ASHOK KUMAR,ASHOK OBEROI & ASHWANI BHAKHRI
AVTAR RECORDS
MOTHER'S DAY
BRUNCH
Royale Sakoon
PALACE
(CELEBRATING INDIAN FLAVOURS)
5200 MOWRY AVE STE K, FREMONT, CA
SUNDAY
MAY 10TH
2026
12PM TO 6PM
DOOR OPENS
AT 12:00 P.M.
ROYAL
BUFFET
PREETO SAWHNEY
SHOW HOST
Jasmeen
Akhtar
MUSICAL CONCERT
$100 PER PERSON $1,000 PER TABLE
RAFFLE TICKETS OF GOLD RINGS
MORE INFO & SPONSORSHIP CALL
AVTAR LAKHA 209-200 -0818 | BALKAR SINGH 510-771-4215

# ਭਾਰਤ ਤੇ ਪਾਕਿਸਤਾਨ ਦੇ ਲੋਕਾਂ ਦੇ ਦਿਲਾਂ 'ਚ ਵਸਦੇ ਹਨ ਸ਼ਹੀਦ ਭਗਤ ਸਿੰਘ



ਕਿਸੇ ਵਤਨ ਤੇ ਕੌਮ ਦੇ ਉਹ ਬੇਟੇ ਜੋ ਆਜ਼ਾਦੀ-ਏ-ਵਤਨ ਦੀ ਖ਼ਾਤਰ, ਆਪਣੀਆਂ ਜਾਨਾਂ ਵਾਰ ਦਿੰਦੇ ਹਨ, ਲੋਕਾਂ ਦੀ ਨਜ਼ਰ ਵਿਚ ਉਹ ਸ਼ਹੀਦ ਹੁੰਦੇ ਹਨ।

ਸ਼ਹੀਦ ਸਦਾ ਜਿਊਂਦੇ ਰਹਿੰਦੇ ਹਨ। ਕੌਮ ਦੇ ਦਿਲਾਂ ਵਿਚ, ਕੌਮ ਦੀਆਂ ਯਾਦਾਂ ਵਿਚ, ਸਮਾਂ ਬਿਨਾਂ ਸ਼ੱਕ ਜਿੰਨਾ ਮਰਜ਼ੀ ਪਰ ਲਾ ਕੇ ਉੱਡ ਜਾਏ, ਪਰ ਇਨ੍ਹਾਂ ਸ਼ਹੀਦਾਂ ਦੀਆਂ ਮਾਣ ਭਰੀਆਂ ਯਾਦਾਂ ਸਮੇਂ ਦੀ ਧੁੰਦ 'ਚ ਨਹੀਂ ਗੁਆਚਦੀਆਂ। ਨਾ ਕੌਮ ਨੂੰ ਇਹ ਯਾਦਾਂ ਭੁੱਲਦੀਆਂ ਹਨ। ਨਾ ਇਨ੍ਹਾਂ ਸ਼ਹੀਦਾਂ ਦੀਆਂ ਯਾਦਾਂ ਮਿਟਦੀਆਂ ਹਨ। ਸਾਢੇ ਤੇਈ ਸਾਲ ਦਾ ਇਕ ਨੌਜਵਾਨ ਭਗਤ ਸਿੰਘ ਆਜ਼ਾਦੀ ਦੇ ਦੀਵਾਨਿਆਂ ਨੂੰ ਇਨਕਲਾਬ ਲਿਆਉਣ ਤੇ ਇਨਕਲਾਬੀ ਬਣਨ ਦਾ ਮਤਲਬ ਸਮਝਾ ਗਿਆ। ਵਤਨ ਲਈ ਜਾਨ ਦੇ ਕੇ ਜਿਊਣ ਦਾ ਢੰਗ ਤੇ ਵਲ ਸਿਖਾ ਗਿਆ। 100 ਸਾਲ ਗੁਜ਼ਰਨ ਦੇ ਬਾਵਜੂਦ, ਇਸ ਮਹਾਨ ਹਸਤੀ ਦੀ ਯਾਦ, ਦਲੇਰਾਨਾ ਤੇ ਲਾਸਾਨੀ ਕੁਰਬਾਨੀ ਅਜਿਹੀ ਲਾਟ ਹੈ, ਜੋ ਪੰਜਾਬੀਆਂ ਦੇ ਮਨਾਂ 'ਚ ਰਹਿੰਦੀ ਦੁਨੀਆ ਤੱਕ ਬਲਦੀ ਰਹੇਗੀ।

ਲਾਇਲਪੁਰ (ਫ਼ੈਸਲਾਬਾਦ) ਤੋਂ ਜੜ੍ਹਾਂਵਾਲਾ ਨੂੰ ਜਾਣ ਵਾਲੀ ਸੜਕ 'ਤੇ ਸਦੀਆਂ ਤੋਂ ਇਕ ਚੱਕ (ਪਿੰਡ) ਆਬਾਦ ਹੈ। ਇਹ ਚੱਕ (ਪਿੰਡ) 5 ਬੰਗੇ ਦੇ ਨਾਂਅ 'ਤੇ ਪੂਰੇ ਵਿਸ਼ਵ 'ਚ ਮਸ਼ਹੂਰ ਹੈ। ਆਪਣੀ ਕੌਮ ਤੇ ਵਤਨ ਦੀ ਆਜ਼ਾਦੀ ਲਈ ਮਰ-ਮਿਟਣ, ਇਨਸਾਨੀ ਹੱਕਾਂ ਲਈ ਇਨਕਲਾਬੀ ਤਬਦੀਲੀ ਲਿਆਉਣ ਅਤੇ ਮਰ-ਮਿਟਣ ਦੇ ਡਰ ਤੋਂ ਆਜ਼ਾਦ, ਮਨ ਦੀ ਉਡਾਰੀ ਲਈ ਇਹ ਪਿੰਡ ਇਕ ਸਕੂਲ ਦਾ ਦਰਜਾ (ਰੁਤਬਾ) ਰੱਖਦਾ ਹੈ। ਇਸੇ ਹੀ ਪਿੰਡ (ਚੱਕ) ਵਿਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਜਨਮ 28 ਸਤੰਬਰ, 1907 'ਚ ਹੋਇਆ। ਛੋਟੀ ਉਮਰੇ ਹੀ ਹਿੰਦੁਸਤਾਨ ਦੀ ਆਜ਼ਾਦੀ ਤੇ ਇਨਕਲਾਬ ਲਈ ਸੰਘਰਸ਼ ਕਰਨ ਵਾਲਾ ਭਗਤ ਸਿੰਘ, ਆਪਣੀ ਜਾਨ ਦੀ ਕੁਰਬਾਨੀ ਦੇ ਕੇ, ਲੋਕਾਂ ਦਾ ਵਰਗਾ ਦਲੇਰ ਤੇ ਹੀਰੋ ਬਣ ਗਿਆ। ਵੇਖਣ ਵਾਲਿਆਂ ਨੂੰ ਜੇਲ੍ਹ ਦੀ ਕੋਠੜੀ 'ਚ ਵੀ ਭਗਤ ਸਿੰਘ ਇੰਜ ਹੀ ਲੱਗਦਾ ਰਿਹਾ, ਜਿਵੇਂ ਸ਼ੇਰ ਪਿੰਜਰੇ 'ਚ ਬੰਦ ਹੋਵੇ। ਇਨਸਾਨੀ ਰੂਪ 'ਚ ਇਹ ਸ਼ੇਰ ਜੇਲ੍ਹ ਦੀਆਂ ਸਖ਼ਤੀਆਂ, ਮੁਸੀਬਤਾਂ ਝਲਦਾ ਹੋਇਆ ਨਾ ਘਬਰਾਇਆ ਤੇ ਨਾ ਹੀ ਉਸ ਦੇ ਮੁਖੜੇ ਦਾ ਰੰਗ ਪੀਲਾ ਜਾਂ ਫਿੱਕਾ ਪਿਆ ਅਤੇ ਨਾ ਹੀ ਹੱਥਾਂ-ਪੈਰਾਂ ਨੂੰ ਲੋਹੇ ਦੀਆਂ ਭਾਰੀ ਜ਼ੰਜੀਰਾਂ (ਸੰਗਲਾਂ) ਕੜਿਆਂ ਨਾਲ ਬੰਨ੍ਹੇ ਜਾਣ ਦੀ ਉਸ ਨੇ ਕੋਈ ਪ੍ਰਵਾਹ ਕੀਤੀ। ਇਸ ਦਲੇਰ ਬਹਾਦਰ ਹਸਤੀ ਨੇ ਇਨ੍ਹਾਂ ਬੰਧਨਾਂ ਨੂੰ ਵੀ ਆਪਣੀ ਦਲੇਰੀ ਤੇ ਮਰਦਾਨਗੀ ਦਾ ਗਹਿਣਾ ਤੇ ਸ਼ਿੰਗਾਰ ਹੀ ਸਮਝਿਆ।

ਅਜਿਹੇ ਮਾਹੌਲ (ਵਾਤਾਵਰਨ) ਵਿਚ ਵੀ ਹਿੰਦੁਸਤਾਨ 'ਚ ਆਜ਼ਾਦੀ ਤੇ ਇਨਕਲਾਬ ਲਿਆਉਣ ਲਈ ਸੰਘਰਸ਼ ਕਰਨ ਵਾਲਾ ਇਹ ਨੌਜਵਾਨ ਨਾ ਡਾਵਾਂਡੋਲ ਹੋਇਆ, ਨਾ ਪੈਰਾਂ ਤੋਂ ਹਿੱਲਿਆ ਤੇ ਨਾ ਡੋਲ੍ਹਿਆ। ਨਾ ਹੀ ਉਸ ਦਾ ਮਨ ਤੇ ਨਾ ਹੀ ਸਰੀਰ ਕੰਬਿਆ। ਨਾ ਹੀ ਉਸ ਨੇ ਹਿੰਦੁਸਤਾਨ 'ਤੇ ਕਬਜ਼ਾ ਕਰਕੇ ਬੈਠੇ ਅੰਗਰੇਜ਼ਾਂ (ਫਿਰੰਗੀ) ਅਤੇ ਉਨ੍ਹਾਂ ਦੇ ਪਿੱਠੂਆਂ ਨੂੰ ਕੋਈ ਮੁਆਫ਼ੀਨਾਮਾ ਲਿਖ ਕੇ ਦਿੱਤਾ, ਬਲਕਿ ਅਜਿਹਾ ਇਕ ਪਲ ਲਈ ਸੋਚਿਆ ਵੀ ਨਾ। ਜਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਪੰਜਾਬ ਸਕੱਤਰੇਤ ਲਾਹੌਰ ਦੇ ਪਿਛਵਾੜੇ (ਮਗਰਲੇ ਪਾਸੇ) ਕਾਇਮ ਇਕ ਅਦਾਲਤ ਵਿਚ ਪੇਸ਼ ਕੀਤਾ ਗਿਆ, ਤਾਂ ਸਈਅਦ (ਅਮੀਰ ਹੈਦਰ) ਉਸ ਅਦਾਲਤ 'ਚ ਮੁਕੱਦਮਾ ਸੁਣਨ ਵਾਲੇ ਜੱਜ ਸਨ। ਇਕ ਸੁਲਤਾਨੀ ਗਵਾਹ (ਆਪਣੇ ਸਾਥੀਆਂ ਨਾਲ ਦਗ਼ਾ ਕਰਕੇ ਮੁਲਜ਼ਮਾਂ ਖਿਲਾਫ਼ ਸਰਕਾਰੀ ਗਵਾਹ ਬਣਨ ਵਾਲੇ ਅਜਿਹੇ ਗਵਾਹ ਨੂੰ ਸੁਲਤਾਨੀ ਗਵਾਹ ਕਹਿੰਦੇ ਹਨ।) ਨੇ ਆਪਣੀਆਂ ਮੁੱਛਾਂ 'ਤੇ ਹੱਥ ਫੇਰਨਾ ਤੇ ਵੱਟ ਦੇਣਾ ਸ਼ੁਰੂ ਕਰ ਦਿੱਤਾ। ਭਗਤ ਸਿੰਘ ਦੇ ਸਾਥੀਆਂ ਨੇ ਆਪਣੇ ਪੈਰਾਂ 'ਚ ਖੜਾਵਾਂ ਪਾਈਆਂ ਹੋਈਆਂ ਸਨ, (ਇਕ ਅਜਿਹੀ ਚੱਪਲ ਜਿਸ ਦਾ ਤਲਾ ਲੱਕੜ ਦਾ ਹੁੰਦਾ ਹੈ)। ਭਗਤ ਸਿੰਘ ਦੇ ਸਾਥੀਆਂ ਨੇ ਉਸ ਸੁਲਤਾਨੀ ਗਵਾਹ ਦੇ ਸਿਰ ਉਤੇ ਖੜਾਵਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਨੇ ਅਦਾਲਤ ਦੇ ਹਾਤੇ (ਵਿਹੜੇ) ਵਿਚ ਹੀ ਭਗਤ ਸਿੰਘ ਦੇ ਸਾਥੀਆਂ ਦੀ ਲਾਠੀਆਂ ਨਾਲ ਕੁੱਟ-ਮਾਰ ਸ਼ੁਰੂ ਕਰ ਦਿੱਤੀ। ਭਗਤ ਸਿੰਘ ਨੇ ਜੱਜ ਦਾ ਧਿਆਨ, ਇਸ ਦ੍ਰਿਸ਼ ਵੱਲ ਦੁਆਉਂਦਿਆਂ ਕਿਹਾ ਕਿ ਅਸੀਂ ਤਾਂ ਆਪਣੇ ਸਿਰ ਹਰ ਵੇਲੇ ਹੱਥਾਂ ਉਤੇ ਲਈ ਫਿਰਦੇ ਹਾਂ। ਸਾਨੂੰ ਲਾਠੀਆਂ ਨਾਲ ਕੁੱਟ-ਮਾਰ ਜਾਂ ਮੌਤ ਦਾ ਕੋਈ ਡਰ ਨਹੀਂ ਹੈ। ਪਰ ਇਹ ਕਿਵੇਂ ਹੋ ਸਕਦਾ ਹੈ ਕਿ ਇਕ ਬੰਦਾ ਸੁਲਤਾਨੀ ਗਵਾਹ ਵੀ ਹੋਵੇ ਤੇ ਫਿਰ ਮੁੱਛਾਂ ਉਤੇ ਹੱਥ ਵੀ ਫੇਰੇ ਤੇ ਮੁੱਛਾਂ ਨੂੰ ਵੱਟ ਵੀ ਦੇਵੇ!

ਮੁੱਛਾਂ 'ਤੇ ਹੱਥ ਫੇਰਦੇ ਤੇ ਮੁੱਛਾਂ ਨੂੰ ਵੱਟ ਦੇਣ ਵਾਲੇ ਬਹਾਦਰ, ਅਣਖਾਂ, ਗ਼ੈਰਤਾਂ ਵਾਲੇ ਲੋਕ ਹੁੰਦੇ ਹਨ। ਵਤਨ ਫਰੋਸ਼ (ਵਤਨ ਵੇਚਣ ਵਾਲੇ) ਤੇ ਸੁਲਤਾਨੀ ਗਵਾਹ ਨਹੀਂ ਹੁੰਦੇ। ਭਗਤ ਸਿੰਘ ਨੇ ਜੱਜ ਕੋਲੋਂ ਮੰਗ ਕੀਤੀ ਕਿ ਮੁਕੱਦਮੇ ਦਾ ਜੋ ਵੀ ਫ਼ੈਸਲਾ ਕਰਨਾ ਹੈ, ਅੱਜ ਹੀ ਕਰ ਦਿਓ। ਮੈਨੂੰ ਤੇ ਮੇਰੇ ਸਾਥੀਆਂ ਨੂੰ ਉਹ ਜ਼ਿੰਦਗੀ ਨਹੀਂ ਚਾਹੀਦੀ, ਜੋ ਗ਼ੁਲਾਮੀ ਵਿਚ ਗੁਜ਼ਾਰੀ ਜਾਵੇ। ਭਗਤ ਸਿੰਘ ਦੀ ਇਹ ਦਲੇਰਾਨਾ ਤੇ ਕਿਸੇ ਖ਼ੌਫ਼ ਦੇ ਪਰਛਾਵੇਂ ਬਿਨਾਂ ਗੱਲ ਸੁਣ ਕੇ, ਅਦਾਲਤ ਦੇ ਜੱਜ ਸਈਅਦ ਅਮੀਰ ਹੈਦਰ, ਆਪਣੀ

ਡਾ. ਤਾਹਿਰ ਮਹਿਮੂਦ

ਕੁਰਸੀ ਤੋਂ ਉਠ ਕੇ ਰਿਟਾਇਰਿੰਗ ਰੂਮ 'ਚ ਚਲੇ ਗਏ ਤੇ ਫਿਰ ਦੁਬਾਰਾ ਕਦੀ ਅਦਾਲਤ ਵਿਚ ਨਾ ਆਏ। ਉਥੋਂ ਹੀ ਆਪਣਾ ਅਸਤੀਫ਼ਾ ਸਰਕਾਰ ਨੂੰ ਭੇਜ ਦਿੱਤਾ।

ਸੈਂਟਰਲ ਜੇਲ੍ਹ ਲਾਹੌਰ ਅੰਦਰ ਦਹਿਸ਼ਤਗਰਦ ਸਮਝੇ ਜਾਂਦੇ ਮੁਲਜ਼ਮਾਂ ਲਈ ਇਕ ਵਾਰਡ ਬਣੀ ਹੋਈ ਸੀ। ਉਹ ਵਾਰਡ ਦੇਖ ਕੇ, ਦੇਖਣ ਵਾਲੇ ਨੂੰ ਇੰਜ ਲਗਦਾ ਸੀ ਕਿ ਜਿਵੇਂ ਕੋਈ ਖ਼ੌਫ਼ਨਾਕ ਡਾਇਨ (ਚੜੇਲ) ਆਪਣੇ ਵਾਲ ਖਿਲਾਰੇ ਖੜ੍ਹੀ ਹੋਵੇ। ਇਸ ਵਾਰਡ 'ਚ ਕਈ ਕੋਠੜੀਆਂ। ਇਨ੍ਹਾਂ ਕੋਠੜੀਆਂ 'ਚ ਅੱਗੇ-ਪਿੱਛੇ ਕਈ ਲੋਹੇ ਦੀਆਂ ਖਿੜਕੀਆਂ ਲੱਗੀਆਂ ਹੋਈਆਂ ਸਨ। ਇਨ੍ਹਾਂ ਕੋਠੜੀਆਂ 'ਚ ਕਈ ਇਨਕਲਾਬੀਆਂ ਤੋਂ ਇਲਾਵਾ ਇਕ ਕੋਠੜੀ 'ਚ ਭਗਤ ਸਿੰਘ ਵੀ ਬੰਦ ਸਨ। ਭਗਤ ਸਿੰਘ ਨੇ ਵਤਨ ਦੀ ਆਜ਼ਾਦੀ ਖ਼ਾਤਰ ਕਈ ਸਾਲ ਇਸ ਕੋਠੜੀ 'ਚ ਗੁਜ਼ਾਰੇ। ਉਹ ਮੌਤ ਦੀ ਕੋਠੜੀ ਜਿਸ ਵਿਚ ਭਗਤ ਸਿੰਘ ਕੈਦ ਰਹੇ, ਉਸ ਦੇ ਦਰਸ਼ਨਾਂ ਲਈ ਪੰਜਾਬ ਹੀ ਨਹੀਂ ਬਲਕਿ ਪੂਰੇ ਹਿੰਦ-ਪਾਕਿ ਵਿਚੋਂ ਲੋਕ ਲਾਹੌਰ ਆਉਂਦੇ ਰਹੇ। ਪੰਜਾਬ ਸਰਕਾਰ ਕੋਲੋਂ ਬੜੀਆਂ ਫਰਮਾਇਸ਼ਾਂ ਤੇ ਸਿਫ਼ਾਰਸ਼ਾਂ ਤੋਂ ਬਾਅਦ ਜੇਲ੍ਹ ਅੰਦਰ ਜਾ ਕੇ, ਇਸ ਕੋਠੜੀ ਦੇ ਦਰਸ਼ਨ-ਦੀਦਾਰੇ ਕਰਦੇ ਰਹੇ।

ਜਿਨ੍ਹਾਂ ਹਿੰਦੁਸਤਾਨੀਆਂ-ਪਾਕਿਸਤਾਨੀਆਂ ਨੂੰ ਭਗਤ ਸਿੰਘ ਦੀ ਕੁਰਬਾਨੀ ਤੇ ਸ਼ਹੀਦੀ ਦੇ ਰੁਤਬਾ ਦਾ ਅਹਿਸਾਸ ਸੀ, ਉਨ੍ਹਾਂ ਨੂੰ ਉਨ੍ਹਾਂ ਦਾ ਸ਼ੌਕ (ਖਿੱਚ) ਬਹੁਤ ਸਾਰੀਆਂ ਕਠਿਨਾਈਆਂ ਤੇ ਖੱਜਲ-ਖੁਆਰੀ ਤੋਂ ਬਾਅਦ, ਇਸ ਕੋਠੜੀ ਤੱਕ ਲਿਆਉਂਦਾ ਰਿਹਾ। ਇਨ੍ਹਾਂ ਵਿਚ ਮੁਸਲਿਮ, ਗ਼ੈਰ-ਮੁਸਲਿਮ ਸਭ ਸ਼ਾਮਿਲ ਹਨ।

ਵਤਨ ਦੀ ਖ਼ਾਤਰ ਜਾਨ ਦੀ ਬਾਜ਼ੀ ਲਾਉਣ ਵਾਲੇ ਭਗਤ ਸਿੰਘ ਦੀ ਕੁਰਬਾਨੀ ਨੂੰ ਯਾਦ ਕਰਦਿਆਂ, ਆਉਣ ਵਾਲਿਆਂ ਦੀਆਂ ਅੱਖਾਂ ਰਾਵੀ ਤੇ ਚਨਾਬ ਬਣ ਜਾਂਦੀਆਂ ਹਨ। ਦੇਖਣ ਵਾਲੇ ਘੰਟਿਆਂਬੱਧੀ ਇਸ ਕੋਠੜੀ ਨੂੰ ਦੇਖਦੇ ਰਹਿੰਦੇ। ਸਤਿ ਸ੍ਰੀ ਅਕਾਲ, ਨਮਸਕਾਰ, ਸਲਾਮਾਂ, ਮੁਹੱਬਤ, ਹਜ਼ਾਰਾਂ ਲੋਕ ਇਸ ਕੋਠੜੀ ਦੇ ਅੱਗੇ ਪੇਸ਼ ਕਰਦੇ ਰਹੇ। ਇਹ ਵਾਰਡ ਦਿਲ ਨੂੰ ਹਿਲਾ ਦੇਣ ਵਾਲਾ ਇਕ ਦ੍ਰਿਸ਼ ਪੇਸ਼ ਕਰਦਾ ਹੈ। ਗਿੱਲੀਆਂ (ਸਲ੍ਹਾਬੀਆਂ) ਜਿਹੀਆਂ ਕੋਠੜੀਆਂ। ਕੋਠੜੀਆਂ ਅੰਦਰ ਕਬਰਾਂ ਤੇ ਕਬਰਸਤਾਨਾਂ ਵਰਗੀ ਚੁੱਪ ਤੇ ਖ਼ਾਮੋਸ਼ੀ। ਇਨ੍ਹਾਂ ਕੋਠੜੀਆਂ ਨੂੰ ਦੇਖ ਕੇ, ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਕੁਰਬਾਨੀ ਦਾ ਅਹਿਸਾਸ ਹੋਰ ਡੂੰਘਾ ਹੁੰਦਾ ਜਾਂਦਾ ਸੀ। ਕੋਠੜੀਆਂ ਦੀਆਂ ਬੇਰੰਗੀਆਂ ਤੇ ਉੱਖੜੀਆਂ ਹੋਈਆਂ ਕੰਧਾਂ। ਅਗਲੀ ਦੀਵਾਰ ਵਿਚ ਲੱਗੀਆਂ ਲੋਹੇ ਦੇ ਮੋਟੇ ਸਰੀਏ ਦੀਆਂ ਖਿੜਕੀਆਂ। ਇਨ੍ਹਾਂ ਦੇ ਪਿੱਛੇ ਫਿਰ ਲੋਹੇ ਦੀਆਂ ਖਿੜਕੀਆਂ। ਅੱਗੇ, ਪਿੱਛੇ ਲੱਗੀਆਂ ਹੋਈਆਂ ਲੋਹੇ ਦੀਆਂ ਖਿੜਕੀਆਂ ਤੇ ਇਨ੍ਹਾਂ ਲੋਹੇ ਦੀਆਂ ਖਿੜਕੀਆਂ ਨੂੰ ਲੱਗੇ ਹੋਏ ਵੱਡੇ-ਵੱਡੇ ਜਿੰਦਰੇ। ਮੌਤ ਦਾ ਖ਼ੌਫ਼ਨਾਕ ਰੂਪ ਧਾਰੀ ਖੜ੍ਹੀਆਂ ਇਨ੍ਹਾਂ ਵੱਖੋ-



ਵੱਖ ਕੋਠੜੀਆਂ 'ਚ ਬਹੁਤ ਸਾਰੇ ਵਤਨ ਦੀ ਆਜ਼ਾਦੀ ਲਈ ਲੜਨ ਵਾਲੇ ਯੋਧੇ ਤੇ ਇਨਕਲਾਬੀ ਬੰਦ ਰਹੇ। ਇਨ੍ਹਾਂ ਕੋਠੜੀਆਂ ਵਿਚੋਂ ਹੀ ਇਕ ਕੋਠੜੀ 'ਚ ਭਗਤ ਸਿੰਘ ਵੀ ਕੈਦ ਰਹੇ ਸਨ। ਭਗਤ ਸਿੰਘ ਪੰਜਾਬ ਦੀ ਧਰਤੀ (ਸਾਂਦਲ ਬਾਰ) ਉਤੇ, ਪੰਜਾਬਣ ਮਾਂ ਦੀ ਕੁੱਖੋਂ ਜਨਮ ਲੈਣ ਵਾਲਾ, ਪੰਜਾਬੀ ਮਾਂ-ਪਿਓ ਦਾ ਇਕ ਬਹਾਦਰ ਪੁੱਤਰ ਸੀ।

ਲਾਇਲਪੁਰ ਦੀਆਂ ਹੱਦਾਂ 'ਚ ਹੱਸਦੇ-ਵੱਸਦੇ 5 ਚੱਕ ਬੰਗੇ ਵਿਚ। ਇਸ ਪਿੰਡ ਦੇ ਇਕ ਸਰਦਾਰ ਤੇ ਸਰਦਾਰਨੀ ਦੇ ਘਰ ਜਨਮ ਲੈਣ ਵਾਲਾ ਇਹ ਬੇਟਾ ਬੱਬਰ ਸ਼ੇਰ ਦਾ ਜਿਗਰਾ ਰੱਖਦਾ ਸੀ। ਇਸ ਸ਼ੇਰ-ਦਲੇਰ ਬੇਟੇ ਨੇ ਹਿੰਦੁਸਤਾਨ ਦੀ ਧਰਤੀ ਦੇ ਇਨਸਾਨੀ ਤੇ ਸਿਆਸੀ ਆਜ਼ਾਦੀ ਦੇ ਸੁਪਨੇ ਨੂੰ ਹਕੀਕਤ ਦਾ ਰੂਪ ਦੇਣ ਲਈ ਆਪਣੀ ਜਾਨ ਵਾਰ ਕੇ ਆਜ਼ਾਦ ਹਿੰਦੁਸਤਾਨ ਲਈ ਇਕ ਬੁਨਿਆਦੀ ਤੇ ਇਨਕਲਾਬੀ ਕਿਰਦਾਰ ਨਿਭਾਇਆ। ਉਹ ਥਾਂ (ਜਗ ?ਹਾ) ਜਿਥੇ ਨਵਾਬ ਅਹਿਮਦ ਖਾਂ ਆਨਰੇਰੀ ਮੈਜਿਸਟਰੇਟ ਨੇ ਭਗਤ ਸਿੰਘ ਤੇ ਉਸ ਦੇ ਦੋ ਬਾਗੀ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੀ ਫ਼ਾਂਸੀ 'ਤੇ ਅਮਲ ਕਰਵਾਇਆ ਸੀ, ਉਸੇ ਥਾਂ ਉਤੇ ਹੀ ਕਈ ਸਾਲ ਗੁਜ਼ਰਨ ਤੋਂ ਬਾਅਦ, ਨਵਾਬ ਅਹਿਮਦ ਖਾਂ ਆਨਰੇਰੀ ਮਜਿਸਟਰੇਟ ਗੋਲੀਆਂ ਦਾ ਨਿਸ਼ਾਨਾ ਬਣੇ ਸਨ। ਭਗਤ ਸਿੰਘ ਤੇ ਉਸ ਦੇ ਦੋਵਾਂ ਸਾਥੀਆਂ ਨੂੰ ਫ਼ਾਂਸੀ ਦਿੱਤੇ ਜਾਣ ਕਾਰਨ ਉਸ ਸਮੇਂ ਸਾਰੇ ਮੁਲਕ ਵਿਚ ਰੋਹ ਤੇ ਰੋਸ ਫੈਲ ਗਿਆ ਸੀ। ਇਸੇ ਗੁੱਸੇ ਵਿਚ ਕੁਝ ਨੌਜਵਾਨਾਂ ਵਲੋਂ ਨਵਾਬ ਅਹਿਮਦ ਖਾਂ ਆਨਰੇਰੀ ਮਜਿਸਟਰੇਟ ਨੂੰ ਗੋਲੀਆਂ ਮਾਰ ਕੇ ਭੁੰਨ ਦਿੱਤਾ ਸੀ। ਏਨੀਆਂ ਗੋਲੀਆਂ ਮਾਰੀਆਂ ਕਿ ਨਵਾਬ ਅਹਿਮਦ ਦੀ ਸ਼ਕਲ (ਮੂੰਹ) ਵਿਗੜ-ਤਿਗੜ ਗਈ। ਨਵਾਬ ਅਹਿਮਦ ਖਾਂ ਪਛਾਣਿਆ ਨਹੀਂ ਸੀ ਜਾ ਰਿਹਾ।

ਮੈਨੂੰ ਉਹ ਮੌਤ ਦੀ ਕੋਠੜੀ ਦੇਖਣ ਦਾ ਇਜਾਜ਼ (ਮਾਣ) ਹਾਸਲ ਹੈ, ਜਿਸ ਮੌਤ ਦੀ ਕੋਠੜੀ 'ਚ ਭਗਤ ਸਿੰਘ ਸ਼ਹੀਦ-ਏ-ਆਜ਼ਮ ਨੂੰ ਕੈਦ ਰੱਖਿਆ ਗਿਆ ਸੀ।

ਇਸ ਕੋਠੜੀ ਤੋਂ ਹੀ 23 ਮਾਰਚ, 1931 ਦੀ ਸ਼ਾਮ ਨੂੰ ਭਗਤ ਸਿੰਘ ਦੀ ਸ਼ਹਾਦਤ ਦੇ ਸਫ਼ਰ ਦੀ ਸ਼ੁਰੂਆਤ ਹੋਈ ਸੀ।

ਜਦ ਮੈਂ ਭਗਤ ਸਿੰਘ ਦੀ ਕੋਠੜੀ ਦੇਖ ਰਿਹਾ ਸੀ, ਮੈਨੂੰ ਆਪਣੇ-ਆਪ ਦਾ ਹੋਸ਼ ਨਾ ਰਿਹਾ। ਮੈਂ ਮਨ ਹੀ ਮਨ ਉਸ ਸਮੇਂ ਦੇ ਦ੍ਰਿਸ਼ ਦੇਖਣ ਲੱਗਾ ਜਦੋਂ ਸ਼ਹੀਦ ਭਗਤ ਸਿੰਘ ਨੂੰ ਇਸ ਕੋਠੜੀ ਵਿਚ ਬੰਦ ਸੀ। ਪਰ ਭਗਤ ਸਿੰਘ ਤਾਂ ਸ਼ਹੀਦ ਹੋ ਕੇ ਵੀ ਸਾਡੇ ਪੰਜਾਬੀਆਂ ਦੇ ਨਾਲ ਹੀ ਹੈ। ਪੰਜਾਬ ਦੀ ਹਿੱਕ ਉਤੇ ਇਕ ਖ਼ੂਨੀ ਲਕੀਰ ਖਿੱਚੀ ਗਈ।

ਸ਼ਹੀਦ-ਏ-ਆਜ਼ਮ ਭਗਤ ਸਿੰਘ। ਇਸ ਖਿੱਚੀ ਹੋਈ ਲਕੀਰ ਦੇ ਆਰ ਵੀ ਹੈ ਤੇ ਪਾਰ ਵੀ। ਜਿਵੇਂ ਪੰਜਾਬੀ ਇਸ ਖਿੱਚੀ ਹੋਈ ਲਕੀਰ ਦੇ ਆਰ ਵੀ ਹਨ ਤੇ ਪਾਰ ਵੀ ਹਨ। ਪਰ ਅਸੀਂ ਦੋਵਾਂ ਪਾਸਿਆਂ ਦੇ ਪੰਜਾਬੀ ਇਸ ਆਰ ਨੂੰ ਪਾਰ ਤੇ ਪਾਰ ਨੂੰ ਆਰ ਕਰਾਂਗੇ। ਅਜਿਹੀਆਂ ਮਿਲਣ ਤੇ ਸਾਂਝਾਂ ਦੀਆਂ ਘੜੀਆਂ, ਇਕ ਨਾ ਇਕ ਦਿਨ ਜ਼ਰੂਰ ਆਉਣਗੀਆਂ। ਹਿੰਦੁਸਤਾਨ ਦੀ ਧਾਰਮਿਕ ਤੇ ਸਿਆਸੀ ਆਜ਼ਾਦੀ ਲਈ ਇਸ ਦੀ ਧਰਤੀ ਉੱਪਰ ਵਸਣ ਵਾਲੇ ਹਿੰਦੁਸਤਾਨੀ ਲੋਕਾਂ ਦੇ ਇਨਸਾਨੀ ਹੱਕਾਂ ਲਈ ਸੰਘਰਸ਼ ਕਰਨ ਵਾਲੇ, ਜਿਨ੍ਹਾਂ ਨੇ ਅਜਿਹਾ ਇਨਕਲਾਬ ਲਿਆਉਣ ਲਈ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਫਾਂਸੀ ਦੇ ਤਖਤਿਆਂ ਉਤੇ ਖੜ੍ਹੇ ਹੋ ਕੇ, ਆਪਣੇ ਹੱਥੀਂ ਫ਼ਾਂਸੀ ਦੇ ਫੰਦਿਆਂ ਨੂੰ ਚੁੰਮ ਕੇ ਆਪਣੇ ਗਲਾਂ 'ਚ ਪਾ ਲਿਆ ਤੇ ਜੈਕਾਰੇ ਮਾਰਦਿਆਂ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦੇ ਫ਼ਾਂਸੀਆਂ ਦੇ ਫੰਦਿਆਂ ਦੀ ਪੀਂਘ ਝੂਟ ਗਏ, ਜਿਨ੍ਹਾਂ ਬਹਾਦਰ ਹਿੰਦੁਸਤਾਨੀਆਂ ਨੂੰ ਤੋਪਾਂ ਅੱਗੇ ਖੜ੍ਹੇ ਕਰਕੇ, ਤੋਪਾਂ ਦੇ ਗੋਲਿਆਂ ਨਾਲ ਉਡਾ ਦਿੱਤਾ ਗਿਆ, ਇਨ੍ਹਾਂ ਸਭ ਯੋਧਿਆਂ, ਇਨਕਲਾਬੀਆਂ ਤੇ ਹਿੰਦੁਸਤਾਨ ਦੀ ਆਜ਼ਾਦੀ ਦੇ ਸ਼ਹੀਦ ਸਿਪਾਹੀਆਂ ਵਿਚ ਇਕ ਵਿਸ਼ੇਸ਼ ਰੁਤਬਾ ਰੱਖਦੇ ਹਨ ਸ਼ਹੀਦ-ਏ-ਆਜ਼ਮ ਭਗਤ ਸਿੰਘ।

ਭਗਤ ਸਿੰਘ, ਲਹਿੰਦੇ ਪੰਜਾਬ ਦੇ ਮੁਸਲਿਮ ਤੇ ਗ਼ੈਰ-ਮੁਸਲਿਮ ਪੰਜਾਬੀ ਭਾਈਚਾਰੇ ਵਲੋਂ ਤੈਨੂੰ ਸਲਾਮ-ਓ-ਅਦਾਬ ਤੇ ਸਲਾਮੇ ਮੁਹੱਬਤ ਪੇਸ਼ ਹੈ।

**'ਹਮ ਭੂਲੇਂ ਹੈਂ ਨਾ ਭੂਲੇਂਗੇ ਕਭੀ ਤੁਝੇ'**

**(ਰੱਬ ਰਾਖਾ)।**





ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

'ਡਾ. ਗੁਰਿੰਦਰ ਸਿੰਘ ਗ੍ਰੇਵਾਲ ਇੱਕ ਪ੍ਰਬੁੱਧ ਵਿਦਵਾਨ ਅਤੇ ਵਿਸ਼ਲੇਸ਼ਕ ਹਨ, ਜਿਨ੍ਹਾਂ ਦਾ ਕੰਮ ਅੰਤਰਰਾਸ਼ਟਰੀ ਰਾਜਨੀਤੀ, ਮਨੁੱਖੀ ਅਧਿਕਾਰਾਂ ਅਤੇ ਰਾਸ਼ਟਰੀ ਸੁਰੱਖਿਆ ਦੇ ਗੁੰਝਲਦਾਰ ਸੁਮੇਲ 'ਤੇ ਕੇਂਦਰਿਤ ਹੈ। ਡਾ. ਗਰੇਵਾਲ ਦਾ ਇਹ ਖੋਜ ਭਰਪੂਰ ਲੇਖ ਜੋ ਐਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਿਆਂ ਦੇ ਕੰਟਰੋਲ ਲਈ ਸਰਕਾਰ ਅਤੇ ਮਹੰਤਾਂ ਵਿਰੁੱਧ ਅਹਿੰਸਕ ਸੰਘਰਸ਼ ਸ਼ੁਰੂ ਕੀਤਾ। ਕਾਫੀ ਸੰਘਰਸ਼ ਅਤੇ ਕੁਰਬਾਨੀਆਂ ਤੋਂ ਬਾਅਦ, 1925 ਵਿੱਚ ਪੰਜਾਬ ਦੇ ਤਤਕਾਲੀ ਗਵਰਨਰ ਮੈਲਕਮ ਹੈਲੀ ਨੇ ਲਾਹੌਰ ਕਿਲੇ ਵਿੱਚ ਕੈਦ ਅਕਾਲੀ ਆਗੂਆਂ ਨੂੰ ਇੱਕ ਨਵੇਂ ਗੁਰਦੁਆਰਾ ਬਿੱਲ ਦਾ ਖਰੜਾ ਪੇਸ਼ ਕੀਤਾ। ਕੇਂਦਰੀ ਗੁਰਦੁਆਰਾ ਬੋਰਡ ਸਿੱਖਾਂ ਦੁਆਰਾ ਚੁਣਿਆ ਗਿਆ ਸੀ ਅਤੇ ਇਸ ਨੂੰ ਸਾਰੇ ਮਹੱਤਵਪੂਰਨ ਸਿੱਖ ਉਪਾਸਨਾ ਸਥਾਨਾਂ ਦਾ ਸਰਪ੍ਰਸਤ ਬਣਨਾ ਸੀ। ਆਪਣੀ ਪਹਿਲੀ ਮੀਟਿੰਗ ਦੌਰਾਨ, ਗੁਰਦੁਆਰਾ ਬੋਰਡ ਨੇ ਇੱਕ ਮਤਾ ਪਾਸ ਕੀਤਾ ਕਿ ਇਸਦਾ ਨਾਮ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਦਿੱਤਾ ਜਾਵੇ। ਇਸ ਹਫ਼ਤੇ ਅਸੀਂ ਉਨ੍ਹਾਂ ਦਾ ਇਹ ਲੇਖ 'ਸਾਡੇ ਲੋਕ' ਦੇ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਫ਼ਖਰ ਮਹਿਸੂਸ ਕਰ ਰਹੇ ਹਾਂ।' — ਸਤਨਾਮ ਸਿੰਘ ਖਾਲਸਾ

# ਸਿੱਖ ਹੈਰੀਟੇਜ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜ਼ੇਸ਼ਨ ਆਫ ਅਮਰੀਕਾ, ਇੰਕ.

ਸਤਿਕਾਰਯੋਗ ਸ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਐਸ.ਜੀ.ਪੀ.ਸੀ. ਸਤਿਕਾਰਯੋਗ ਗਿਆਨੀ ਕੁਲਦੀਪ ਸਿੰਘ ਗੜਗੱਜ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ, ਪੰਜਾਬ, ਭਾਰਤ 143044

**ਵਿਸ਼ਾ: ਐਸ.ਜੀ.ਪੀ.ਸੀ. (SGPC) ਨੂੰ ਪੱਤਰ ਵੱਲੋਂ: ਚਿੰਤਤ ਸਿੱਖ**

**ਸਤਿਕਾਰਯੋਗ ਪ੍ਰਧਾਨ ਅਤੇ ਜਥੇਦਾਰ ਜੀ,**

15 ਨਵੰਬਰ 1920 ਨੂੰ ਅੰਮ੍ਰਿਤਸਰ ਵਿੱਚ ਅਕਾਲ ਤਖ਼ਤ ਦੇ ਨੇੜੇ, ਉੱਭਰ ਰਹੇ ਸਿੱਖ ਆਗੂਆਂ ਨੇ ਸਿੱਖਾਂ ਦੀ ਇੱਕ ਜਨਰਲ ਅਸੈਂਬਲੀ ਬੁਲਾਈ, ਜਿਸ ਵਿੱਚ ਹਰ ਤਰ੍ਹਾਂ ਦੇ ਵਿਚਾਰ ਰੱਖਣ ਵਾਲੇ ਸਿੱਖ ਸ਼ਾਮਲ ਹੋਏ। ਇਸ ਅਸੈਂਬਲੀ ਦਾ ਉਦੇਸ਼ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅਤੇ ਹੋਰ ਮਹੱਤਵਪੂਰਨ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਿੱਖਾਂ ਦੀ ਇੱਕ ਨੁਮਾਇੰਦਾ ਕਮੇਟੀ ਚੁਣਨਾ ਸੀ। ਪ੍ਰਸਤਾਵਿਤ ਕਾਨਫਰੰਸ ਤੋਂ ਦੋ ਦਿਨ ਪਹਿਲਾਂ, ਬ੍ਰਿਟਿਸ਼ ਸਰਕਾਰ ਨੇ ਇਸੇ ਉਦੇਸ਼ ਲਈ 36 ਮੈਂਬਰਾਂ ਦੀ ਆਪਣੀ ਇੱਕ ਕਮੇਟੀ ਬਣਾਈ ਸੀ। ਸਿੱਖਾਂ ਨੇ ਆਪਣੀ ਨਿਰਧਾਰਤ ਮੀਟਿੰਗ ਕੀਤੀ ਅਤੇ 175 ਮੈਂਬਰਾਂ ਦੀ ਇੱਕ ਵੱਡੀ ਕਮੇਟੀ ਚੁਣੀ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਸਰਕਾਰ ਦੁਆਰਾ ਨਿਯੁਕਤ ਕਮੇਟੀ ਦੇ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ, ਜਿਵੇਂ ਕਿ ਸ. ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ ਅਤੇ ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਸਨ। ਕਮੇਟੀ ਦਾ ਗਠਨ ਸਿੱਖ ਧਾਰਮਿਕ ਅਸਥਾਨਾਂ ਦੇ ਸੁਧਾਰ ਦੀ ਲਹਿਰ ਲਈ ਇੱਕ ਕੇਂਦਰਬਿੰਦੂ ਬਣ ਗਿਆ। ਕਮੇਟੀ ਨੇ ਇੱਕ-ਇੱਕ ਕਰਕੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣਾ ਸ਼ੁਰੂ ਕੀਤਾ, ਜਿਸ ਦਾ ਉੱਥੇ ਕਾਬਜ਼ ਮਹੰਤਾਂ ਨੇ ਵਿਰੋਧ ਕੀਤਾ।

ਐਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਿਆਂ ਦੇ ਕੰਟਰੋਲ ਲਈ ਸਰਕਾਰ ਅਤੇ ਮਹੰਤਾਂ ਵਿਰੁੱਧ ਅਹਿੰਸਕ ਸੰਘਰਸ਼ ਸ਼ੁਰੂ ਕੀਤਾ। ਕਾਫੀ ਸੰਘਰਸ਼ ਅਤੇ ਕੁਰਬਾਨੀਆਂ ਤੋਂ ਬਾਅਦ, 1925 ਵਿੱਚ ਪੰਜਾਬ ਦੇ ਤਤਕਾਲੀ ਗਵਰਨਰ ਮੈਲਕਮ ਹੈਲੀ ਨੇ ਲਾਹੌਰ ਕਿਲੇ ਵਿੱਚ ਕੈਦ ਅਕਾਲੀ ਆਗੂਆਂ ਨੂੰ ਇੱਕ ਨਵੇਂ ਗੁਰਦੁਆਰਾ ਬਿੱਲ ਦਾ ਖਰੜਾ ਪੇਸ਼ ਕੀਤਾ। ਮਾਸਟਰ ਤਾਰਾ ਸਿੰਘ, ਐਡਵੋਕੇਟ ਭਾਗ ਸਿੰਘ, ਐਡਵੋਕੇਟ ਗੁਰਚਰਨ ਸਿੰਘ, ਤੇਜਾ ਸਿੰਘ ਅਕਰਪੁਰੀ (ਜਥੇਦਾਰ ਅਕਾਲ ਤਖ਼ਤ), ਸੋਹਣ ਸਿੰਘ ਜੋਸ਼ ਅਤੇ ਸ. ਤੇਜਾ ਸਿੰਘ ਸਮੁੰਦਰੀ ਨੇ ਬਿੱਲ ਦੀ ਹਰ ਧਾਰਾ ਦਾ ਧਿਆਨ ਨਾਲ ਅਧਿਐਨ ਅਤੇ ਸਮੀਖਿਆ ਕੀਤੀ। ਬਿੱਲ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ ਅਤੇ ਪੰਜਾਬ ਵਿਧਾਨ ਸਭਾ ਕੌਂਸਲ ਦੁਆਰਾ ਇਸ ਦੀ ਪੁਸ਼ਟੀ ਕੀਤੀ ਗਈ, ਜਿਸ ਤੋਂ ਬਾਅਦ 28 ਜੁਲਾਈ 1925 ਨੂੰ ਭਾਰਤ ਦੇ ਵਾਇਸਰਾਏ ਦੁਆਰਾ ਇਸ 'ਤੇ ਦਸਤਖਤ ਕਰਕੇ ਇਸ ਨੂੰ ਕਾਨੂੰਨ ਬਣਾ ਦਿੱਤਾ ਗਿਆ। ਇਹ ਐਕਟ 1 ਨਵੰਬਰ 1925 ਨੂੰ ਪੰਜਾਬ ਸਰਕਾਰ ਦੇ ਗਜ਼ਟ ਨੋਟੀਫਿਕੇਸ਼ਨ ਨਾਲ ਲਾਗੂ ਹੋਇਆ।

ਇਸ ਐਕਟ ਨੇ ਇੱਕ ਕੇਂਦਰੀ ਗੁਰਦੁਆਰਾ ਬੋਰਡ ਬਣਾਇਆ। ਕੇਂਦਰੀ ਗੁਰਦੁਆਰਾ ਬੋਰਡ ਸਿੱਖਾਂ ਦੁਆਰਾ ਚੁਣਿਆ ਗਿਆ ਸੀ ਅਤੇ ਇਸ ਨੂੰ ਸਾਰੇ ਮਹੱਤਵਪੂਰਨ ਸਿੱਖ ਉਪਾਸਨਾ ਸਥਾਨਾਂ ਦਾ ਸਰਪ੍ਰਸਤ ਬਣਨਾ ਸੀ। ਆਪਣੀ ਪਹਿਲੀ ਮੀਟਿੰਗ ਦੌਰਾਨ, ਗੁਰਦੁਆਰਾ ਬੋਰਡ ਨੇ ਇੱਕ ਮਤਾ ਪਾਸ ਕੀਤਾ ਕਿ ਇਸਦਾ ਨਾਮ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਦਿੱਤਾ ਜਾਵੇ। ਸਰਕਾਰ ਨੇ ਇਸ ਮਤੇ ਨੂੰ ਸਵੀਕਾਰ ਕਰ ਲਿਆ।






**ਇਸ ਆਰਟੀਕਲ ਦੀ ਡੂੰਘਾਈ ਨੂੰ ਸਮਝਣ ਦੇ ਲਈ, ਇਹ ਦੋ ਤਸਵੀਰਾਂ (ਖੱਬੇ: 1920ਵਿਆਂ ਦੇ ਸ਼ੁਰੂਆਤੀ ਦੌਰ ਦਾ ਸਿੱਖ ਪੰਥ ਅਤੇ ਸੱਜੇ: ਮੌਜੂਦਾ ਰਿਜ਼ਰਵੇਸ਼ਨ ਸਿਸਟਮ ਵਾਲਾ ਦੌਰ) ਏਆਈ (AI) ਵੱਲੋਂ ਤਿਆਰ ਕੀਤੀਆਂ ਗਈਆਂ ਹਨ। ਇਹ ਤਸਵੀਰਾਂ ਕਲਪਨਾ 'ਤੇ ਆਧਾਰਿਤ ਹਨ ਅਤੇ ਇਤਿਹਾਸਕ ਘਟਨਾਵਾਂ ਦਾ ਪ੍ਰਤੀਕ ਮਾਤਰ ਹਨ।**

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਵੀਆਂ ਚੋਣਾਂ ਹੋਈਆਂ ਤਾਂ ਅਕਾਲੀ ਦਲ ਨੇ ਬਹੁਮਤ ਹਾਸਲ ਕੀਤਾ ਅਤੇ ਨਵੀਂ ਚੁਣੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਖੜਕ ਸਿੰਘ ਨੂੰ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਨੂੰ ਮੀਤ ਪ੍ਰਧਾਨ ਚੁਣਿਆ।

1953 ਵਿੱਚ, 1925 ਦੇ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਐਸ.ਜੀ.ਪੀ.ਸੀ. ਦੀਆਂ 140 ਸੀਟਾਂ ਵਿੱਚੋਂ 20 ਸੀਟਾਂ ਸਿੱਖ ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵੀਆਂ ਕੀਤੀਆਂ ਗਈਆਂ ਸਨ। ਮੌਜੂਦਾ ਕਮੇਟੀ ਵਿੱਚ 170 ਚੁਣੇ ਹੋਏ ਮੈਂਬਰ ਹਨ, ਜਿਨ੍ਹਾਂ ਵਿੱਚੋਂ 121 ਜਨਰਲ ਮੈਂਬਰ ਹਨ। 20 ਸੀਟਾਂ ਸਿੱਖ ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਅਤੇ 30 ਸੀਟਾਂ ਔਰਤਾਂ ਲਈ ਰਾਖਵੀਆਂ ਹਨ। ਨਾ ਤਾਂ ਔਰਤਾਂ ਅਤੇ ਨਾ ਹੀ ਸਿੱਖ ਅਨੁਸੂਚਿਤ ਜਾਤੀ ਦੇ ਮੈਂਬਰ ਪੂਰਨ ਨੁਮਾਇੰਦੇ ਹਨ। ਇਨ੍ਹਾਂ ਰਾਖਵੇਂ ਸਮੂਹਾਂ ਵਿੱਚੋਂ, ਇੱਕ ਹਲਕੇ ਤੋਂ ਦੋ ਮੈਂਬਰ ਚੁਣੇ ਜਾਂਦੇ ਹਨ-ਅਸਲ ਵਿੱਚ ਇੱਕ ਦੋਹਰੀ ਮੈਂਬਰਸ਼ਿਪ।

ਵਿਸਾਖੀ ਦੌਰਾਨ, 30 ਮਾਰਚ 1699 ਨੂੰ (ਜਦੋਂ ਕਿ ਵਿਸਾਖੀ ਹੁਣ ਹਰ ਸਾਲ 13 ਅਪ੍ਰੈਲ ਨੂੰ ਹੁੰਦੀ ਹੈ, ਕਿਉਂਕਿ ਗ੍ਰੇਗੋਰੀਅਨ ਕੈਲੰਡਰ ਨੇ 1752 ਵਿੱਚ 11 ਦਿਨ ਛੱਡ ਦਿੱਤੇ ਸਨ), ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ (ਪੰਜ ਪਿਆਰੇ) ਨੂੰ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾਇਆ ਜੋ ਖਾਲਸੇ ਦਾ ਕੇਂਦਰ ਬਣਦੇ ਹਨ। ਫਿਰ ਗੁਰੂ ਸਾਹਿਬ ਨੇ ਖੁਦ ਉਨ੍ਹਾਂ ਪੰਜ ਸਿੱਖਾਂ ਤੋਂ ਅੰਮ੍ਰਿਤ ਛਕਿਆ (ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ)। ਇਹ ਖਾਲਸੇ ਦਾ ਕੇਂਦਰ ਬਿੰਦੂ ਹੈ।

**ਪੰਜ ਪਿਆਰੇ**

1. ਭਾਈ ਦਇਆ ਸਿੰਘ (1661-1708 ਈਸਵੀ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ ਦਾ ਜਵਾਬ ਦੇਣ ਅਤੇ ਆਪਣਾ ਸੀਸ ਭੇਟ ਕਰਨ ਵਾਲੇ ਪੰਜ ਪਿਆਰਿਆਂ ਵਿੱਚੋਂ ਪਹਿਲੇ।
**ਜਨਮ ਸਾਲ ਅਤੇ ਸਥਾਨ:** 1661 ਲਾਹੌਰ ਵਿੱਚ (ਮੌਜੂਦਾ ਪਾਕਿਸਤਾਨ)।
**ਜਨਮ ਦਾ ਨਾਮ:** ਦਇਆ ਰਾਮ।
**ਪਰਿਵਾਰ:** ਸੁੱਧਾ ਅਤੇ ਮਾਈ ਦਿਆਲੀ ਦੇ ਪੁੱਤਰ, ਸੋਭੀ ਖੱਤਰੀ ਕਬੀਲੇ ਨਾਲ ਸਬੰਧਤ।
**ਕਿੱਤਾ:** ਦੁਕਾਨਦਾਰ।
**ਅੰਮ੍ਰਿਤਪਾਨ:** 1699 ਅਨੰਦਪੁਰ ਸਾਹਿਬ ਵਿਖੇ, 38 ਸਾਲ ਦੀ ਉਮਰ ਵਿੱਚ।
**ਮੌਤ:** 1708 ਨੰਦੇੜ ਵਿਖੇ, 47 ਸਾਲ ਦੀ ਉਮਰ ਵਿੱਚ ਸ਼ਹੀਦੀ।

2. ਭਾਈ ਧਰਮ ਸਿੰਘ (1699-1708 ਈਸਵੀ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ ਦਾ ਜਵਾਬ ਦੇਣ ਵਾਲੇ ਦੂਜੇ ਪਿਆਰੇ।
**ਜਨਮ ਸਾਲ ਅਤੇ ਸਥਾਨ:** 1666 ਹਸਤੀਨਾਪੁਰ ਵਿੱਚ ਗੰਗਾ ਨਦੀ ਦੇ ਕੰਢੇ, ਮੇਰਠ ਦੇ ਉੱਤਰ-ਪੂਰਬ (ਮੌਜੂਦਾ ਦਿੱਲੀ, ਭਾਰਤ)।
**ਜਨਮ ਦਾ ਨਾਮ:** ਧਰਮ ਦਾਸ।
**ਪਰਿਵਾਰ:** ਸੰਤ ਰਾਮ ਅਤੇ ਮਾਈ ਸਭੋ ਦੇ ਪੁੱਤਰ, ਜੱਟ ਕਬੀਲੇ ਨਾਲ ਸਬੰਧਤ।
**ਕਿੱਤਾ:** ਕਿਸਾਨ।
**ਅੰਮ੍ਰਿਤਪਾਨ:** 1699 ਅਨੰਦਪੁਰ ਸਾਹਿਬ ਵਿਖੇ, 33 ਸਾਲ ਦੀ ਉਮਰ ਵਿੱਚ।
**ਮੌਤ:** 1708 ਨੰਦੇੜ ਵਿਖੇ, 42 ਸਾਲ ਦੀ ਉਮਰ ਵਿੱਚ ਸ਼ਹੀਦੀ।

3. ਭਾਈ ਹਿੰਮਤ ਸਿੰਘ (1661-1704 ਈਸਵੀ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ ਦਾ ਜਵਾਬ ਦੇਣ ਵਾਲੇ ਤੀਜੇ ਪਿਆਰੇ।
**ਜਨਮ ਮਿਤੀ ਅਤੇ ਸਥਾਨ:** 18 ਜਨਵਰੀ 1661, ਜਗਨਨਾਥ ਪੁਰੀ (ਮੌਜੂਦਾ ਉੜੀਸਾ, ਭਾਰਤ) ਵਿੱਚ।
**ਜਨਮ ਦਾ ਨਾਮ:** ਹਿੰਮਤ ਰਾਏ।
**ਪਰਿਵਾਰ:** ਗੁਲਜ਼ਾਰੀ ਅਤੇ ਧੰਨੋ ਦੇ ਪੁੱਤਰ, ਝੀਵਰ ਕਬੀਲੇ ਨਾਲ ਸਬੰਧਤ।
**ਕਿੱਤਾ:** ਪਾਣੀ ਢੋਣ ਵਾਲਾ (ਝੀਵਰ)।
**ਅੰਮ੍ਰਿਤਪਾਨ:** 1699 ਅਨੰਦਪੁਰ ਸਾਹਿਬ ਵਿਖੇ, 38 ਸਾਲ ਦੀ ਉਮਰ ਵਿੱਚ।
**ਮੌਤ ਦੀ ਮਿਤੀ ਅਤੇ ਸਥਾਨ:** 22 ਦਸੰਬਰ 1704, ਚਮਕੌਰ ਸਾਹਿਬ ਵਿਖੇ, 44 ਸਾਲ ਦੀ ਉਮਰ ਵਿੱਚ ਸ਼ਹੀਦੀ।

4. ਭਾਈ ਮੁਹਕਮ ਸਿੰਘ (1663-1704 ਈਸਵੀ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ ਦਾ ਜਵਾਬ ਦੇਣ ਵਾਲੇ ਚੌਥੇ ਪਿਆਰੇ।
**ਜਨਮ ਮਿਤੀ ਅਤੇ ਸਥਾਨ:** 6 ਜੂਨ 1663, ਦਵਾਰਕਾ (ਮੌਜੂਦਾ ਗੁਜਰਾਤ, ਭਾਰਤ) ਵਿੱਚ।
**ਜਨਮ ਦਾ ਨਾਮ:** ਮੁਹਕਮ ਚੰਦ।
**ਪਰਿਵਾਰ:** ਤੀਰਥ ਚੰਦ ਅਤੇ ਦੇਵੀ ਬਾਈ ਦੇ ਪੁੱਤਰ, ਛੀਂਬਾ ਕਬੀਲੇ ਨਾਲ ਸਬੰਧਤ।
**ਕਿੱਤਾ:** ਦਰਜ਼ੀ।
**ਅੰਮ੍ਰਿਤਪਾਨ:** 1699 ਅਨੰਦਪੁਰ ਸਾਹਿਬ ਵਿਖੇ, 36 ਸਾਲ ਦੀ ਉਮਰ ਵਿੱਚ।
**ਮੌਤ ਦੀ ਮਿਤੀ ਅਤੇ ਸਥਾਨ:** 22 ਦਸੰਬਰ 1704, ਚਮਕੌਰ ਸਾਹਿਬ ਵਿਖੇ, 44 ਸਾਲ ਦੀ ਉਮਰ ਵਿੱਚ ਸ਼ਹੀਦੀ।

5. ਭਾਈ ਸਾਹਿਬ ਸਿੰਘ (1662-1704 ਈਸਵੀ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ ਦਾ ਜਵਾਬ ਦੇਣ ਵਾਲੇ ਪੰਜਵੇਂ ਪਿਆਰੇ।
**ਜਨਮ ਮਿਤੀ ਅਤੇ ਸਥਾਨ:** 17 ਜੂਨ 1663, ਬੀਦਰ (ਮੌਜੂਦਾ ਕਰਨਾਟਕ, ਭਾਰਤ) ਵਿੱਚ।
**ਜਨਮ ਦਾ ਨਾਮ:** ਸਾਹਿਬ ਚੰਦ।
**ਪਰਿਵਾਰ:** ਭਾਈ ਗੁਰੂ ਨਰਾਇਣ ਅਤੇ ਅੰਕੰਮਾ ਬਾਈ ਦੇ ਪੁੱਤਰ, ਨਾਈ ਕਬੀਲੇ ਨਾਲ ਸਬੰਧਤ।
**ਕਿੱਤਾ:** ਨਾਈ।
**ਅੰਮ੍ਰਿਤਪਾਨ:** 1699 ਅਨੰਦਪੁਰ ਸਾਹਿਬ ਵਿਖੇ, 36 ਸਾਲ ਦੀ ਉਮਰ ਵਿੱਚ।
**ਮੌਤ ਦੀ ਮਿਤੀ ਅਤੇ ਸਥਾਨ:** 22 ਦਸੰਬਰ 1704, ਚਮਕੌਰ ਸਾਹਿਬ ਵਿਖੇ, 42 ਸਾਲ ਦੀ ਉਮਰ ਵਿੱਚ ਸ਼ਹੀਦੀ।

ਖਾਲਸਾ ਸਾਜ ਕੇ ਅਤੇ ਪੰਜਾਂ ਤੋਂ ਖੁਦ ਅੰਮ੍ਰਿਤ ਛਕ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਪੁਰਾਣੀ ਜਾਤ-ਪਾਤ ਪ੍ਰਣਾਲੀ (ਬਿਪਰਨ ਕੀ ਰੀਤ, ਯਾਨੀ ਮਨੂ ਦੀ ਸ਼੍ਰੇਣੀ ਪ੍ਰਣਾਲੀ 'ਤੇ ਅਧਾਰਤ ਬ੍ਰਾਹਮਣਵਾਦੀ ਪ੍ਰਥਾ) ਨੂੰ ਖਤਮ ਕਰ ਦਿੱਤਾ। ਹਾਲਾਂਕਿ, 1953 ਵਿੱਚ ਐਸ.ਜੀ.ਪੀ.ਸੀ. ਦਾ ਪਤਨ ਹੋਇਆ ਅਤੇ ਇਸਨੇ ਜਾਤ ਅਧਾਰਤ ਰਾਖਵਾਂਕਰਨ ਪ੍ਰਣਾਲੀ ਅਪਣਾ ਲਈ। ਇਹ ਬਿਲਕੁਲ ਸਪੱਸ਼ਟ ਹੈ ਕਿ ਮੌਜੂਦਾ ਐਸ.ਜੀ.ਪੀ.ਸੀ. ਨੇ 1925 ਵਿੱਚ ਖਾਲਸਾ ਪੰਥ ਦੁਆਰਾ ਦਿੱਤੀ ਗਈ ਨੈਤਿਕ ਅਥਾਰਟੀ ਗੁਆ ਦਿੱਤੀ ਹੈ। ਮੌਜੂਦਾ ਐਸ.ਜੀ.ਪੀ.ਸੀ. 'ਬਿਪਰਨ ਕੀ ਰੀਤ' ਦੀ ਪਾਲਣਾ ਕਰ ਰਹੀ ਹੈ ਅਤੇ ਕਮੇਟੀ ਦੁਆਰਾ ਨਿਯੁਕਤ ਜਥੇਦਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਦੇ ਉਲਟ ਅਭਿਆਸਾਂ ਨੂੰ ਅਪਣਾਉਣ ਵਾਲੀ ਇਸ ਕਮੇਟੀ ਤੋਂ ਨੌਕਰੀ ਸਵੀਕਾਰ ਕਰਕੇ ਅਸਲ ਵਿੱਚ ਜਾਤ ਪ੍ਰਣਾਲੀ ਨੂੰ ਸਵੀਕਾਰ ਕਰ ਲਿਆ ਹੈ। ਇਹ ਇਸ ਤੱਥ ਦੁਆਰਾ ਹੋਰ ਸਾਬਤ ਹੁੰਦਾ ਹੈ ਕਿ ਕੋਈ ਵੀ ਸਵੈ-ਮਾਣ ਵਾਲਾ ਸਿੱਖ ਅਜਿਹੀ ਕਮੇਟੀ ਵਿੱਚ ਨਿਯੁਕਤ ਹੋਣਾ ਜਾਂ ਕੰਮ ਕਰਨਾ ਪਸੰਦ ਨਹੀਂ ਕਰੇਗਾ ਜੋ ਸਿੱਖ-ਵਿਰੋਧੀ ਪ੍ਰਥਾਵਾਂ ਰੱਖਦੀ ਹੈ। ਅਸੀਂ ਤੁਹਾਨੂੰ ਅਤੇ ਐਸ.ਜੀ.ਪੀ.ਸੀ. ਦੇ ਸਾਰੇ ਮੈਂਬਰਾਂ ਨੂੰ ਅਪੀਲ ਕਰਦੇ ਹਾਂ ਕਿ ਐਸ.ਜੀ.ਪੀ.ਸੀ. ਵਿੱਚ ਜਾਤ ਪ੍ਰਣਾਲੀ ਨੂੰ ਤੁਰੰਤ ਖਤਮ ਕੀਤਾ ਜਾਵੇ।

ਮੌਜੂਦਾ ਮੈਂਬਰਾਂ ਨੂੰ ਖਾਲਸਾ ਪੰਥ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਫਿਰ ਇੱਕ ਕਮੇਟੀ ਚੁਣੀ ਜਾਣੀ ਚਾਹੀਦੀ ਹੈ। ਰਵਾਇਤ ਅਨੁਸਾਰ, ਅਸੀਂ ਜਾਤ ਦੇ ਕਿਸੇ ਵੀ ਵਿਚਾਰ ਤੋਂ ਬਿਨਾਂ ਪਛੜੇ ਸਿੱਖਾਂ ਵਿੱਚੋਂ ਐਸ.ਜੀ.ਪੀ.ਸੀ. ਦੀ ਲੀਡਰਸ਼ਿਪ ਦੀ ਚੋਣ ਕਰ ਸਕਦੇ ਹਾਂ। ਮੰਗੀਆਂ ਗਈਆਂ ਤਬਦੀਲੀਆਂ ਕਰਨ ਵਿੱਚ ਅਸਫਲਤਾ ਪੂਰੀ ਦੁਨੀਆ ਦੇ ਸਿੱਖਾਂ ਲਈ ਇੱਕ ਅਸਫਲਤਾ ਹੋਵੇਗੀ। ਇਸਦਾ ਮਤਲਬ ਹੈ ਕਿ ਤੁਹਾਡੇ ਕੋਲ ਸਿੱਖ ਪੰਥ ਦੀ ਨੁਮਾਇੰਦਗੀ ਕਰਨ ਲਈ ਕੋਈ ਨੈਤਿਕ ਅਥਾਰਟੀ ਨਹੀਂ ਰਹੇਗੀ। ਤਬਦੀਲੀ ਦੀ ਘਾਟ ਕਾਰਨ ਤੁਹਾਡੇ ਪ੍ਰਤੀ ਸਤਿਕਾਰ ਘਟੇਗਾ ਅਤੇ ਤੁਸੀਂ ਕੇਵਲ ਸਿੱਖ ਪਹਿਰਾਵੇ ਵਿੱਚ ਨਵੇਂ ਬ੍ਰਾਹਮਣ ਵਜੋਂ ਨਜ਼ਰ ਆਓਗੇ। ਅਸੀਂ ਇਹ ਵੀ ਸੁਝਾਅ ਦਿੰਦੇ ਹਾਂ ਕਿ ਸਰਕਾਰ ਦੁਆਰਾ ਪ੍ਰਵਾਨਿਤ ਕਮੇਟੀ ਦੇ ਚੱਲਣ ਦੀ ਬਜਾਏ ਸਿੱਖਾਂ ਦੁਆਰਾ ਐਸ.ਜੀ.ਪੀ.ਸੀ. ਮੈਂਬਰਾਂ ਦੀ ਚੋਣ ਕਰਨ ਦਾ ਨਵਾਂ ਤਰੀਕਾ ਅਪਣਾਇਆ ਜਾਵੇ। ਸਾਡੇ ਕੋਲ ਬਹੁਤ ਹੀ ਸਤਿਕਾਰਯੋਗ ਸੇਵਾਮੁਕਤ ਸਿੱਖ ਜੱਜ ਹਨ, ਜਿਨ੍ਹਾਂ ਨੇ ਭਾਰਤ ਵਿੱਚ ਹਾਈ ਕੋਰਟ ਅਤੇ/ਜਾਂ ਸੁਪਰੀਮ ਕੋਰਟ ਦੇ ਜੱਜਾਂ ਵਜੋਂ ਸੇਵਾ ਨਿਭਾਈ ਹੈ। ਇਹ ਜੱਜ ਐਸ.ਜੀ.ਪੀ.ਸੀ. ਦੇ ਸੰਵਿਧਾਨ ਦਾ ਨਵਾਂ ਖਰੜਾ ਤਿਆਰ ਕਰ ਸਕਦੇ ਹਨ ਅਤੇ ਆਮ ਸਿੱਖਾਂ ਦੁਆਰਾ ਇਸ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ। ਸਾਨੂੰ ਕਿਸੇ ਵਿਅਕਤੀ ਜਾਂ ਪਰਿਵਾਰ ਨੂੰ ਲੀਡਰਸ਼ਿਪ ਦੀ ਭੂਮਿਕਾ ਦੇਣ ਦੀ ਬਜਾਏ ਪੰਜ ਪਿਆਰਿਆਂ ਦੁਆਰਾ ਸਿੱਖਾਂ ਦੀ ਸਮੂਹਿਕ ਲੀਡਰਸ਼ਿਪ ਵੱਲ ਵਾਪਸ ਜਾਣ ਦੀ ਲੋੜ ਹੈ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਡੀ ਅਪੀਲ 'ਤੇ ਦਿਲੋਂ ਵਿਚਾਰ ਕਰੋਗੇ ਅਤੇ ਤੁਰੰਤ ਕਾਰਵਾਈ ਕਰੋਗੇ। ਤੁਹਾਡੇ ਵਿਚਾਰ ਲਈ ਧੰਨਵਾਦ।




## ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਂਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸ੍ਰ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

## ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸ੍ਰ. ਹਰਜਿੰਦਰ ਸਿੰਘ



ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

## ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸ੍ਰ. ਗੁਰਦੇਵ ਸਿੰਘ ਕੰਗ



ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

## ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ



ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 42ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ,
ਵਾਸ਼ਿੰਗਟਨ ਡੀ.ਸੀ.

## ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਾਰਾਏ ਵਲੋਂ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬੋਪਾਰਾਏ
ਪ੍ਰਧਾਨ ਸਿੱਖ ਕਲਚਰਲ, ਰਿਚਮੰਡ ਹਿੱਲ,
ਨਿਊਯਾਰਕ

## ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ



ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 42 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇੰਤਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ



ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਬੂਟਾ ਸਿੰਘ ਖਰੋਦ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਅਮਰੀਕਾ ਦੇ ਉਘੇ ਸਿੱਖ ਆਗੂ
ਸ੍ਰ. ਜਸਵੰਤ ਸਿੰਘ ਹੋਠੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ



ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ



ਸਿੱਖਾਂ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ




9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਭਗਤ ਸਿੰਘ ਪੈਨਸਿਲਵੇਨੀਆ




ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਾਕਾ ਸਿੰਘ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸਮੂਹ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਦਲਜਿੰਦਰ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬਦੇਸ਼ਾ, ਵਰਜੀਨੀਆ



ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਚਰਨ ਸਿੰਘ ਪੈਨਸਿਲਵੇਨੀਆ



ਵਰਜੀਨੀਆ ਦੀ ਸੰਗਤ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਦਿਓ ਵਰਜੀਨੀਆ




ਨਿਊਜਰਸੀ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਪ੍ਰਦੀਪ, ਸਿੰਘ ਖਾਲਸਾ, ਨਿਊਜਰਸੀ



ਮੈਰੀਲੈਂਡ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਖਸ਼ੀਸ਼ ਸਿੰਘ ਮੈਰੀਲੈਂਡ



ਯੂਨਾਈਟਿਡ ਸਿੱਖ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਹਰਦਿਆਲ ਸਿੰਘ, ਯੂਨਾਈਟਿਡ ਸਿੱਖ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਜਾਫੀ ਸਿੰਘ ਇੰਡੀਆਨਾ



ਸਿੱਖ ਯੂਥ ਆਫ ਅਮਰੀਕਾ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਸਵੀਰ ਸਿੰਘ,
ਸਿੱਖ ਯੂਥ ਆਫ ਅਮਰੀਕਾ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਤਿੰਦਰ ਸਿੰਘ ਖੱਟੜਾ
ਨਿਊਜਰਸੀ



ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।

ਸ੍ਰ. ਜੋਗਰਾਜ ਸਿੰਘ ਨਿਊਜਰਸੀ



ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਕੇਵਲ ਸਿੰਘ ਸੰਧੂ, ਫਿਲਾਡੇਲਫੀਆ



ਸਿੱਖਾਂ ਦੀ ਆਵਾਜ਼ ਸ੍ਰ. ਸਤਨਾਮ ਸਿੰਘ ਵਿਰਕ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਸਤਨਾਮ ਸਿੰਘ ਵਿਰਕ
ਕਾਟਰੇਟ ਨਿਊਜਰਸੀ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਰਨਜੀਤ ਸਿੰਘ ਖਾਲਸਾ
ਸਿਟੀ ਕੌਂਸਲਰ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਅਵਤਾਰ ਸਿੰਘ ਪੰਨੂ (SFJ)



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਵਤੇਜ ਸਿੰਘ ਤੇਜੀ ਪੈਨਸਿਲਵੇਨੀਆ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪ੍ਰਿਤਪਾਲ ਸਿੰਘ ਖਾਲਸਾ
ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਰਾਜਵਿੰਦਰ ਸਿੰਘ ਬਦੇਸ਼ਾ ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੰਤੋਖ ਸਿੰਘ ਇੰਡੀਆਨਾ



ਸ੍ਰ. ਸਰਵਣ ਸਿੰਘ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਰਵਣ ਸਿੰਘ ਨਿਊਜਰਸੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਊਧਮ ਸਿੰਘ ਵਰਜੀਨੀਆ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਵੰਤ ਸਿੰਘ ਦਿਓਲ ਨਿਊਯਾਰਕ





ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ


9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ


ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ


ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ


ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੈਨਰਾਕ, ਨਿਊਜਰਸੀ


ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ


327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ


ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ


ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ


9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ


9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ


327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ


ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ


ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ


ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ


9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ


ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ


ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ


ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ


ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ




## 327ਵੇਂ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

**ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ**
**ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਮਨਾਉਣ ਅਤੇ ਸਥਾਪਤ ਕਰਨ ਲਈ**

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 9ਵੀਂ ਨੈਸ਼ਨਲ ਸਿੱਖ ਡੇਅ (ਯੂ.ਐਸ.ਏ.)

**SIKH FREEDOM MARCH**
**Washington D.C.**

ਸ਼ਨਿਚਰਵਾਰ 4 ਅਪਰੈਲ 2026 ਨੂੰ
ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ
-20th Street & Constitution Ave ਉੱਪਰ-ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ
-ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।
ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

# ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਵਿਖੇ 'ਰਾਗ ਦਰਬਾਰ' ਦਾ ਸ਼ਾਨਦਾਰ ਆਯੋਜਨ

## ਡਾ. ਗੁਰਨਾਮ ਸਿੰਘ ਸਮੇਤ ਪੰਥਕ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ, ਡਾ. ਲੀਨਾ ਸਿੰਘ ਬੇਦੀ ਦਾ ਵਿਸ਼ੇਸ਼ ਸਨਮਾਨ









ਸੈਂਟਾ ਕਲਾਰਾ (ਕੈਲੀਫੋਰਨੀਆ): ਬੀਤੇ ਐਤਵਾਰ, 15 ਮਾਰਚ ਨੂੰ ਸਿਲੀਕਾਨ ਵੈਲੀ ਗੁਰਦੁਆਰਾ, ਸੈਂਟਾ ਕਲਾਰਾ ਵਿਖੇ 'ਰਾਗ ਦਰਬਾਰ' ਗੁਰਬਾਣੀ ਕੀਰਤਨ ਪ੍ਰੋਗਰਾਮ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਆਏ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਵਿਦਵਾਨਾਂ ਨੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਨਿਹਾਲ ਕੀਤਾ।

**ਸਮਾਗਮ ਦੀ ਰੂਪ-ਰੇਖਾ:** ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ। ਇਸ ਉਪਰੰਤ ਭਾਈ ਗੁਰਜੀਤ ਸਿੰਘ ਜੀ ਨੇ ਰਸਭਿੰਨਾ ਕੀਰਤਨ ਪੇਸ਼ ਕੀਤਾ। ਉਪ੍ਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਜੀ ਨੇ ਗੁਰਬਾਣੀ ਦੇ ਕੀਰਤਨ ਨਾਲ ਹਾਜ਼ਰੀ ਲਗਾਈ  ਸਮਾਗਮ ਦੇ ਅਗਲੇ ਪੜਾਅ ਵਿੱਚ ਭਾਈ ਸ਼ੇਰ ਸਿੰਘ ਜੀ ਨੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰਮਤਿ ਫਲਸਫੇ ਨਾਲ ਜੋੜਿਆ। ਇਸ ਤੋਂ ਬਾਅਦ ਭਾਈ ਨਿਰਮਲ ਸਿੰਘ ਸੂਰਾ ਜੀ ਨੇ ਆਪਣੀ ਹਾਜ਼ਰੀ ਲਗਵਾਈ।

**ਡਾ. ਗੁਰਨਾਮ ਸਿੰਘ ਜੀ ਦਾ ਵਿਸ਼ੇਸ਼ ਕੀਰਤਨ:** ਸਮਾਗਮ ਦਾ ਮੁੱਖ ਆਕਰਸ਼ਣ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵਿਸ਼ਵ ਪ੍ਰਸਿੱਧ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ (ਸਾਬਕਾ ਡੀਨ ਅਤੇ ਫਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਸਨ। ਉਨ੍ਹਾਂ ਨੇ ਰਾਗਾਂ 'ਤੇ ਅਧਾਰਿਤ ਗੁਰਬਾਣੀ ਕੀਰਤਨ ਰਾਹੀਂ ਦਰਬਾਰ ਹਾਲ ਵਿੱਚ ਇੱਕ ਅਧਿਆਤਮਿਕ ਮਾਹੌਲ ਸਿਰਜ ਦਿੱਤਾ, ਜਿਸ ਦਾ ਸੰਗਤਾਂ ਨੇ ਭਰਪੂਰ ਅਨੰਦ ਮਾਣਿਆ।

**ਡਾ. ਲੀਨਾ ਸਿੰਘ ਬੇਦੀ ਦਾ ਸਨਮਾਨ:** ਇਸ ਰਾਗ ਦਰਬਾਰ ਦਾ ਇੱਕ ਅਹਿਮ ਪਲ ਉਹ ਸੀ ਜਦੋਂ ਗੁਰਮਤਿ ਸੰਗੀਤ ਵਿੱਚ ਨਵੀਂ ਖੋਜ ਕਰਨ ਅਤੇ ਪੀ.ਐਚ.ਡੀ. (PhD) ਦੀ ਡਿਗਰੀ ਹਾਸਲ ਕਰਨ ਵਾਲੀ ਪਹਿਲੀ ਰਬਾਬੀ ਮਿਊਜ਼ਿਕੋਲੋਜਿਸਟ ਡਾ.






# ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਵਿਖੇ 'ਰਾਗ ਦਰਬਾਰ' ਦਾ ਸ਼ਾਨਦਾਰ ਆਯੋਜਨ

## ਡਾ. ਗੁਰਨਾਮ ਸਿੰਘ ਸਮੇਤ ਪੰਥਕ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ, ਡਾ. ਲੀਨਾ ਸਿੰਘ ਬੇਦੀ ਦਾ ਵਿਸ਼ੇਸ਼ ਸਨਮਾਨ

Silicon Valley Gurdwara
ੴ
ਸੰਗਤ ਦਾ ਗੁਰਦੁਆਰਾ










ਲੀਨਾ ਸਿੰਘ ਬੇਦੀ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਗੁਰਮਤਿ ਸੰਗੀਤ ਅਤੇ ਰਬਾਬੀ ਪਰੰਪਰਾ (ਭਾਈ ਬਲਵੰਡ ਜੀ ਅਤੇ ਭਾਈ ਸੱਤਾ ਜੀ ਦੇ ਜੀਵਨ ਕਾਲ) 'ਤੇ ਕੀਤੇ ਗਏ ਮਹੱਤਵਪੂਰਨ ਖੋਜ ਕਾਰਜਾਂ ਲਈ ਦਿੱਤਾ ਗਿਆ।

ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ਅਤੇ ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਨੌਜਵਾਨ ਸਿੱਖ ਆਗੂ ਸ. ਸੁਖਵਿੰਦਰ ਸਿੰਘ ਗੋਗੀ ਨੇ ਕਿਹਾ ਕਿ ਅੱਜ ਗੁਰੂਘਰ ਵਿਖੇ ਰਾਗਾਂ 'ਤੇ ਅਧਾਰਿਤ ਗੁਰਬਾਣੀ ਕੀਰਤਨ ਰਾਹੀਂ ਦਰਬਾਰ ਨੇ ਇਲਾਹੀ ਵਾਤਾਵਰਣ ਸਿਰਜ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਸਾਡੇ ਧੰਨ ਭਾਗ ਹਨ ਕਿ ਕੌਮ ਦੀਆਂ ਵੱਡੀਆਂ ਸ਼ਖ਼ਸੀਅਤਾਂ, ਪੰਥ ਦੇ ਮਹਾਨ ਕੀਰਤਨੀਆਂ ਅਤੇ ਕਥਾਵਾਚਕਾਂ ਦੇ ਦਰਸ਼ਨ ਕਰਨ ਦਾ ਸਬੱਬ ਮਿਲਿਆ ਹੈ।

ਅੱਜ ਪੰਥਕ ਸ਼ਖ਼ਸੀਅਤਾਂ ਡਾ. ਗੁਰਨਾਮ ਸਿੰਘ (ਸਾਬਕਾ ਡੀਨ ਅਤੇ ਫਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਰਬਾਬੀ ਮਿਊਜ਼ਿਕੋਲੋਜਿਸਟ ਡਾ. ਲੀਨਾ ਸਿੰਘ ਬੇਦੀ ਦੇ ਸੰਗਤਾਂ ਨੂੰ ਦਰਸ਼ਨ ਕਰਨ ਅਤੇ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਅਜਿਹੇ ਮਹਾਨ ਕੀਰਤਨ ਦਰਬਾਰਾਂ ਨਾਲ ਬੱਚਿਆਂ ਨੂੰ ਜੋੜਨਾ ਹੀ ਗੁਰੂ ਨਾਨਕ ਸਾਹਿਬ ਦਾ ਮਿਸ਼ਨ ਹੈ ਅਤੇ ਸਰਬੱਤ ਦੇ ਭਲੇ ਵਾਲੇ ਸਮਾਜ ਦੀ ਸਿਰਜਣਾ ਹੈ।

ਉਨ੍ਹਾਂ ਅੱਜ ਦੇ ਇਸ ਮਹਾਨ ਪਵਿੱਤਰ ਸਮਾਗਮ ਪ੍ਰਤੀ ਗੱਲਬਾਤ ਕਰਦਿਆਂ ਕਿਹਾ ਕਿ ਗੁਰਬਾਣੀ ਦਾ ਸੰਦੇਸ਼ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਘਰ-ਘਰ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਸਮੂਹ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ।











# ਸਨੀਵੇਲ ਦੇ ਹਿੰਦੂ ਟੈਂਪਲ ਵਿਖੇ ਬਾਬਾ ਬਾਲਕ ਨਾਥ ਜੀ ਦੀ ਇਲਾਹੀ ਚੌਂਕੀ; ਸ਼ਰਧਾਲੂਆਂ ਦਾ ਉਮੜਿਆ ਸੈਲਾਬ

## ਅਜਿਹੇ ਸਮਾਗਮਾਂ ਦਾ ਮਕਸਦ ਕਮਿਊਨਿਟੀ ਨੂੰ ਇਕਜੁਟ ਕਰਨਾ ਅਤੇ ਭਾਈਚਾਰੇ ਨੂੰ ਜੋੜਨਾ ਹੈ : ਸ੍ਰੀ ਰਾਜ ਭਨੋਟ















ਕੈਲੀਫੋਰਨੀਆਂ ਅਮਰੀਕਾ ਤੋਂ ਪ੍ਰਸਿੱਧ ਭਜਨ ਗਾਇਕ ਸ਼੍ਰੀ ਸਤਨਾਮ ਸੱਤੀ ਜੀ।











ਸਨੀਵੇਲ/ਕੈਲੀਫੋਰਨੀਆ (ਸਾਡੇ ਲੋਕ): ਕੈਲੀਫੋਰਨੀਆ ਦੇ ਸਨੀਵੇਲ ਸਥਿਤ ਹਿੰਦੂ ਟੈਂਪਲ ਵਿਖੇ ਬਾਬਾ ਬਾਲਕ ਨਾਥ ਜੀ ਦਾ ਗੁਣਗਾਨ ਕਰਨ ਲਈ ਕਰਵਾਏ ਗਏ ਵਿਸ਼ੇਸ਼ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਸਾਬਕਾ ਪ੍ਰਧਾਨ ਅਤੇ ਉੱਘੇ ਆਗੂ ਸ੍ਰੀ ਰਾਜ ਭਨੋਟ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕਰਵਾਏ ਗਏ ਇਸ 'ਇਲਾਹੀ ਚੌਂਕੀ' ਸਮਾਗਮ ਨੇ ਮੰਦਰ ਵਿੱਚ ਰੌਣਕਾਂ ਮੁੜ ਪਰਤਾ ਦਿੱਤੀਆਂ। ਬਾਬਾ ਜੀ ਦੇ ਜੈਕਾਰਿਆਂ ਨਾਲ ਪੂਰਾ ਹਾਲ ਗੂੰਜ ਉੱਠਿਆ ਅਤੇ ਮਾਹੌਲ ਪੂਰੀ ਤਰ੍ਹਾਂ ਰੂਹਾਨੀਅਤ ਦੇ ਰੰਗ ਵਿੱਚ ਰੰਗਿਆ ਗਿਆ।

**ਲਾਲ ਝੰਡਿਆਂ ਨਾਲ ਨੱਚਦੀਆਂ-ਗਾਉਂਦੀਆਂ ਪਹੁੰਚੀਆਂ ਸੰਗਤਾਂ**

ਸਮਾਗਮ ਦੀ ਸ਼ੁਰੂਆਤ ਬਹੁਤ ਹੀ ਉਤਸ਼ਾਹਜਨਕ ਰਹੀ। ਸ੍ਰੀ ਰਾਜ ਭਨੋਟ ਦੇ ਸੱਦੇ 'ਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹੱਥਾਂ ਵਿੱਚ ਲਾਲ ਸੂਹੇ ਝੰਡੇ ਲੈ ਕੇ, ਨੱਚਦੇ-ਗਾਉਂਦੇ ਹੋਏ ਮੰਦਰ ਕੰਪਲੈਕਸ ਵਿੱਚ ਦਾਖਲ ਹੋਏ। ਸੰਗਤਾਂ ਦੇ ਚਿਹਰਿਆਂ 'ਤੇ ਬਾਬਾ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਖੁਸ਼ੀ ਸਾਫ ਝਲਕ ਰਹੀ ਸੀ।

**ਸ੍ਰੀ ਸਤਨਾਮ ਸੱਤੀ ਦੀਆਂ ਭੇਟਾਵਾਂ ਨੇ ਬੰਨ੍ਹਿਆ ਸਮਾਂ**

ਪ੍ਰਸਿੱਧ ਭਜਨ ਗਾਇਕ ਸ੍ਰੀ ਸਤਨਾਮ ਸੱਤੀ ਅਤੇ ਉਹਨਾਂ ਦੀ ਪਾਰਟੀ ਨੇ ਆਪਣੀ ਮਖ਼ਮਲੀ ਆਵਾਜ਼ ਵਿੱਚ ਬਾਬਾ ਬਾਲਕ ਨਾਥ ਜੀ ਦੀਆਂ ਭੇਟਾਵਾਂ ਅਤੇ ਭਜਨਾਂ ਨਾਲ ਸੰਗਤਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਸਮਾਗਮ ਦਾ ਆਗਾਜ਼ 'ਸੋਹਣਾ ਸਜਿਆ ਤੇਰਾ ਦੁਆਰ ਬਾਬਾ ਜੀ' ਨਾਲ ਹੋਇਆ, ਜਿਸ ਨੇ ਪੂਰੇ ਹਾਲ ਵਿੱਚ ਅਨੰਦਮਈ ਲਹਿਰ ਪੈਦਾ ਕਰ ਦਿੱਤੀ। ਇਸ ਤੋਂ ਬਾਅਦ 'ਛੱਡ ਕੇ ਤਲਾਈਆਂ ਆਜਾ ਪੌਣਾਹਾਰੀਆ' ਅਤੇ 'ਬੰਮ ਬੋਲੇ' ਦੇ ਜੈਕਾਰਿਆਂ ਨਾਲ ਸੰਗਤਾਂ ਝੂਮਣ ਲੱਗੀਆਂ। ਸਤਨਾਮ ਸੱਤੀ ਨੇ ਆਪਣੇ ਭਜਨਾਂ ਰਾਹੀਂ ਸੁਨੇਹਾ ਦਿੱਤਾ ਕਿ ਜੋ ਇਨਸਾਨ ਪੌਣਾਹਾਰੀ ਦਾ ਨਾਮ ਲੈਂਦਾ ਹੈ, ਉਸ ਦੀ ਝੋਲੀ ਹਮੇਸ਼ਾ ਖੁਸ਼ੀਆਂ ਨਾਲ ਭਰੀ ਰਹਿੰਦੀ ਹੈ।

**ਸ਼ਖ਼ਸੀਅਤਾਂ ਦਾ ਸਨਮਾਨ ਅਤੇ ਲੰਗਰ ਦੀ ਸੇਵਾ**

ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲੇ ਇਸ ਸਮਾਗਮ ਦੌਰਾਨ ਜਿੱਥੇ ਪ੍ਰਭੂ ਭਗਤੀ ਹੋਈ, ਉੱਥੇ ਹੀ ਸਮਾਜ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ ਦਾ ਵਿਸ਼ੇਸ਼ ਸਨਮਾਨ





# ਸਨੀਵੇਲ ਦੇ ਹਿੰਦੂ ਟੈਂਪਲ ਵਿਖੇ ਬਾਬਾ ਬਾਲਕ ਨਾਥ ਜੀ ਦੀ ਇਲਾਹੀ ਚੌਂਕੀ; ਸ਼ਰਧਾਲੂਆਂ ਦਾ ਉਮੜਿਆ ਸੈਲਾਬ



## ਅਜਿਹੇ ਸਮਾਗਮਾਂ ਦਾ ਮਕਸਦ ਕਮਿਊਨਿਟੀ ਨੂੰ ਇਕਜੁਟ ਕਰਨਾ ਅਤੇ ਭਾਈਚਾਰੇ ਨੂੰ ਜੋੜਨਾ ਹੈ : ਸ੍ਰੀ ਰਾਜ ਭਨੋਟ

















## ਆਓ ਪੰਜਾਬ ਦੀ ਧਰਤੀ ਦੇ ਇਸ ਮਹਾਨ ਰਹਿਬਰ ਭਗਵਾਨ ਬਾਬਾ ਬਾਲਕ ਨਾਥ ਜੀ ਕਲਜੁਗ ਦੇ ਅਵਤਾਰ ਅਤੇ ਸਿੱਧ ਪੁਰਸ਼ ਦੇ ਰੂਹਾਨੀ ਸਫ਼ਰ ਬਾਰੇ ਜਾਣੀਏ

ਉੱਤਰੀ ਭਾਰਤ ਦੀਆਂ ਪਹਾੜੀਆਂ ਤੋਂ ਲੈ ਕੇ ਸੱਤ ਸਮੁੰਦਰੋਂ ਪਾਰ ਕੈਲੀਫੋਰਨੀਆ ਦੀਆਂ ਸੰਗਤਾਂ ਤੱਕ, ਬਾਬਾ ਬਾਲਕ ਨਾਥ ਜੀ ਦੇ ਲੱਖਾਂ-ਕਰੋੜਾਂ ਸ਼ਰਧਾਲੂ ਹਨ। ਜਦੋਂ ਵੀ ਕਿਤੇ ਲਾਲ ਝੰਡੇ ਲਹਿਰਾਉਂਦੇ ਹਨ ਅਤੇ 'ਜੈ ਬਾਬਾ ਜੀ' ਦੇ ਜੈਕਾਰੇ ਗੂੰਜਦੇ ਹਨ, ਤਾਂ ਮਾਹੌਲ ਪੂਰੀ ਤਰ੍ਹਾਂ ਅਧਿਆਤਮਿਕ ਰੰਗ ਵਿੱਚ ਰੰਗਿਆ ਜਾਂਦਾ ਹੈ। ਆਓ ਜਾਣਦੇ ਹਾਂ ਬਾਬਾ ਜੀ ਦੇ ਉਸ ਪਾਵਨ ਇਤਿਹਾਸ ਬਾਰੇ, ਜੋ ਸਦੀਆਂ ਤੋਂ ਮਨੁੱਖਤਾ ਲਈ ਮਾਰਗ-ਦਰਸ਼ਕ ਰਿਹਾ ਹੈ।

**ਪੁਰਾਤਨ ਮਾਨਤਾ ਅਤੇ ਅਵਤਾਰ :** ਧਾਰਮਿਕ ਗ੍ਰੰਥਾਂ ਅਨੁਸਾਰ, ਬਾਬਾ ਬਾਲਕ ਨਾਥ ਜੀ ਨੂੰ ਭਗਵਾਨ ਸ਼ਿਵ ਦੇ ਵੱਡੇ ਸਪੁੱਤਰ ਭਗਵਾਨ ਕਾਰਤੀਕੇਯ ਦਾ ਅਵਤਾਰ ਮੰਨਿਆ ਜਾਂਦਾ ਹੈ। ਮਾਨਤਾ ਹੈ ਕਿ ਹਰ ਯੁੱਗ ਵਿੱਚ ਉਹਨਾਂ ਨੇ ਮਨੁੱਖਤਾ ਦੇ ਕਲਿਆਣ ਲਈ ਵੱਖ-ਵੱਖ ਰੂਪਾਂ ਵਿੱਚ ਜਨਮ ਲਿਆ। ਸਤਿਜੁਗ ਵਿੱਚ 'ਸਕੰਦ', ਤ੍ਰੇਤਾ ਵਿੱਚ 'ਕੌਲ' ਅਤੇ ਦੁਆਪਰ ਵਿੱਚ 'ਮਹਾਕੌਲ' ਵਜੋਂ ਜਾਣੇ ਜਾਣ ਵਾਲੇ ਬਾਬਾ ਜੀ ਕਲਜੁਗ ਵਿੱਚ 'ਬਾਬਾ ਬਾਲਕ ਨਾਥ' ਦੇ ਰੂਪ ਵਿੱਚ ਪ੍ਰਗਟ ਹੋਏ।

**ਗੁਜਰਾਤ ਤੋਂ ਗਿਰਨਾਰ ਤੱਕ ਦਾ ਸਫ਼ਰ :** ਬਾਬਾ ਜੀ ਦਾ ਜਨਮ ਗੁਜਰਾਤ ਦੇ ਜੂਨਾਗੜ੍ਹ ਵਿਖੇ ਇੱਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਬਚਪਨ ਤੋਂ ਹੀ ਉਹਨਾਂ ਦਾ ਮਨ ਸੰਸਾਰਿਕ ਮੋਹ-ਮਾਇਆ ਤੋਂ ਦੂਰ ਪ੍ਰਭੂ ਭਗਤੀ ਵੱਲ ਸੀ। ਮਾਤਾ-ਪਿਤਾ ਵੱਲੋਂ ਵਿਆਹ ਦਾ ਦਬਾਅ ਪਾਉਣ 'ਤੇ ਉਹ ਘਰ ਛੱਡ ਕੇ ਗਿਰਨਾਰ ਦੀਆਂ ਪਹਾੜੀਆਂ ਵੱਲ ਚਲੇ ਗਏ। ਉੱਥੇ ਉਹਨਾਂ ਨੇ ਗੁਰੂ ਦੱਤਾਤਰੇਯ ਜੀ ਨੂੰ ਆਪਣਾ ਗੁਰੂ ਧਾਰਿਆ ਅਤੇ ਧਿਆਨ ਅਤੇ ਤਪੱਸਿਆ ਰਾਹੀਂ 'ਸਿੱਧੀ' ਪ੍ਰਾਪਤ ਕੀਤੀ।

**ਮਾਤਾ ਰਤਨੋ ਜੀ ਦੀ ਸੇਵਾ ਅਤੇ ਚਮਤਕਾਰ :** ਬਾਬਾ ਜੀ ਦੇ ਇਤਿਹਾਸ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹਿਮਾਚਲ ਪ੍ਰਦੇਸ਼ ਦੇ ਸ਼ਾਹਤਲਾਈ ਨਾਲ ਜੁੜਿਆ ਹੋਇਆ ਹੈ। ਇੱਥੇ ਬਾਬਾ ਜੀ ਨੇ ਮਾਤਾ ਰਤਨੋ ਦੀਆਂ ਗਾਵਾਂ ਚਾਰਨ ਦੀ ਸੇਵਾ ਸਵੀਕਾਰ ਕੀਤੀ। ਬਾਬਾ ਜੀ ਨੇ 12 ਸਾਲ ਤੱਕ ਬਿਨਾਂ ਕੁਝ ਖਾਧੇ-ਪੀਤੇ ਮਾਤਾ ਦੀ ਸੇਵਾ ਕੀਤੀ। ਜਦੋਂ ਮਾਤਾ ਰਤਨੋ ਨੇ 12 ਸਾਲ ਬਾਅਦ ਮਿਹਣਾ ਮਾਰਿਆ ਕਿ ਮੈਂ ਤੁਹਾਨੂੰ ਰੋਜ਼ ਰੋਟੀ ਅਤੇ ਲੱਸੀ ਦਿੱਤੀ ਹੈ, ਤਾਂ ਬਾਬਾ ਜੀ ਨੇ ਇੱਕ ਪੁਰਾਣੇ ਬੋਹੜ ਦੇ ਦਰੱਖਤ ਵਿੱਚੋਂ ਉਹ ਸਾਰੀਆਂ 12 ਸਾਲਾਂ ਦੀਆਂ ਰੋਟੀਆਂ ਅਤੇ ਲੱਸੀ ਦਾ ਘੜਾ ਤਾਜ਼ਾ ਰੂਪ ਵਿੱਚ ਕੱਢ ਕੇ ਦਿਖਾ ਦਿੱਤਾ। ਇਹ ਦੇਖ ਕੇ ਮਾਤਾ ਰਤਨੋ ਉਹਨਾਂ ਦੇ ਚਰਨੀਂ ਪੈ ਗਈ।

**ਸਿੱਧ ਗੁਫਾ (ਦਿਓਟ ਸਿੱਧ) ਦਾ ਮਹੱਤਵ :** ਜਦੋਂ ਗੁਰੂ ਗੋਰਖਨਾਥ ਜੀ ਨੇ ਬਾਬਾ ਜੀ ਨੂੰ ਆਪਣੇ ਪੰਥ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਬਾਬਾ ਜੀ ਨੇ ਆਪਣੀਆਂ ਰਿੱਧੀਆਂ-ਸਿੱਧੀਆਂ ਦਾ ਪ੍ਰਦਰਸ਼ਨ ਕੀਤਾ ਅਤੇ ਧੌਲੀਗਿਰੀ ਦੀਆਂ ਪਹਾੜੀਆਂ ਵੱਲ ਚਲੇ ਗਏ। ਉੱਥੇ ਇੱਕ ਕੁਦਰਤੀ ਗੁਫਾ ਵਿੱਚ ਉਹਨਾਂ ਨੇ ਆਪਣਾ ਨਿਵਾਸ ਸਥਾਨ ਬਣਾਇਆ। ਅੱਜ ਇਸ ਸਥਾਨ ਨੂੰ ਦਿਓਟ ਸਿੱਧ (Deotsidh) ਕਿਹਾ ਜਾਂਦਾ ਹੈ, ਜਿੱਥੇ ਸ਼ਰਧਾਲੂ ਰੋਟ ਦਾ ਪ੍ਰਸਾਦ ਚੜ੍ਹਾਉਂਦੇ ਹਨ ਅਤੇ ਬਾਬਾ ਜੀ ਦੇ ਦਰਸ਼ਨ ਕਰਦੇ ਹਨ।

**ਅੱਜ ਦੇ ਸਮੇਂ ਵਿੱਚ ਮਹੱਤਤਾ :** ਬਾਬਾ ਬਾਲਕ ਨਾਥ ਜੀ ਦਾ ਸੰਦੇਸ਼ ਸਪੱਸ਼ਟ ਹੈ—ਨਿਰਮਲ ਮਨ, ਸੱਚੀ ਭਗਤੀ ਅਤੇ ਬਿਨਾਂ ਕਿਸੇ ਭੇਦਭਾਵ ਦੇ ਸੇਵਾ। ਅੱਜ ਸਨੀਵੇਲ, ਕੈਲੀਫੋਰਨੀਆ ਵਰਗੇ ਸ਼ਹਿਰਾਂ ਵਿੱਚ ਹੋ ਰਹੇ ਸਮਾਗਮ ਇਸ ਗੱਲ ਦਾ ਪ੍ਰਤੀਕ ਹਨ ਕਿ ਸਾਡੇ ਲੋਕ ਆਪਣੀ ਅਮੀਰ ਵਿਰਾਸਤ ਅਤੇ ਰੂਹਾਨੀਅਤ ਨਾਲ ਜੁੜੇ ਹੋਏ ਹਨ।









ਵੀ ਕੀਤਾ ਗਿਆ। ਸਮਾਗਮ ਦੀ ਸਮਾਪਤੀ ਉਪਰੰਤ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਗਿਆ।

**ਭਾਈਚਾਰਕ ਸਾਂਝ ਦਾ ਪ੍ਰਤੀਕ: ਰਾਜ ਭਨੋਟ**

'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਸ੍ਰੀ ਰਾਜ ਭਨੋਟ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਮਕਸਦ ਕੇਵਲ ਧਾਰਮਿਕ ਅਕੀਦਤ ਹੀ ਨਹੀਂ, ਸਗੋਂ ਕਮਿਊਨਿਟੀ ਨੂੰ ਇੱਕਜੁੱਟ ਕਰਨਾ ਵੀ ਹੈ। ਉਹਨਾਂ ਕਿਹਾ, 'ਜਿੱਥੇ ਅਸੀਂ ਸ਼ਰਧਾ ਨਾਲ ਰੱਬ ਦਾ ਨਾਮ ਲੈਂਦੇ ਹਾਂ, ਉੱਥੇ ਹੀ ਸਾਡਾ ਭਾਈਚਾਰਾ ਇੱਕ ਦੂਜੇ ਦੇ ਨੇੜੇ ਆਉਂਦਾ ਹੈ ਅਤੇ ਪਰਿਵਾਰਾਂ ਵਿੱਚ ਆਪਸੀ ਪਿਆਰ ਵਧਦਾ ਹੈ।' ਉਹਨਾਂ ਨੇ ਸਮੂਹ ਸੰਗਤਾਂ, ਪੁਜਾਰੀ ਸਾਹਿਬਾਨ ਅਤੇ ਗਾਇਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।









# ਅਮਰੀਕਾ ਦੀਆਂ ਸਿੱਖ ਸੰਸਥਾਵਾਂ ਦੀ ਪੰਜਾਬ ਸਰਕਾਰ ਨੂੰ ਸਖ਼ਤ ਚੇਤਾਵਨੀ : ਝੂਠੇ ਮੁਕਾਬਲੇ ਅਤੇ ਤਸ਼ੱਦਦ ਬੰਦ ਕਰੋ !

ਨਿਊਯਾਰਕ (ਸਾਡੇ ਲੋਕ) : ਅਮਰੀਕਾ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਨੇ ਨਿਊਯਾਰਕ ਦੇ ਰਿਚਮੰਡ ਹਿੱਲ ਸਥਿਤ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਇਕ ਭਰਵੀਂ ਪ੍ਰੈਸ ਕਾਨਫਰੰਸ ਕਰਕੇ ਪੰਜਾਬ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ। ਉਹਨਾਂ ਨੇ ਪੰਜਾਬ ਵਿੱਚ ਕੇਂਦਰੀ ਏਜੰਸੀਆਂ ਦੀ ਮਿਲੀਭੁਗਤ ਨਾਲ ਸਿੱਖਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਅਤੇ ਨੌਜਵਾਨਾਂ ਉੱਤੇ ਤਸ਼ੱਦਦ ਕਰਨ ਦੇ ਮੁੱਦਿਆਂ ਉੱਤੇ ਗੰਭੀਰ ਚਿੰਤਾ ਪ੍ਰਗਟਾਈ ਹੈ।



ਇਸ ਪ੍ਰੈਸ ਕਾਨਫਰੰਸ ਤੋਂ ਇੱਕ ਦਿਨ ਪਹਿਲਾਂ, 11 ਮਾਰਚ ਨੂੰ ਹੋਈ ਟੈਲੀਕਾਨਫਰੰਸ ਵਿੱਚ ਅਮਰੀਕਾ ਅਤੇ ਕੈਨੇਡਾ ਦੇ ਵੱਡੀ ਗਿਣਤੀ ਵਿੱਚ ਸਿੱਖ ਆਗੂਆਂ ਨੇ ਸ਼ਿਰਕਤ ਕੀਤੀ ਸੀ। ਇਸ ਦੌਰਾਨ, ਜਾਗਤ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਅਤੇ ਇਸ ਸਬੰਧੀ ਕਾਨੂੰਨ, ਝੂਠੇ ਪੁਲਿਸ ਮੁਕਾਬਲੇ, ਸਰਕਾਰੀ ਤਸ਼ੱਦਦ ਦਾ ਸ਼ਿਕਾਰ ਨੌਜਵਾਨਾਂ ਅਤੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਕਾਨੂੰਨੀ ਮਦਦ ਲਈ ਇੱਕ ਵਕੀਲਾਂ ਦਾ ਪੈਨਲ ਬਣਾਉਣ ਸਬੰਧੀ ਇੱਕ ਮਤਾ ਪਾਸ ਕੀਤਾ ਗਿਆ।

**ਪੰਜਾਬ ਦੇ ਹਾਲਾਤਾਂ ਉੱਤੇ ਚਿੰਤਾ:**
ਪ੍ਰੈਸ ਕਾਨਫਰੰਸ ਵਿੱਚ ਸਿੱਖ ਆਗੂਆਂ ਨੇ ਪੰਜਾਬ ਵਿੱਚ ਪੈਦਾ ਹੋ ਰਹੇ ਮੌਜੂਦਾ ਹਾਲਾਤਾਂ ਉੱਤੇ ਚਿੰਤਾ ਪ੍ਰਗਟਾਈ ਅਤੇ ਪੰਜਾਬ ਦੇ ਲੋਕਾਂ ਨਾਲ ਇੱਕਜੁੱਟਤਾ ਦਾ ਇਜ਼ਹਾਰ ਕੀਤਾ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਉਣਾ ਭਾਰਤੀ ਸਟੇਟ ਵੱਲੋਂ ਸਿੱਖ ਨਸਲਕੁਸ਼ੀ ਦੀ ਪੁਰਾਣੀ ਤਹਿਸ਼ੁਦਾ ਯੋਜਨਾ ਹੈ, ਜਿਸਨੂੰ ਹੁਣ ਪੰਜਾਬ ਪੁਲਿਸ ਰਾਹੀਂ ਲਗਾਤਾਰ ਅੰਜਾਮ ਦਿੱਤਾ ਜਾ ਰਿਹਾ ਹੈ।

**ਗੈਂਗਸਟਰਵਾਦ ਦੇ ਨਾਮ ਹੇਠ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼:**
ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਦੀ ਨੌਜਵਾਨੀ ਨੂੰ ਗੈਂਗਸਟਰਵਾਦ ਦੇ ਨਾਮ ਹੇਠ ਮਾਰਨ ਦਾ ਸਰਕਾਰੀ ਪ੍ਰਪੰਚ ਰਚਿਆ ਗਿਆ ਹੈ। ਉਹਨਾਂ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਆਦੀਆਂ ਪਿੰਡ ਦੇ ਉੱਨੀਆਂ ਸਾਲਾਂ ਦੇ ਜਵਾਨ ਰਣਜੀਤ ਸਿੰਘ ਦਾ ਹਵਾਲਾ ਦਿੱਤਾ, ਜਿਸਨੂੰ ਪੁਲਿਸ ਨੇ ਪੁੱਛਗਿੱਛ ਦੇ ਬਹਾਨੇ ਘਰੋਂ ਚੁੱਕ ਕੇ ਥਾਣੇ ਵਿੱਚ ਮਾਰ ਦਿੱਤਾ।

**ਬੇਅਦਬੀ ਦੀਆਂ ਘਟਨਾਵਾਂ ਅਤੇ ਕਾਨੂੰਨ ਦੀ ਮੰਗ:**
ਸਿੱਖ ਆਗੂਆਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਣੀ ਦੀ ਬੇਅਦਬੀ ਦੀਆਂ ਵਧ ਰਹੀਆਂ ਘਟਨਾਵਾਂ ਉੱਤੇ ਵੀ ਚਿੰਤਾ ਪ੍ਰਗਟਾਈ। ਉਹਨਾਂ ਨੇ ਸਮਾਣਾ ਵਿਖੇ ਗੁਰਜੀਤ ਸਿੰਘ ਵੱਲੋਂ 550 ਦਿਨਾਂ ਤੋਂ ਵੱਧ ਸਮੇਂ ਤੱਕ ਕੀਤੇ ਗਏ ਸੰਘਰਸ਼ ਦਾ ਜ਼ਿਕਰ ਕੀਤਾ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਬੇਅਦਬੀ ਦੇ ਕੇਸਾਂ ਵਿੱਚ ਛੇਤੀ ਸੁਣਵਾਈ ਅਤੇ ਸਖ਼ਤ ਸਜ਼ਾਵਾਂ ਦਾ ਵਿਧਾਨ ਹੋਵੇ।

**ਪੰਜਾਬ ਵਿੱਚ ਚੱਲ ਰਹੇ ਸੰਘਰਸ਼ਾਂ ਦੀ ਹਮਾਇਤ:**
ਸਿੱਖ ਆਗੂਆਂ ਨੇ ਪੰਜਾਬ ਵਿੱਚ ਚੱਲ ਰਹੇ ਵੱਖ-ਵੱਖ ਸੰਘਰਸ਼ਾਂ, ਜਿਵੇਂ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚਾ, ਗੁਰੂ ਗ੍ਰੰਥ ਸਾਹਿਬ ਮੋਰਚਾ ਸਮਾਣਾ, ਰਣਜੀਤ ਸਿੰਘ ਦੇ ਝੂਠੇ ਮੁਕਾਬਲੇ ਵਿਰੁੱਧ ਲੋਕ ਰੋਹ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਆਰ.ਐਸ.ਐਸ. ਦੀਆਂ ਗਤੀਵਿਧੀਆਂ ਦਾ ਵਿਰੋਧ, ਦੀ ਦਿਲੋਂ ਹਮਾਇਤ ਕਰਨ ਅਤੇ ਹਰ ਸੰਭਵ ਮਦਦ ਕਰਨ ਦਾ ਵਚਨਬੱਧ ਕੀਤਾ।

**ਏਕਤਾ ਦਾ ਸੁਨੇਹਾ:** ਸਿੱਖ ਆਗੂਆਂ ਨੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਏਕਤਾ ਦੇ ਸੁਨੇਹੇ ਨੂੰ ਯਾਦ ਕਰਦਿਆਂ, ਪੰਜਾਬ ਵਿੱਚ ਸੰਘਰਸ਼ ਕਰ ਰਹੀਆਂ ਸਮੂਹ ਧਿਰਾਂ ਨੂੰ ਇੱਕਜੁੱਟ ਹੋ ਕੇ ਸਾਰੇ ਕੌਮੀ ਮਸਲਿਆਂ ਦੇ ਹੱਲ ਲਈ ਸੰਘਰਸ਼ ਕਰਨ ਦੀ ਅਪੀਲ ਕੀਤੀ।

**ਵਕੀਲਾਂ ਦੀ ਟੀਮ ਦਾ ਗਠਨ:** ਡਾਇਸਪੋਰਾ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਇੱਕ ਵਕੀਲਾਂ ਦੀ ਟੀਮ ਦਾ ਗਠਨ ਕਰਨ ਬਾਰੇ ਵਿਚਾਰ ਕੀਤਾ। ਇਸ ਟੀਮ ਦਾ ਉਦੇਸ਼ ਪੁਲਸੀਆ ਜਾਂ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਸਿੱਖ ਨੌਜਵਾਨਾਂ ਅਤੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਨੂੰ ਲੀਗਲ ਤਰੀਕੇ ਨਾਲ ਮਦਦ ਮੁਹੱਈਆ ਕਰਵਾਉਣਾ ਹੋਵੇਗਾ।

**ਪੰਜਾਬ ਦੇ ਹਿੱਤਾਂ ਲਈ ਸੁਚੇਤ ਰਹਿਣ ਦੀ ਅਪੀਲ:** ਡਾਇਸਪੋਰਾ ਜਥੇਬੰਦੀਆਂ ਨੇ ਪੰਜਾਬ ਦੇ ਲੋਕਾਂ ਅਤੇ ਨੌਜਵਾਨਾਂ ਨੂੰ ਪੰਜਾਬ ਦੇ ਹਿੱਤਾਂ ਲਈ ਸੁਚੇਤ ਰਹਿਣ ਅਤੇ ਪੰਜਾਬ ਨੂੰ ਇੱਕ ਬਸਤੀ ਬਣਾ ਕੇ ਲੁੱਟਣ ਦੇ ਮਨਸੂਬਿਆਂ ਨੂੰ ਨਾਕਾਮ ਕਰਨ ਦੀ ਅਪੀਲ ਕੀਤੀ।

**ਸ਼ਾਮਲ ਜਥੇਬੰਦੀਆਂ** : ਪ੍ਰੈਸ ਕਾਨਫਰੰਸ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕਾਕਸ ਕਮੇਟੀ, ਸਿੱਖ ਯੂਥ ਆਫ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਸਿੱਖ ਗੁਰਦੁਆਰਾ ਆਫ ਪਾਈਨਹਿਲ, ਸ਼੍ਰੀ ਗੁਰੂ ਸਿੰਘ ਸਭਾ ਨਿਊਜਰਸੀ, ਗੁਰਦੁਆਰਾ ਸਿੰਘ ਸਭਾ ਫੇਅਰਫੈਕਸ ਵਰਜੀਨੀਆ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਅਤੇ ਹੋਰ ਕਈ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸੰਗਤਾਂ ਸ਼ਾਮਲ ਸਨ।

## ਯੂਪੀ ਦੇ ਵਿਕਾਸ ਮਾਡਲ ਤੋਂ ਪ੍ਰਭਾਵਿਤ ਹੋਇਆ ਕੈਨੇਡਾ

### ਯੂਪੀ ਵਿੱਚ ਕੈਨੇਡੀਅਨ ਨਿਵੇਸ਼ ਦੀ ਤਿਆਰੀ: ਸੀਐਮ ਯੋਗੀ ਅਤੇ ਹਾਈ ਕਮਿਸ਼ਨਰ ਕ੍ਰਿਸਟੋਫਰ ਕੂਟਰ ਵਿਚਕਾਰ ਲਖਨਊ 'ਚ ਅਹਿਮ ਮਿਲਣੀ



ਲਖਨਊ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਭਾਰਤ ਵਿੱਚ ਕੈਨੇਡਾ ਦੇ ਹਾਈ ਕਮਿਸ਼ਨਰ ਕ੍ਰਿਸਟੋਫਰ ਕੂਟਰ (Christopher Cooter) ਨਾਲ ਇੱਕ ਉੱਚ-ਪੱਧਰੀ ਮੁਲਾਕਾਤ ਕੀਤੀ। ਇਹ ਬੈਠਕ ਬੁੱਧਵਾਰ, 18 ਮਾਰਚ 2026 ਨੂੰ ਲਖਨਊ ਵਿਖੇ ਹੋਈ।

ਯੋਗੀ ਆਦਿੱਤਿਆਨਾਥ ਅਤੇ ਕੈਨੇਡੀਅਨ ਹਾਈ ਕਮਿਸ਼ਨਰ ਦੀ ਮਿਲਣੀ: ਮੁੱਖ ਨੁਕਤੇ

ਸਹਿਯੋਗ ਦੇ ਖੇਤਰ: ਬੈਠਕ ਦੌਰਾਨ ਉੱਤਰ ਪ੍ਰਦੇਸ਼ ਅਤੇ ਕੈਨੇਡਾ ਵਿਚਕਾਰ ਨਿਵੇਸ਼, ਤਕਨਾਲੋਜੀ ਸਹਿਯੋਗ ਅਤੇ ਹੁਨਰ ਵਿਕਾਸ (Skill Development) ਦੇ ਖੇਤਰਾਂ ਵਿੱਚ ਸਾਂਝੇਦਾਰੀ ਨੂੰ ਅੱਗੇ ਵਧਾਉਣ 'ਤੇ ਵਿਸਤ੍ਰਿਤ ਚਰਚਾ ਕੀਤੀ ਗਈ।

ਨਿਵੇਸ਼ ਦੇ ਮੌਕੇ: ਹਾਈ ਕਮਿਸ਼ਨਰ ਕ੍ਰਿਸਟੋਫਰ ਕੂਟਰ ਨੇ ਉੱਤਰ ਪ੍ਰਦੇਸ਼ ਨੂੰ ਨਿਵੇਸ਼ ਅਤੇ ਨਵੀਨਤਾ (Innovation) ਦੇ ਇੱਕ ਉਭਰ ਰਹੇ ਕੇਂਦਰ ਵਜੋਂ ਸਲਾਹਿਆ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਗ੍ਰੀਨ ਐਨਰਜੀ (Green Energy), AI (ਆਰਟੀਫੀਸ਼ੀਅਲ ਇੰਟੈਲੀਜੈਂਸ), ਅਤੇ ਐਡਵਾਂਸ ਤਕਨਾਲੋਜੀ ਵਿੱਚ ਸਹਿਯੋਗ ਵਧਾਉਣ ਦੀ ਇੱਛਾ ਜਤਾਈ।

ਸਿੱਖਿਆ ਅਤੇ ਖੋਜ: ਕੈਨੇਡੀਅਨ ਵਫ਼ਦ ਨੇ ਯੂਪੀ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਸਾਂਝੇਦਾਰੀ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਗਲੋਬਲ ਟੈਲੇਂਟ ਐਕਸਚੇਂਜ ਨੂੰ ਹੁਲਾਰਾ ਦਿੱਤਾ ਜਾ ਸਕੇ।

ਰਣਨੀਤਕ ਪ੍ਰੋਜੈਕਟ: ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੂਬੇ ਦੇ ਡਿਫੈਂਸ ਇੰਡਸਟਰੀਅਲ ਕੋਰੀਡੋਰ ਅਤੇ ਬ੍ਰਹਮੋਸ ਪ੍ਰੋਜੈਕਟ ਦਾ ਹਵਾਲਾ ਦਿੰਦੇ ਹੋਏ ਕੈਨੇਡੀਅਨ ਕੰਪਨੀਆਂ ਨੂੰ ਯੂਪੀ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ।

ਇਹ ਮੁਲਾਕਾਤ ਭਾਰਤ-ਕੈਨੇਡਾ ਸਬੰਧਾਂ ਵਿੱਚ ਇੱਕ ਨਵੀਂ ਸ਼ੁਰੂਆਤ ਵਜੋਂ ਦੇਖੀ ਜਾ ਰਹੀ ਹੈ। ਜਿਵੇਂ ਕਿ ਤੁਸੀਂ ਪਹਿਲਾਂ ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀ ਸੁਰੱਖਿਆ ਦੇ ਮੁੱਦਿਆਂ ਨੂੰ ਚੁੱਕਦੇ ਰਹੇ ਹੋ, ਅਜਿਹੀਆਂ ਕੂਟਨੀਤਕ ਬੈਠਕਾਂ ਆਉਣ ਵਾਲੇ ਸਮੇਂ ਵਿੱਚ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਅਤੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇੱਕ ਪਲੇਟਫਾਰਮ ਸਾਬਤ ਹੋ ਸਕਦੀਆਂ ਹਨ।

## ਕੈਨੇਡਾ ਦਾ ਸਖ਼ਤ 'ਬਿੱਲ C-12' ਸਰਬਸੰਮਤੀ ਨਾਲ ਪਾਸ

### ਸਿਆਸੀ ਸ਼ਰਨ ਲੈ ਕੇ ਮੁੜ ਆਪਣੇ ਦੇਸ਼ਾਂ ਨੂੰ ਜਾਣ ਵਾਲਿਆਂ ਦੀ ਨਾਗਰਿਕਤਾ ਹੋਵੇਗੀ ਰੱਦ

ਓਟਾਵਾ/ਲਿਵਰਮੋਰ : ਕੈਨੇਡਾ ਦੀ ਪਾਰਲੀਮੈਂਟ ਵਿੱਚ ਪਾਸ ਹੋਏ ਇਤਿਹਾਸਕ ਕਾਨੂੰਨ 'ਬਿੱਲ C-12' (Strong Borders Act) ਨੇ ਉਨ੍ਹਾਂ ਲੋਕਾਂ ਦੇ ਹੋਸ਼ ਉਡਾ ਦਿੱਤੇ ਹਨ ਜੋ ਇਮੀਗ੍ਰੇਸ਼ਨ ਸਿਸਟਮ ਦੀਆਂ ਚੋਰ-ਮੋਰੀਆਂ ਦਾ ਫਾਇਦਾ ਉਠਾ ਰਹੇ ਹਨ। ਇਸ ਕਾਨੂੰਨ ਦੀ ਸਭ ਤੋਂ ਸਖ਼ਤ ਮਾਰ ਉਨ੍ਹਾਂ 'ਤੇ ਪੈਣ ਜਾ ਰਹੀ ਹੈ ਜੋ ਸਿਆਸੀ ਸ਼ਰਨ (Asylum) ਲੈ ਕੇ ਕੈਨੇਡਾ ਦੀ ਨਾਗਰਿਕਤਾ ਹਾਸਲ ਕਰ ਚੁੱਕੇ ਹਨ।

ਸਿਟੀਜ਼ਨਸ਼ਿਪ (ਨਾਗਰਿਕਤਾ) ਰੱਦ ਹੋਣ ਦਾ ਵੱਡਾ ਖ਼ਤਰਾ

ਨਵੇਂ ਕਾਨੂੰਨੀ ਨਿਯਮਾਂ ਅਨੁਸਾਰ, ਕੈਨੇਡਾ ਸਰਕਾਰ ਕੋਲ ਹੁਣ ਇਹ ਤਾਕਤ ਹੈ ਕਿ ਉਹ ਕੈਨੇਡੀਅਨ ਸਿਟੀਜ਼ਨ ਬਣ ਚੁੱਕੇ ਲੋਕਾਂ ਦੀ ਨਾਗਰਿਕਤਾ ਵੀ ਵਾਪਸ ਲੈ ਸਕੇ। ਜੇਕਰ ਕਿਸੇ ਨੇ ਅਸਾਇਲਮ ਲੈਂਦੇ ਸਮੇਂ ਝੂਠੇ ਤੱਥ ਪੇਸ਼ ਕੀਤੇ ਸਨ ਜਾਂ 'ਗਲਤ ਬਿਆਨੀ' (Misrepresentation) ਕੀਤੀ ਸੀ, ਤਾਂ ਉਨ੍ਹਾਂ ਦਾ ਪਾਸਪੋਰਟ ਰੱਦ ਕਰਕੇ ਉਨ੍ਹਾਂ ਨੂੰ ਡੀਪੋਰਟ ਕੀਤਾ ਜਾ ਸਕਦਾ ਹੈ।

ਦੋਹਰੀ ਧੋਖਾਧੜੀ ਦਾ ਵੱਡਾ ਖੁਲਾਸਾ: ਅਸਾਇਲਮ ਅਤੇ OCI ਕਾਰਡ

ਸਭ ਤੋਂ ਅਹਿਮ ਨੁਕਤਾ: ਬਹੁਤ ਸਾਰੇ ਲੋਕ ਕੈਨੇਡਾ ਵਿੱਚ ਇਹ ਕਹਿ ਕੇ ਸ਼ਰਨ ਲੈਂਦੇ ਹਨ ਕਿ ਉਨ੍ਹਾਂ ਨੂੰ ਭਾਰਤ ਤੋਂ 'ਜਾਨ ਦਾ ਖ਼ਤਰਾ' ਹੈ, ਪਰ ਦੂਜੇ ਪਾਸੇ ਉਹ ਭਾਰਤ ਸਰਕਾਰ ਤੋਂ OCI (Overseas Citizen of India) ਕਾਰਡ ਦੀ ਸਹੂਲਤ ਵੀ ਲੈਂਦੇ ਹਨ।

ਦੋਵਾਂ ਦੇਸ਼ਾਂ ਨਾਲ ਫਰਾਡ: ਅਜਿਹੇ ਲੋਕ ਕੈਨੇਡਾ ਅਤੇ ਭਾਰਤ ਦੋਵਾਂ ਦੇਸ਼ਾਂ ਨਾਲ ਧੋਖਾਧੜੀ ਕਰ ਰਹੇ ਹਨ। ਇੱਕ ਪਾਸੇ ਕੈਨੇਡਾ ਨੂੰ 'ਪੀੜਤ' ਬਣ ਕੇ ਗੁੰਮਰਾਹ ਕਰ ਰਹੇ ਹਨ ਅਤੇ ਦੂਜੇ ਪਾਸੇ ਭਾਰਤ ਵਿੱਚ 'ਸੈਲਾਨੀ' ਬਣ ਕੇ ਸਹੂਲਤਾਂ ਮਾਣ ਰਹੇ ਹਨ।




ਕਾਨੂੰਨੀ ਨਤੀਜੇ: ਕੈਨੇਡੀਅਨ ਇਮੀਗ੍ਰੇਸ਼ਨ ਹੁਣ ਅਜਿਹੇ ਲੋਕਾਂ ਦੀ ਸੂਚੀ ਤਿਆਰ ਕਰ ਰਹੀ ਹੈ ਜੋ OCI ਕਾਰਡ ਦੀ ਵਰਤੋਂ ਕਰਕੇ ਭਾਰਤ ਜਾ ਰਹੇ ਹਨ। ਸਰਕਾਰ ਦਾ ਮੰਨਣਾ ਹੈ ਕਿ ਜੇ ਤੁਸੀਂ ਭਾਰਤ ਜਾ ਸਕਦੇ ਹੋ, ਤਾਂ ਤੁਹਾਡਾ ਅਸਾਇਲਮ ਕੇਸ 'ਝੂਠਾ' ਸੀ ਅਤੇ ਇਹ ਨਾਗਰਿਕਤਾ ਖੋਹਣ ਲਈ ਸਭ ਤੋਂ ਵੱਡਾ ਆਧਾਰ ਬਣੇਗਾ।

ਨਵੇਂ ਕਾਨੂੰਨ 'ਬਿੱਲ C-12' ਦੇ ਹੋਰ ਸਖ਼ਤ ਪਹਿਲੂ:

1. Cessation (ਦਰਜਾ ਖ਼ਤਮ ਹੋਣਾ): ਜੇਕਰ ਕੋਈ ਅਸਾਇਲਮ ਹੋਲਡਰ ਭਾਰਤ ਦੀ ਫੇਰੀ ਪਾਉਂਦਾ ਹੈ, ਤਾਂ ਉਸਦੀ PR ਜਾਂ ਸਿਟੀਜ਼ਨਸ਼ਿਪ ਪ੍ਰਕਿਰਿਆ ਤੁਰੰਤ ਖ਼ਤਮ ਕੀਤੀ ਜਾ ਸਕਦੀ ਹੈ।
2. ਇੱਕ ਸਾਲ ਦੀ ਮਿਆਦ: ਕੈਨੇਡਾ ਪਹੁੰਚਣ ਤੋਂ ਇੱਕ ਸਾਲ ਦੇ ਅੰਦਰ ਅਸਾਇਲਮ ਅਪਲਾਈ ਕਰਨਾ ਲਾਜ਼ਮੀ ਹੈ, ਨਹੀਂ ਤਾਂ ਦਾਅਵਾ ਰੱਦ ਹੋ ਜਾਵੇਗਾ।
3. ਭਾਰਤ ਵੱਲੋਂ ਬਲੈਕਲਿਸਟ: ਭਾਰਤ ਸਰਕਾਰ ਅਜਿਹੇ ਲੋਕਾਂ ਦੇ ਓਸੀਆਈ (OCI) ਕਾਰਡ ਰੱਦ ਕਰਕੇ ਉਨ੍ਹਾਂ ਨੂੰ ਹਮੇਸ਼ਾ ਲਈ ਬਲੈਕਲਿਸਟ ਕਰ ਰਹੀ ਹੈ।

'ਸਾਡੇ ਲੋਕ' ਦੇ ਪਾਠਕਾ ਲਈ ਵਿਸ਼ੇਸ਼ ਰਾਏ:

ਪ੍ਰਵਾਸੀ ਭਾਈਚਾਰੇ ਨੂੰ ਇਹ ਸਮਝਣਾ ਹੋਵੇਗਾ ਕਿ ਇਮੀਗ੍ਰੇਸ਼ਨ ਸਿਸਟਮ ਹੁਣ ਪਹਿਲਾਂ ਵਾਂਗ ਨਹੀਂ ਰਿਹਾ। ਅਸਾਇਲਮ ਅਤੇ OCI ਕਾਰਡ ਦੀ ਦੋਹਰੀ ਵਰਤੋਂ ਕਰਨਾ ਕਾਨੂੰਨੀ ਤੌਰ 'ਤੇ 'ਆਤਮਘਾਤੀ' ਕਦਮ ਹੈ। ਜੇਕਰ ਤੁਸੀਂ ਅਜਿਹਾ ਕਰ ਰਹੇ ਹੋ, ਤਾਂ ਤੁਸੀਂ ਆਪਣੀ ਸਾਰੀ ਉਮਰ ਦੀ ਕਮਾਈ ਅਤੇ ਕੈਨੇਡਾ ਵਿੱਚ ਰਹਿਣ ਦੇ ਹੱਕ ਨੂੰ ਖ਼ਤਰੇ ਵਿੱਚ ਪਾ ਰਹੇ ਹੋ।


'ਸਾਵਧਾਨ ਰਹੋ! ਧੋਖਾਧੜੀ ਦਾ ਰਸਤਾ ਤੁਹਾਨੂੰ ਦੋਵਾਂ ਦੇਸ਼ਾਂ ਤੋਂ ਬੇਦਖ਼ਲ ਕਰਵਾ ਸਕਦਾ ਹੈ।'

## ਇਜ਼ਰਾਈਲ-ਇਰਾਨ ਜੰਗ ਨੂੰ ਲੈ ਕੇ ਵੱਡੀ ਖ਼ਬਰ, ਚੋਟੀ ਦਾ ਇਰਾਨੀ ਕਮਾਂਡਰ ਸੁਲੇਮਾਨੀ ਮਾਰਿਆ ਗਿਆ

ਤਹਿਰਾਨ: ਅਮਰੀਕਾ, ਇਜ਼ਰਾਈਲ ਅਤੇ ਇਰਾਨ ਵਿਚਕਾਰ ਜੰਗ ਜਾਰੀ ਹੈ। ਅੱਜ ਇਜ਼ਰਾਈਲੀ ਰੱਖਿਆ ਬਲਾਂ ਨੇ ਇਰਾਨੀ ਕਮਾਂਡਰ ਗੁਲਾਮਰੇਜ਼ਾ ਸੁਲੇਮਾਨੀ ਨੂੰ ਮਾਰਨ ਦਾ ਦਾਅਵਾ ਕੀਤਾ। ਇਜ਼ਰਾਈਲੀ ਫੌਜ ਨੇ ਕਿਹਾ ਕਿ ਉਸ ਨੇ ਇਰਾਨੀ ਰੈਵੋਲਿਊਸ਼ਨਰੀ ਗਾਰਡਜ਼ ਫੋਰਸਿਜ਼ (IRGS) ਦੀ ਬਾਸੀਜ ਯੂਨਿਟ ਦੇ ਮੁਖੀ ਨੂੰ ਮਾਰ ਦਿੱਤਾ ਹੈ, ਜੋ ਪਿਛਲੇ ਛੇ ਸਾਲਾਂ ਤੋਂ ਬਾਸੀਜ ਯੂਨਿਟ ਦੇ ਕਮਾਂਡਰ ਵਜੋਂ ਸੇਵਾ ਨਿਭਾ ਰਿਹਾ ਸੀ।

ਲਾਰੀਜਾਨੀ ਦੀ ਮੌਤ ਦਾ ਦਾਅਵਾ

ਇਜ਼ਰਾਈਲ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਦੇ ਸੁਰੱਖਿਆ ਮੁਖੀ ਅਲੀ ਲਾਰੀਜਾਨੀ ਨੂੰ ਕੱਲ੍ਹ ਰਾਤ ਇੱਕ ਹਵਾਈ ਹਮਲੇ ਵਿੱਚ ਮਾਰ ਦਿੱਤਾ ਗਿਆ ਸੀ। ਲਾਰੀਜਾਨੀ ਨੂੰ ਇਰਾਨ ਦੇ ਸਭ ਤੋਂ ਸ਼ਕਤੀਸ਼ਾਲੀ ਅਧਿਕਾਰੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਹਾਲਾਂਕਿ, ਇਰਾਨ ਨੇ ਅਜੇ ਤੱਕ ਇਨ੍ਹਾਂ ਇਜ਼ਰਾਈਲੀ ਦਾਅਵਿਆਂ ਦਾ ਅਧਿਕਾਰਤ ਤੌਰ 'ਤੇ ਜਵਾਬ ਨਹੀਂ ਦਿੱਤਾ ਹੈ।



# ਗੁਰੂ ਹਰਿਰਾਏ ਜੀ ਦਾ ਗੁਰਗੱਦੀ ਦਿਵਸ ਮਨਾਇਆ

## ਸੰਗਤਾਂ ਨੂੰ ਵਾਤਾਵਰਨ ਦੀ ਸੰਭਾਲ ਦਾ ਹੋਕਾ ਦਿੱਤਾ



ਅੰਮ੍ਰਿਤਸਰ : ਸੱਤਵੇਂ ਪਾਤਸ਼ਾਹ ਗੁਰੂ ਹਰਿਰਾਏ ਜੀ ਦਾ ਗੁਰਗੱਦੀ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਤਾਵਰਨ ਦਿਵਸ ਵਜੋਂ ਮਨਾਇਆ ਗਿਆ। ਇਸ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਬਲਵਿੰਦਰ ਸਿੰਘ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ ਅਤੇ ਗੁਰੂ ਹਰਿਰਾਏ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਸੱਤਵੇਂ ਗੁਰੂ ਨੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਬਾਗ਼ ਲਗਾ ਕੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ। ਨੁਮਾਇੰਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਹਰ ਸਾਲ ਵਾਤਾਵਰਨ ਦਿਵਸ ਵਜੋਂ ਮਨਾ ਕੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਆ ਜਾਂਦਾ ਹੈ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਹਰਿਰਾਏ ਸਾਹਿਬ ਦੇ ਗੁਰਗੱਦੀ ਦਿਵਸ ਦੀ ਵਧਾਈ ਦਿੱਤੀ ਅਤੇ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪ੍ਰੇਰਨਾ ਦਿੱਤੀ। ਇਸੇ ਦੌਰਾਨ, ਗਿਆਨੀ ਬਲਜੀਤ ਸਿੰਘ ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਚਕਾਰ ਸਥਿਤ ਗੁਰੂ ਕੇ ਬਾਗ ਵਿੱਚ ਬੂਟੇ ਲਗਾ ਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਜਗਦੀਸ਼ ਸਿੰਘ ਬੁੱਟਰ, ਗੁਰਪ੍ਰਤਾਪ ਸਿੰਘ ਆਦਿ ਮੌਜੂਦ ਸਨ।

# ਨਵੇਂ ਵਰ੍ਹੇ 'ਨਾਨਕਸ਼ਾਹੀ ਸੰਮਤ 558' ਦੀ ਆਮਦ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ



ਅੰਮ੍ਰਿਤਸਰ : ਸ਼੍ਰਮਣੀ ਕਮੇਟੀ ਵਲੋਂ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 558 ਦੀ ਆਮਦ 'ਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁ: ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਵਾਏ ਗੁਰਮਤਿ ਸਮਾਗਮ ਦੌਰਾਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿਥੇ ਸਮੂਹ ਸੰਗਤਾਂ ਨੂੰ ਨਾਨਕਸ਼ਾਹੀ ਸੰਮਤ ਅਨੁਸਾਰ ਨਵੇਂ ਵਰ੍ਹੇ ਦੀ ਵਧਾਈ ਦਿੱਤੀ, ਉਥੇ ਸ਼੍ਰੋਮਣੀ ਕਮੇਟੀ ਇਸਦੇ ਪ੍ਰਬੰਧ ਹੇਠ ਕੰਮ ਕਰਦੇ ਮੁਲਾਜ਼ਮਾਂ ਨੂੰ ਚਿਰਾਂ ਤੋਂ ਉਡੀਕੇ ਜਾ ਰਹੇ 4 ਫੀਸਦੀ ਮਹਿੰਗਾਈ ਭੱਤਾ ਦਾ ਤੋਹਫ਼ਾ ਦੇਣ ਦਾ ਵੀ ਐਲਾਨ ਕੀਤਾ। ਇਸ ਦੇ ਨਾਲ ਹੀ ਪ੍ਰਧਾਨ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸਮੂਹ ਅਧਿਕਾਰੀਆਂ, ਮੈਨੇਜਰਾਂ ਤੇ ਕਰਮਚਾਰੀਆਂ ਲਈ ਡਰੈੱਸ ਕੋਡ ਲਾਜ਼ਮੀ ਕਰਾਰ ਦਿੰਦਿਆਂ ਡਿਊਟੀ ਦੌਰਾਨ ਹਫ਼ਤੇ ਵਿਚ ਤਿੰਨ ਦਿਨ ਰਵਾਇਤੀ ਸਿੱਖੀ ਪਹਿਰਾਵਾ ਕਮੀਜ਼ ਪਜ਼ਾਮਾ ਪਹਿਨਣ ਦੀ ਸਖਤ ਹਦਾਇਤ ਵੀ ਕੀਤੀ ਤੇ ਨਿਰਦੇਸ਼ਾਂ ਦਾ ਪਾਲਣ ਨਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਦੀ ਤਾੜਨਾ ਵੀ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ, ਹਜ਼ੂਰੀ ਰਾਗੀ ਜਥੇ ਵਲੋਂ ਸ਼ਬਦ ਕੀਰਤਨ ਗਾਇਣ, ਅਰਦਾਸ ਤੇ ਹੁਕਮਨਾਮੇ ਉਪ੍ਰੰਤ ਵੱਡੀ ਗਿਣਤੀ ਵਿਚ ਜੁੜੇ ਸ਼੍ਰੋਮਣੀ ਕਮੇਟੀ ਦੇ ਸਟਾਫ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਘਰਾਂ ਵਿਚ ਸੇਵਾ ਨਿਭਾਉਣ ਵਾਲੇ ਹਰ ਸੇਵਾਦਾਰ ਅਤੇ ਮੁਲਾਜ਼ਮ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਦਿੱਖ ਅਤੇ ਆਚਾਰ ਵਿਹਾਰ ਰਾਹੀਂ ਸਿੱਖ ਪ੍ਰੰਪਰਾਵਾਂ ਦੀ ਮਰਯਾਦਾ ਨੂੰ ਮਜ਼ਬੂਤ ਬਣਾਉਣ। ਉਨ੍ਹਾਂ ਸਮੂਹ ਮੁਲਾਜ਼ਮਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਜ਼ਾਬਤੇ ਵਿਚ ਰਹਿਣ ਤੇ ਹਰ ਬ੍ਰਾਂਚ ਵਿਚ ਡਿਊਟੀ ਦੀ ਸ਼ੁਰੂਆਤ ਰੋਜ਼ਾਨਾ ਸਮੂਹਿਕ ਤੌਰ 'ਤੇ ਪੰਜ ਮੂਲ ਮੰਤਰ ਅਤੇ ਵਾਹਿਗੁਰੂ ਗੁਰਮੰਤਰ ਦੇ ਜਾਪ ਕਰਨ ਤੇ ਸੰਸਥਾ ਦੀ ਚੜ੍ਹਦੀ ਕਲਾ ਲਈ ਛੋਟੀ ਅਰਦਾਸ ਨਾਲ ਕੀਤੀ ਜਾਵੇ। ਪ੍ਰਧਾਨ ਧਾਮੀ ਨੇ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਬੰਧ ਹੇਠ ਕੰਮ ਕਰਦੇ ਮੁਲਾਜ਼ਮਾਂ ਲਈ ਆਗਾਮੀ 1 ਅਪ੍ਰੈਲ ਤੋਂ 4 ਫੀਸਦੀ ਮਹਿੰਗਾਈ ਭੱਤਾ ਵਧਾਉਣ ਦਾ ਐਲਾਨ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਸਿੰਘ ਲਾਛਰੂ, ਅਜੈਬ ਸਿੰਘ ਅਭਿਆਸੀ, ਓ.ਐੱਸ.ਡੀ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਹਿਬਾਜ਼ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ ਤੇ ਮਲਕੀਤ ਸਿੰਘ ਬਹਿੜਵਾਲ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਗੁਰਤਿੰਦਰਪਾਲ ਸਿੰਘ ਸਮੇਤ ਹੋਰ ਕਰਮਚਾਰੀ ਤੇ ਸੰਗਤਾਂ ਹਾਜ਼ਰ ਸਨ।

# 22 ਮਾਰਚ ਨੂੰ ਹੋਵੇਗੀ ਵਿਸ਼ਾਲ 'ਇਨਕਲਾਬੀ ਮੈਰਾਥਨ ਦੌੜ'

## ਪੰਜ ਸਾਲ ਤੋਂ ਵੱਡੀ ਉਮਰ ਦੀ ਹਰ ਔਰਤ ਅਤੇ ਮਰਦ ਨੂੰ ਖੁੱਲਾ ਸੱਦਾ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਲੋਕ ਇਨਕਲਾਬ ਮੰਚ ਪੰਜਾਬ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੂੰ ਸਮਰਪਿਤ 22 ਮਾਰਚ ਦਿਨ ਐਤਵਾਰ ਨੂੰ ਟਾਂਡਾ ਉੜਮੁੜ ਵਿੱਚ ਇੱਕ ਵਿਸ਼ਾਲ 'ਇਨਕਲਾਬੀ ਮੈਰਥਨ ਦੌੜ' ਦਾ ਐਲਾਨ ਕੀਤਾ। ਇੱਕ ਪ੍ਰੈਸ ਵਾਰਤਾ ਨੂੰ ਸੰਬੋਧਨ ਕਰਦਿਆਂ ਲੋਕ ਇਨਕਲਾਬ ਮੰਚ ਪੰਜਾਬ ਟਾਂਡਾ ਦੇ ਸਰਪ੍ਰਸਤ ਹਰਦੀਪ ਖੁੱਡਾ ਨੇ ਕਿਹਾ ਕਿ ਅੱਜ ਦੇ ਸਮਾਜ ਵਿੱਚ ਤੇਜੀ ਨਾਲ ਵੱਧ ਰਿਹਾ ਗੈਂਗਸਟਰ ਕਲਚਰ, ਨਸ਼ੇ, ਭ੍ਰਿਸ਼ਟਾਚਾਰ, ਨੀਵੇਂ ਪੱਧਰ ਦੀ ਰਾਜਨੀਤੀ ਇਸ ਦੇਸ਼ ਨੂੰ ਨਿਘਾਰ ਵੱਲ ਲਿਜਾ ਰਹੀ ਹੈ, ਜਿਸ ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਨ ਦੇ ਨਾਲ-ਨਾਲ ਸਮਾਜ ਵਿੱਚ ਹੱਕ-ਸੱਚ ਦਾ ਹੋਕਾ ਵੀ ਦਈਏ। ਉਹਨਾ ਕਿਹਾ ਇਸ 'ਇਨਕਲਾਬੀ ਮੈਰਾਥਨ ਦੌੜ' ਰਾਹੀ ਇਨਕਲਾਬ ਦਾ ਅਸਲ ਹੋਕਾ ਦਿੱਤਾ ਜਾਵੇਗਾ। ਸ਼੍ਰੀ ਖੁੱਡਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੈਰਾਥਨ ਦੌੜ ਨੂੰ ਉੱਘੇ ਪੱਤਰਕਾਰ ਅਤੇ ਲੇਖਕ ਪਰਮਵੀਰ ਬਾਠ ਝੰਡੀ ਦਿਖਾ ਕੇ ਰਵਾਨਾ ਕਰਨਗੇ। ਮੰਚ ਦੇ ਬੁਲਾਰੇ ਮਾਸਟਰ ਰਮੇਸ਼ ਹੁਸ਼ਿਆਰਪੁਰੀ ਨੇ ਦੱਸਿਆ ਕਿ ਇਸ ਮੈਰਾਥਨ ਵਿੱਚ 5 ਸਾਲ ਦੇ ਬੱਚੇ ਤੋਂ ਲੈ ਕੇ ਵੱਡੀ ਉਮਰ ਤੱਕ ਦੇ ਮਰਦਾਂ ਅਤੇ ਔਰਤਾਂ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਇਲਾਕੇ ਦੇ ਸਾਰੇ ਵਿੱਦਿਅਕ ਅਦਾਰਿਆਂ, ਸਮਾਜਸੇਵੀ ਸੰਸਥਾਵਾਂ, ਕਿਸਾਨ ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਸਮੇਤ ਸ਼ਹਿਰ ਨਿਵਾਸੀਆਂ ਨੂੰ ਇਸ ਦਾ ਹਿੱਸਾ ਬਣਨ ਲਈ ਅਪੀਲ ਕੀਤੀ। ਸ਼੍ਰੀ ਹੁਸ਼ਿਆਰਪੁਰੀ ਨੇ ਦੱਸਿਆ ਕਿ ਦੌੜ ਵਿੱਚ ਸ਼ਾਮਿਲ ਹੋਣ ਵਾਲੇ ਹਰ ਵਿਅਕਤੀ ਨੂੰ ਸਨਮਾਨ ਚਿੰਨ੍ਹ ਵੀ ਦਿੱਤਾ ਜਾਵੇਗਾ। ਇਸ ਮੌਕੇ ਨਾਮੀ ਗਾਇਕ ਇਨਕਲਾਬੀ ਗੀਤ ਸੰਗੀਤ ਪੇਸ਼ ਕਰਨਗੇ ਅਤੇ ਬੁੱਕ ਸਟਾਲ ਵੀ ਲਗਾਏ ਜਾਣਗੇ । ਇਸ ਸਮੇਂ ਲੋਕ ਇਨਕਲਾਬ ਮੰਚ ਦੇ ਸੀਨੀਅਰ ਮੈਂਬਰ ਸ. ਰਜਿੰਦਰ ਮਾਰਸ਼ਲ, ਸ. ਸੁਖਵਿੰਦਰ ਅਰੋੜਾ, ਪ੍ਰਿੰਸੀਪਲ ਇੰਦਰਜੀਤ ਸਿੰਘ ਖੁਣਖੁਣ, ਇੰਜਨੀਅਰ ਰਮਨ ਕੁਮਾਰ, ਸ. ਲੈਕਚਰਾਰ ਅਮਰ ਸਿੰਘ, ਕਾਮਰੇਡ ਸੁਖਦੇਵ ਰਾਜ ਮਿਆਣੀ, ਵਰਿੰਦਰ ਸਹਿਬਾਜਪੁਰ, ਮਾਸਟਰਮਨਜੀਤ ਸਿੰਘ ਨਵਦੀਪ ਸਿੰਘ, ਹਰਦੀਪ ਖੁੱਡਾ ਆਦਿ ਸ਼ਾਮਲ ਸਨ।

# ਨਿਊਯਾਰਕ ਨੂੰ ਦਹਿਲਾਉਣ ਦੀ ਖ਼ੌਫਨਾਕ ਸਾਜ਼ਿਸ਼ ਨਾਕਾਮ, FBI ਵੱਲੋਂ ਪੈਨਸਿਲਵੇਨੀਆ 'ਚ ਵੱਡੀ ਕਾਰਵਾਈ

**'ਆਨਲਾਈਨ ਕੱਟੜਪੰਥ ਦਾ ਸ਼ਿਕਾਰ ਹੋਏ ਦੋ ਨੌਜਵਾਨ: ਨਿਊਯਾਰਕ ਦੇ ਮੇਅਰ ਦੇ ਘਰ ਬਾਹਰ ਬੰਬ ਸੁੱਟਣ ਦੀ ਸਾਜ਼ਿਸ਼ ਨਾਕਾਮ। 18 ਸਾਲਾ ਏਮੀਰ ਅਤੇ 19 ਸਾਲਾ ਇਬਰਾਹਿਮ ਨੂੰ NYPD ਨੇ ਕੀਤਾ ਗ੍ਰਿਫ਼ਤਾਰ; ਤਲਾਸ਼ੀ ਦੌਰਾਨ ਘਰਾਂ ਵਿੱਚੋਂ ਮਿਲਿਆ ਖ਼ਤਰਨਾਕ ਸਮਾਨ ਅਤੇ 954 ਬਣਾਉਣ ਦੀ ਸਮੱਗਰੀ।'**

ਨਿਊਯਾਰਕ/ਲਿਵਰਮੋਰ: ਨਿਊਯਾਰਕ ਸਿਟੀ ਵਿੱਚ ਇੱਕ ਵੱਡੀ ਅੱਤਵਾਦੀ ਸਾਜ਼ਿਸ਼ ਨੂੰ NYPD ਅਤੇ FBI ਨੇ ਬੜੀ ਦਲੇਰੀ ਨਾਲ ਨਾਕਾਮ ਕਰ ਦਿੱਤਾ ਹੈ। ਮੇਅਰ ਦੀ ਸਰਕਾਰੀ ਰਿਹਾਇਸ਼ 'ਗ੍ਰੇਸੀ ਮੈਨਸ਼ਨ' (Gracie Mansion) ਦੇ ਬਾਹਰ ਚੱਲ ਰਹੇ ਇੱਕ ਪ੍ਰਦਰਸ਼ਨ ਦੌਰਾਨ ਭੀੜ 'ਤੇ ਬੰਬ ਸੁੱਟਣ ਦੀ ਕੋਸ਼ਿਸ਼ ਕਰਨ ਵਾਲੇ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਹਮਲਾ ISIS ਤੋਂ ਪ੍ਰਭਾਵਿਤ ਸੀ।




**ਘਟਨਾ ਦਾ ਵੇਰਵਾ: ਕੀ ਵਾਪਰਿਆ ?**

7 ਮਾਰਚ, 2026 ਨੂੰ ਜਦੋਂ ਨਿਊਯਾਰਕ ਵਿੱਚ ਇੱਕ ਜਨਤਕ ਪ੍ਰਦਰਸ਼ਨ ਹੋ ਰਿਹਾ ਸੀ, ਤਾਂ ਦੋ ਸ਼ੱਕੀ ਨੌਜਵਾਨਾਂ ਨੇ ਭੀੜ ਵੱਲ IED (Improvised Explosive Device) ਯੰਤਰ ਸੁੱਟਣ ਦੀ ਕੋਸ਼ਿਸ਼ ਕੀਤੀ। ਪੁਲਿਸ ਦੀ ਚੌਕਸੀ ਕਾਰਨ ਪਹਿਲਾ ਯੰਤਰ ਫਟਿਆ ਨਹੀਂ ਅਤੇ ਦੂਜਾ ਸੁੱਟਣ ਤੋਂ ਪਹਿਲਾਂ ਹੀ NYPD ਦੇ ਬਹਾਦਰ ਅਫਸਰਾਂ ਨੇ ਮੁਲਜ਼ਮਾਂ 'ਤੇ ਝਪਟ ਕੇ ਉਹਨਾਂ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਉਹਨਾਂ ਦੀ ਕਾਰ ਵਿੱਚੋਂ ਇੱਕ ਹੋਰ (ਤੀਜਾ) ਸ਼ੱਕੀ ਯੰਤਰ ਮਿਲਿਆ ਹੈ।

ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਏਮੀਰ ਬਾਲਤ (18 ਸਾਲ) ਅਤੇ ਇਬਰਾਹਿਮ ਕਾਯੂਮੀ (19 ਸਾਲ) ਵਜੋਂ ਹੋਈ ਹੈ। ਇਹ ਦੋਵੇਂ ਪੈਨਸਿਲਵੇਨੀਆ ਦੀ ਬਕਸ ਕਾਊਂਟੀ (Bucks County) ਦੇ ਰਹਿਣ ਵਾਲੇ ਹਨ।

ਏਮੀਰ ਬਾਲਤ: ਮਿਡਲਟਾਊਨ ਦਾ ਨਿਵਾਸੀ, ਜਿਸ ਨੇ ਕਬੂਲਿਆ ਹੈ ਕਿ ਉਹ 'ਬੋਸਟਨ ਮੈਰਾਥਨ ਧਮਾਕੇ' ਤੋਂ ਵੀ ਵੱਡਾ ਕਾਂਡ ਕਰਨਾ ਚਾਹੁੰਦਾ ਸੀ।

ਇਬਰਾਹਿਮ ਕਾਯੂਮੀ: ਨਿਊਟਾਊਨ ਦਾ ਨਿਵਾਸੀ, ਜਿਸ ਨੇ ਬੰਬ ਬਣਾਉਣ ਅਤੇ ਸਾਜ਼ਿਸ਼ ਘੜਨ ਵਿੱਚ ਬਾਲਤ ਦੀ ਮਦਦ ਕੀਤੀ।

FBI ਦੀ ਛਾਪੇਮਾਰੀ ਅਤੇ ਮਿਲੀ ਸਮੱਗਰੀ

ਅਦਾਲਤੀ ਹੁਕਮਾਂ ਤੋਂ ਬਾਅਦ FBI ਨੇ ਪੈਨਸਿਲਵੇਨੀਆ ਵਿੱਚ ਇਹਨਾਂ ਦੇ ਘਰਾਂ ਅਤੇ ਸਟੋਰੇਜ ਯੂਨਿਟਾਂ ਦੀ ਤਲਾਸ਼ੀ ਲਈ, ਜਿੱਥੋਂ ਬਹੁਤ ਹੀ ਘਾਤਕ ਸਮਾਨ ਬਰਾਮਦ ਹੋਇਆ:

ਬੰਬ ਬਣਾਉਣ ਲਈ ਰਸਾਇਣ ਅਤੇ ਪਾਊਡਰ।

ਧਮਾਕੇ ਨੂੰ ਖ਼ੂਨੀ ਬਣਾਉਣ ਲਈ ਭਾਰੀ ਮਾਤਰਾ ਵਿੱਚ ਲੋਹੇ ਦੇ ਨਟ-ਬੋਲਟ (Shrapnel)।

ਡਿਜੀਟਲ ਟਾਈਮਰ, ਤਾਰਾਂ ਅਤੇ ਬੈਟਰੀਆਂ।

ISIS ਨਾਲ ਸਬੰਧਤ ਕੱਟੜਪੰਥੀ ਸਾਹਿਤ ਅਤੇ ਬੰਬ ਬਣਾਉਣ ਦੇ ਮੈਨੂਅਲ।

**ਸੈਲਫ-ਰੇਡੀਕਲਾਈਜ਼ੇਸ਼ਨ: ਅਮਰੀਕਾ ਲਈ ਨਵੀਂ ਚੁਣੌਤੀ**

ਜਾਂਚ ਏਜੰਸੀਆਂ ਅਨੁਸਾਰ ਇਹ ਦੋਵੇਂ ਨੌਜਵਾਨ ਕਿਸੇ ਬਾਹਰੀ ਅੱਤਵਾਦੀ ਗਰੁੱਪ ਦੇ ਸਿੱਧੇ ਸੰਪਰਕ ਵਿੱਚ ਨਹੀਂ ਸਨ, ਸਗੋਂ ਇੰਟਰਨੈੱਟ ਰਾਹੀਂ 'ਸੈਲਫ-ਰੇਡੀਕਲਾਈਜ਼ਡ' (ਖੁਦ ਕੱਟੜਪੰਥੀ ਬਣੇ) ਹੋਏ ਸਨ। ਉਹਨਾਂ ਦੇ ਪਰਿਵਾਰਾਂ ਨੇ ਇਸ ਘਟਨਾ 'ਤੇ ਡੂੰਘਾ ਸਦਮਾ ਪ੍ਰਗਟਾਇਆ ਹੈ ਅਤੇ ਕਿਹਾ ਕਿ ਉਹਨਾਂ ਦੇ ਬੱਚਿਆਂ ਦੀਆਂ ਇਹਨਾਂ ਹਰਕਤਾਂ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਸੀ।

ਗੰਭੀਰ ਧਾਰਾਵਾਂ ਅਤੇ ਸੰਭਾਵਿਤ ਸਜ਼ਾ

ਦੋਵਾਂ 'ਤੇ 'ਸਮੂਹਿਕ ਵਿਨਾਸ਼ ਦੇ ਹਥਿਆਰਾਂ ਦੀ ਵਰਤੋਂ" ਅਤੇ 'ਵਿਦੇਸ਼ੀ ਅੱਤਵਾਦੀ ਸੰਗਠਨ (ISIS) ਦੀ ਸਹਾਇਤਾ' ਦੇ ਸੰਘੀ ਇਲਜ਼ਾਮ ਲਗਾਏ ਗਏ ਹਨ। ਜੇਕਰ ਦੋਸ਼ ਸਾਬਤ ਹੁੰਦੇ ਹਨ, ਤਾਂ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

**ਧਰਮ ਅਤੇ ਅੱਤਵਾਦ: ਇੱਕ ਵਿਸ਼ਲੇਸ਼ਣ**

ਇਸ ਘਟਨਾ ਨੇ ਇੱਕ ਵਾਰ ਫਿਰ ਧਰਮ ਦੀ ਗਲਤ ਵਿਆਖਿਆ 'ਤੇ ਬਹਿਸ ਛੇੜ ਦਿੱਤੀ ਹੈ। ਹਾਲਾਂਕਿ ਕੱਟੜਪੰਥੀ ਆਪਣੀਆਂ ਹਿੰਸਕ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਧਾਰਮਿਕ ਸ਼ਬਦਾਂ ਦੀ ਦੁਰਵਰਤੋਂ ਕਰਦੇ ਹਨ, ਪਰ ਦੁਨੀਆ ਭਰ ਦੇ ਪ੍ਰਮੁੱਖ ਮੁਸਲਿਮ ਵਿਦਵਾਨਾਂ ਨੇ ਹਮੇਸ਼ਾ ਅੱਤਵਾਦ ਦੀ ਨਿਖੇਧੀ ਕੀਤੀ ਹੈ। ਕੁਰਾਨ ਦੀਆਂ ਸਿੱਖਿਆਵਾਂ ਨਿਰਦੋਸ਼ਾਂ ਦੀ ਹੱਤਿਆ ਨੂੰ ਪੂਰੀ ਮਨੁੱਖਤਾ ਦਾ ਕਤਲ ਮੰਨਦੀਆਂ ਹਨ, ਪਰ ਗੁਮਰਾਹ ਹੋਏ ਨੌਜਵਾਨ ਅਕਸਰ ਸੋਸ਼ਲ ਮੀਡੀਆ ਰਾਹੀਂ ਨਫ਼ਰਤ ਦਾ ਸ਼ਿਕਾਰ ਹੋ ਜਾਂਦੇ ਹਨ।

# ਭਾਜਪਾ ਆਪਣੇ ਬਲਬੂਤੇ ’ਤੇ ਲੜੇਗੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ : ਅਮਿਤ ਸ਼ਾਹ

## ਸਰਕਾਰ ਬਣਨ ’ਤੇ 2 ਸਾਲ ’ਚ ਸੂਬੇ ’ਚੋਂ ਨਸ਼ਾ ਖ਼ਤਮ ਕਰਨ ਦੀ ਦਿੱਤੀ ਗਾਰੰਟੀ

ਮੋਗਾ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਥੇ ਭਾਰਤੀ ਜਨਤਾ ਪਾਰਟੀ ਵਲੋਂ ਕਰਵਾਈ ਗਈ ਸੂਬਾ ਪੱਧਰੀ ਵਿਸ਼ਾਲ ‘ਬਦਲਾਅ’ ਰੈਲੀ ’ਚ ਗਰਜਦੇ ਹੋਏ ਨਾ ਕੇਵਲ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਤਿੱਖੇ ਹਮਲੇ ਕੀਤੇ, ਬਲਕਿ ਵਿਰੋਧੀ ਧਿਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਜੰਮ ਕੇ ਰਗੜੇ ਲਗਾਏ। ਉਨ੍ਹਾਂ ਸੂਬੇ ਅੰਦਰ ਗਠਜੋੜ ਦੀ ਸਿਆਸਤ ਕਰਨ ਤੋਂ ਵੀ ਇਕ ਤਰ੍ਹਾਂ ਨਾਲ ਇਨਕਾਰ ਕਰਦਿਆਂ ਜਿਥੇ ਇਹ ਕਿਹਾ ਕਿ ਭਾਜਪਾ ਹੁਣ ਸੂਬੇ ਅੰਦਰ ਛੋਟੇ ਭਰਾ ਦੀ ਭੂਮਿਕਾ ਹਰਗਿਜ ਨਹੀਂ ਨਿਭਾਏਗੀ, ਉਥੇ ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਆਉਂਦੀਆਂ ਰਾਜ ਵਿਧਾਨ ਸਭਾ ਚੋਣਾਂ ਭਾਜਪਾ ਆਪਣੇ ਬਲਬੂਤੇ ’ਤੇ ਲੜੇਗੀ। ਭਾਜਪਾ ਨੇ ਇਸ ਬਦਲਾਅ ਰੈਲੀ ਨਾਲ ਜਿਥੇ ਸੂਬੇ ਅੰਦਰ ਅਗਲੇ ਸਾਲ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦਾ ਬਿਗੁਲ ਵਜਾ ਦਿੱਤਾ ਹੈ, ਉਥੇ ਇਕ ਤਰ੍ਹਾਂ ਨਾਲ ਆਪਣਾ ਸ਼ਕਤੀ ਪ੍ਰਦਰਸ਼ਨ ਕਰਕੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਹੁਣ ਪੰਜਾਬ ਅੰਦਰ ਇਕ ਤਾਕਤਵਰ ਸਿਆਸੀ ਧਿਰ ਬਣ ਚੁੱਕੀ ਹੈ ਤੇ ਉਹ ਇਕੱਲਿਆਂ ਚੋਣਾਂ ਲੜਨ ਦੀ ਸਮਰੱਥਾ ਰੱਖਦੀ ਹੈ। ਇਹ ਰੈਲੀ ਜਿਥੇ ਭਾਜਪਾ ਵਰਕਰਾਂ ਅੰਦਰ ਨਵਾਂ ਜੋਸ਼ ਤੇ ਉਤਸ਼ਾਹ ਭਰਨ ’ਚ ਕਾਮਯਾਬ ਰਹੀ, ਉਥੇ ਕੇਂਦਰੀ ਗ੍ਰਹਿ ਮੰਤਰੀ ਵਲੋਂ ਕਿਸੇ ਵੀ ਪਾਰਟੀ





ਨਾਲ ਗਠਜੋੜ ਤੋਂ ਇਨਕਾਰ ਕੀਤੇ ਜਾਣ ਨਾਲ ਇਨ੍ਹਾਂ ਅਟਕਲਾਂ ਨੂੰ ਵੀ ਵਿਰਾਮ ਲੱਗ ਗਿਆ ਹੈ, ਜਿਨ੍ਹਾਂ ’ਚ ਇਹ ਕਿਹਾ ਜਾ ਰਿਹਾ ਸੀ ਕਿ ਭਾਜਪਾ ਵਲੋਂ ਆਪਣੀ ਪੁਰਾਣੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਕੀਤਾ ਜਾ ਸਕਦਾ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੂਬੇ ’ਚ 2027 ’ਚ ਭਾਜਪਾ ਸਰਕਾਰ ਲਿਆਉਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਕੇਸਰੀ ਦਸਤਾਰ ਸਜਾ ਕੇ ਮੰਚ ’ਤੇ ਪੁੱਜੇ ਅਮਿਤ ਸ਼ਾਹ ਨੇ ਆਪਣਾ ਭਾਸ਼ਣ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਸ਼ੁਰੂ ਕਰਦਿਆਂ ਸਭ ਤੋਂ ਪਹਿਲਾਂ ਗੁਰੂਆਂ ਦੀ ਇਸ ਪਵਿੱਤਰ ਧਰਤੀ ਨੂੰ ਨਮਸਕਾਰ ਕੀਤਾ ਤੇ ਦੇਸ਼-ਵਿਦੇਸ਼ ਵਸਦੇ ਪੰਜਾਬੀਆਂ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇਂ ਸਾਲ ਦੀ ਵਧਾਈ ਵੀ ਦਿੱਤੀ। ਇਸ ਮੌਕੇ ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਕਿਹਾ ਕਿ ਜੇਕਰ ਗੁਰੂ ਸਾਹਿਬ ਸ਼ਹਾਦਤ ਨਾ ਦਿੰਦੇ ਤਾਂ ਭਾਰਤ ’ਚ ਕੋਈ ਵੀ ਹਿੰਦੂ ਨਾ ਬਚਦਾ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਜਿਥੇ ਸਿਜਦਾ ਕੀਤਾ, ਉਥੇ ਭਗਵਾਨ ਵਾਲਮੀਕਿ, ਗੁਰੂ ਰਵਿਦਾਸ ਜੀ ਨੂੰ ਵੀ ਆਪਣਾ ਪ੍ਰੇਰਨਾ ਸਰੋਤ ਦੱਸਦੇ ਹੋਏ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੀ ਯਾਦ ਕੀਤਾ। ਇਸ ਮੌਕੇ ਪੰਜਾਬ ਭਾਜਪਾ ਲੀਡਰਸ਼ਿਪ ਵਲੋਂ ਉਨ੍ਹਾਂ ਨੂੰ ਸ੍ਰੀ ਸਾਹਿਬ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਅਮਿਤ ਸ਼ਾਹ ਨੇ ਜਿਥੇ ਸੂਬੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਭਾਜਪਾ ਦੀ ਅਗਵਾਈ ਹੇਠ ਡਬਲ ਇੰਜਣ ਸਰਕਾਰ ਲਿਆਉਣ ਦਾ ਸੱਦਾ ਦਿੱਤਾ, ਉਥੇ ਸਰਕਾਰ ਬਣਨ ’ਤੇ ਦੋ ਸਾਲਾਂ ਅੰਦਰ ਸੂਬੇ ’ਚੋਂ ਨਸ਼ਾ ਖਤਮ ਕਰਨ ਦੀ ਗਾਰੰਟੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਸੂਬੇ ’ਚੋਂ ਨਸ਼ਿਆਂ ਤੇ ਗੈਂਗਸਟਰਵਾਦ ਦਾ ਜੇਕਰ ਕੋਈ ਖਾਤਮਾ ਕਰ ਸਕਦਾ ਹੈ ਤਾਂ ਉਹ ਭਾਰਤੀ ਜਨਤਾ ਪਾਰਟੀ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਪੂਰੇ ਦੇਸ਼ ਨਾਲੋਂ 45 ਫੀਸਦੀ ਨਸ਼ਾ ਕੇਵਲ ਪੰਜਾਬ ਅੰਦਰ ਹੈ ਤੇ ਮੌਜੂਦਾ ਸਰਕਾਰ ’ਚ ਇਸ ਨੂੰ ਖਤਮ ਕਰਨ ਦਾ ਦਮ ਬਿਲਕੁੱਲ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਜੰਮੂ ਕਸ਼ਮੀਰ ’ਚ ਧਾਰਾ 370 ਖਤਮ ਕਰਕੇ ਦਿਖਾਈ ਤੇ ਇਸੇ ਤਰ੍ਹਾਂ ਨਕਸਲਵਾਦ ਦਾ ਵੀ ਖਾਤਮਾ ਹੋਣ ਕੰਢੇ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਇਕ ਮੌਕਾ ਭਾਜਪਾ ਨੂੰ ਦਿੱਤੇ ਜਾਣ ਦੀ ਮੰਗ ਕਰਦੇ ਹੋਏ ਕਿਹਾ ਕਿ ਤੁਸੀਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਮੌਜੂਦਾ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਵੀ ਮੌਕਾ ਦੇ ਕੇ ਦੇਖ ਲਿਆ ਹੈ ਪਰ ਕੋਈ ਵੀ ਸਰਕਾਰ ਸੂਬੇ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਨਹੀ ਕੱਢ ਸਕੀ ਪਰ ਭਾਜਪਾ ਪਰਿਵਰਤਨ ਲਿਆ ਕੇ ਦਿਖਾਏਗੀ।

# ਹਿੰਦੂ-ਸਿੱਖ ਏਕਤਾ ਇੱਕ ‘ਸ਼ੜਯੰਤਰ’ ਜਾਂ ਸਿਆਸੀ ਰਣਨੀਤੀ ?

## ਪੰਜਾਬ ਲਈ ਇੱਕ ਚੇਤਾਵਨੀ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771



ਮੋਗਾ ਵਿੱਚ ਅਮਿਤ ਸ਼ਾਹ ਦੀ ਹਾਲੀਆ ਰੈਲੀ ਨੇ ਪੰਜਾਬ ਦੇ ਸਿਆਸੀ ਵਿਸ਼ਲੇਸ਼ਣ ਵਿੱਚ ਹਿੰਦੂ-ਸਿੱਖ ਏਕਤਾ ਦੇ ਸਵਾਲ ਨੂੰ ਮੁੜ ਕੇਂਦਰ ਵਿੱਚ ਲਿਆ ਦਿੱਤਾ ਹੈ । ਆਪਣੇ ਬਿਆਨ ‘ਹਿੰਦੂ-ਸਿੱਖ ਏਕਤਾ ਪੰਜਾਬ ਦੀ ਤਰੱਕੀ ਦੀ ਬੁਨਿਆਦ ਹੈ’ ਅਤੇ ਕੇਸਰੀ ਪੱਗ ਬੰਨ੍ਹ ਕੇ, ਸ਼ਾਹ ਨੇ ਇੱਕ ਅਜਿਹਾ ਮੰਚ ਤਿਆਰ ਕੀਤਾ ਜਿਸ ਨੂੰ ਕੁਝ ਲੋਕ ਆਪਸੀ ਸਾਂਝ ਦੀ ਸੱਚੀ ਅਪੀਲ ਮੰਨ ਰਹੇ ਹਨ ਅਤੇ ਕੁਝ ਇਸ ਨੂੰ ਇੱਕ ਗਿਣੀ-ਮਿਥੀ ਚੋਣ ਚਾਲ ਵਜੋਂ ਦੇਖ ਰਹੇ ਹਨ। ਉਨ੍ਹਾਂ ਨੇ ਸਿੱਖ ਜੈਕਾਰਿਆਂ— ‘ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ’ ਅਤੇ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ’—ਦੀ ਵਰਤੋਂ ਕਰਦਿਆਂ ਪੰਜਾਬੀਆਂ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦਾ ਸਾਥ ਦੇਣ ਦਾ ਸੱਦਾ ਦਿੱਤਾ। ਅਜਿਹੇ ਇਸ਼ਾਰੇ ਪ੍ਰਤੀਕਾਤਮਕ ਸਦਭਾਵਨਾ ਵਾਂਗ ਜਾਪ ਸਕਦੇ ਹਨ, ਪਰ ਪੰਜਾਬ ਵਿੱਚ ਬਹੁਤ ਸਾਰੇ ਲੋਕ ਇੱਕ ਡੂੰਘਾ ਸਵਾਲ ਪੁੱਛ ਰਹੇ ਹਨ: ਕੀ ‘ਹਿੰਦੂ-ਸਿੱਖ ਏਕਤਾ’ ਦਾ ਇਹ ਨਾਅਰਾ ਸੱਚਮੁੱਚ ਸਾਂਝੀ ਤਰੱਕੀ ਲਈ ਹੈ, ਜਾਂ ਇਹ ਪੰਜਾਬ ਦੀ ਪਛਾਣ ਅਤੇ ਖ਼ੁਦਮੁਖਤਿਆਰੀ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਸਿਆਸੀ ਰਣਨੀਤੀ ਹੈ ?

**ਪੰਜਾਬ ਵਿੱਚ ਪਛਾਣ ਦੀ ਰਾਜਨੀਤੀ ਦੀਆਂ ਇਤਿਹਾਸਕ ਜੜ੍ਹਾਂ :** ਸਿੱਖ ਪਛਾਣ ਅਤੇ ਪੰਜਾਬ ਵਿੱਚ ਸਿਆਸੀ ਖ਼ੁਦਮੁਖਤਿਆਰੀ ਦੀ ਮੰਗ ਦੇ ਇਤਿਹਾਸਕ ਕਾਰਨ ਆਜ਼ਾਦੀ ਤੋਂ ਬਾਅਦ ਭਾਸ਼ਾ, ਸੱਭਿਆਚਾਰ ਅਤੇ ਸਿਆਸੀ ਸ਼ਕਤੀ ਬਾਰੇ ਹੋਈਆਂ ਬਹਿਸਾਂ ਵਿੱਚ ਪਏ ਹਨ। 1951 ਵਿੱਚ, ਸ਼ਿਆਮਾ ਪ੍ਰਸਾਦ ਮੁਖਰਜੀ ਨੇ ਆਰ.ਐੱਸ.ਐੱਸ. (RSS) ਦੇ ਸਹਿਯੋਗ ਨਾਲ ਜਨ ਸੰਘ ਦੀ ਸਥਾਪਨਾ ਕੀਤੀ, ਜਿਸ ਨੇ ਖੇਤਰੀ ਖ਼ੁਦਮੁਖਤਿਆਰੀ ਦੀਆਂ ਮੰਗਾਂ ਦਾ ਵਿਰੋਧ ਕੀਤਾ । 1950 ਦੇ ਦਹਾਕੇ ਦੇ ਸ਼ੁਰੂ ਵਿੱਚ ਅਕਾਲੀ ਦਲ ਦੀ ਅਗਵਾਈ ਵਿੱਚ ‘ਪੰਜਾਬੀ ਸੂਬਾ ਲਹਿਰ’ ਨੇ ਆਪਣੀ ਪਛਾਣ ਬਚਾਉਣ ਲਈ ਪੰਜਾਬੀ ਬੋਲਦੇ ਰਾਜ ਦੀ ਮੰਗ ਕੀਤੀ। ਜਨ ਸੰਘ ਦੇ ਆਗੂਆਂ ਨੇ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਨ ਦੇ ਡਰੋਂ ਇਸ ਮੰਗ ਦਾ ਵਿਰੋਧ ਕੀਤਾ। ਹਿੰਦੂ ਸੰਗਠਨਾਂ ਨੇ ਪੰਜਾਬੀ ਹਿੰਦੂਆਂ ਨੂੰ ਮਰਦਮਸ਼ੁਮਾਰੀ ਵਿੱਚ ਹਿੰਦੀ ਨੂੰ ਆਪਣੀ ਮਾਂ ਬੋਲੀ ਲਿਖਵਾਉਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਫਿਰਕੂ ਵੰਡ ਵਧ ਗਈ। ਲੰਬੇ ਸੰਘਰਸ਼ ਤੋਂ ਬਾਅਦ, 1966 ਦੇ ਪੰਜਾਬ ਪੁਨਰਗਠਨ ਐਕਟ ਨੇ ਖੇਤਰ ਨੂੰ ਵੰਡ ਦਿੱਤਾ ਅਤੇ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ।

**ਧਾਰਾ 25 ਅਤੇ ਸੰਵਿਧਾਨਕ ਸਵਾਲ :** ਬਹੁਤ ਸਾਰੇ ਸਿੱਖਾਂ ਲਈ ਇੱਕ ਪੁਰਾਣੀ ਚਿੰਤਾ ਭਾਰਤ ਦੇ ਸੰਵਿਧਾਨ ਦੀ ਸ਼ਬਦਾਵਲੀ ਵਿੱਚ ਵੀ ਹੈ। ਧਾਰਾ 25 ਦੀ ਵਿਆਖਿਆ 99 ਅਨੁਸਾਰ ਹਿੰਦੂਆਂ ਦੇ ਸੰਦਰਭ ਵਿੱਚ ਸਿੱਖ, ਜੈਨ ਅਤੇ ਬੁੱਧ ਧਰਮ ਦੇ ਪੈਰੋਕਾਰ ਵੀ ਸ਼ਾਮਲ ਹਨ। ਹਾਲਾਂਕਿ ਇਹ ਵਿਵਸਥਾ ਧਾਰਮਿਕ ਸੰਸਥਾਵਾਂ ਅਤੇ ਨਿੱਜੀ ਕਾਨੂੰਨਾਂ ਨਾਲ ਸਬੰਧਤ ਕਾਨੂੰਨੀ ਮੁੱਦਿਆਂ ਲਈ ਪੇਸ਼ ਕੀਤੀ ਗਈ ਸੀ, ਪਰ ਸਿੱਖ ਵਿਦਵਾਨਾਂ ਦਾ ਤਰਕ ਹੈ ਕਿ ਇਹ ਸ਼ਬਦਾਵਲੀ ਸਿੱਖ ਪਛਾਣ ਨੂੰ ਹਿੰਦੂ ਢਾਂਚੇ ਦੇ ਅੰਦਰ ਹੀ ਸਮੇਟ ਲੈਂਦੀ ਹੈ। ਦਹਾਕਿਆਂ ਤੋਂ ਸਿੱਖ ਜਥੇਬੰਦੀਆਂ ਧਾਰਾ 25 ਵਿੱਚ ਸੋਧ ਕਰਕੇ ਸਿੱਖ ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਮਾਨਤਾ ਦੇਣ ਦੀ ਮੰਗ ਕਰ ਰਹੀਆਂ ਹਨ।

ਭਾਜਪਾ ਅਤੇ ਆਪ੍ਰੇਸ਼ਨ ਬਲੂ ਸਟਾਰ ਦੀ ਵਿਰਾਸਤ
ਸੁਨੀਲ ਜਾਖੜ ਸਮੇਤ ਭਾਜਪਾ ਆਗੂਆਂ ਵੱਲੋਂ ਦਿੱਤੇ ਗਏ ਬਿਆਨ ਜਿਵੇਂ ‘ਸਿਰਫ਼ ਭਾਜਪਾ ਹੀ ਪੰਜਾਬ ਨੂੰ ਬਚਾ ਸਕਦੀ ਹੈ’, 1984 ਦੇ ਆਪ੍ਰੇਸ਼ਨ ਬਲੂ ਸਟਾਰ ਦੀਆਂ ਇਤਿਹਾਸਕ ਘਟਨਾਵਾਂ ਦੇ ਮੱਦੇਨਜ਼ਰ ਸਵਾਲਾਂ ਦੇ ਘੇਰੇ ਵਿੱਚ ਹਨ। ਉਸ ਦੁਖਦਾਈ ਦੌਰ ਵਿੱਚ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ:

ਹਿੰਦੂ ਜਥੇਬੰਦੀਆਂ ਨੇ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਫੌਜੀ ਟੁਕੜੀਆਂ ਦਾ ਜਨਤਕ ਤੌਰ ’ਤੇ ਸਵਾਗਤ ਕੀਤਾ ।

ਦੁਰਗਿਆਣਾ ਮੰਦਰ ਦੀ ਪ੍ਰਬੰਧਕ ਕਮੇਟੀ ਨੇ ਫੌਜੀ ਅਧਿਕਾਰੀਆਂ ਨੂੰ 7.5 ਲੱਖ ਰੁਪਏ ਭੇਟ ਕੀਤੇ ਅਤੇ ਇਸ ਨੂੰ ਹਿੰਦੂ ਧਰਮ ਦੀ ਸਿੱਖ ਧਰਮ ’ਤੇ ਜਿੱਤ ਦੱਸਿਆ।

ਚੰਦਰ ਸ਼ੇਖਰ, ਐੱਨ. ਟੀ. ਰਾਮਾ ਰਾਓ ਅਤੇ ਸੁਬਰਾਮਨੀਅਮ ਸਵਾਮੀ ਵਰਗੇ ਆਗੂਆਂ ਨੂੰ ਛੱਡ ਕੇ, ਬਾਕੀ ਵਿਰੋਧੀ ਧਿਰਾਂ (ਕਮਿਊਨਿਸਟ ਪਾਰਟੀ ਸਮੇਤ) ਇੰਦਰਾ ਗਾਂਧੀ ਦੇ ਸਿਆਸੀ ਜਾਲ ਵਿੱਚ ਫਸ ਗਈਆਂ, ਜਿਸ ਨਾਲ ਹਿੰਦੂ ਕੱਟੜਵਾਦ ਨੂੰ ਹੁਲਾਰਾ ਮਿਲਿਆ।

ਹਰਬੰਸ ਲਾਲ ਖੰਨਾ ਨੇ 14 ਫਰਵਰੀ 1984 ਨੂੰ ਅੰਮ੍ਰਿਤਸਰ ਰੇਲਵੇ ਸਟੇਸ਼ਨ ਕੋਲ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਦੀ ਜਨਤਕ ਤੌਰ ’ਤੇ ਬੇਅਦਬੀ ਕੀਤੀ।

ਲਾਲ ਕ੍ਰਿਸ਼ਨ ਅਡਵਾਨੀ ਨੇ ਆਪ੍ਰੇਸ਼ਨ ਬਲੂ ਸਟਾਰ ਤੋਂ ਪਹਿਲਾਂ ਇੰਦਰਾ ਗਾਂਧੀ ਤੋਂ ਦਰਬਾਰ ਸਾਹਿਬ ਵਿੱਚ ਫੌਜ ਭੇਜਣ ਦੀ ਮੰਗ ਕਰਦਿਆਂ ਮੁਜ਼ਾਹਰੇ ਕੀਤੇ ਸਨ । ਇਸ ਦੀ ਤਸਵੀਰ ਉਨ੍ਹਾਂ ਦੀ ਕਿਤਾਬ ‘ਮਾਈ ਲਾਈਫ, ਮਾਈ ਕੰਟਰੀ’ ਵਿੱਚ ਮੌਜੂਦ ਹੈ ।

ਆਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਭਾਜਪਾ ਅਤੇ ਆਰ.ਐੱਸ.ਐੱਸ. ਨਾਲ ਜੁੜੇ ਕਾਰਕੁਨਾਂ ਵੱਲੋਂ ਖ਼ੁਸ਼ੀ ਵਿੱਚ ਲੱਡੂ ਵੰਡੇ ਜਾਣ ਦੀਆਂ ਖਬਰਾਂ ਸਨ।

ਆਰ.ਐੱਸ.ਐੱਸ. ਆਗੂ ਨਾਨਾ ਜੀ ਦੇਸ਼ਮੁਖ ਨੇ ਇੱਕ ਲੇਖ ‘ਮੋਮੈਂਟ ਆਫ ਸੋਲ ਸਰਚਿੰਗ’ ਵਿੱਚ ਇੰਦਰਾ ਗਾਂਧੀ ਦੀ ਸ਼ਲਾਘਾ ਕੀਤੀ ਅਤੇ ਹਿੰਸਾ ਲਈ ਸਿੱਖ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ।

**ਵਿਦੇਸ਼ੀ ਵਿਵਾਦ ਅਤੇ ਦਮਨ ਦੇ ਦੋਸ਼ :** ਹਾਲੀਆ ਅੰਤਰਰਾਸ਼ਟਰੀ ਘਟਨਾਵਾਂ ਨੇ ਇਨ੍ਹਾਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ। ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦਾ ਕਤਲ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ (ਜਿਸ ਵਿੱਚ ਨਿਖਿਲ ਗੁਪਤਾ ਨੇ ਅਮਰੀਕੀ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕੀਤਾ ਹੈ) ਨੇ ਕੌਮਾਂਤਰੀ ਪੱਧਰ ’ਤੇ ਸਰਕਾਰੀ ਦਮਨ ਦੇ ਦੋਸ਼ਾਂ ਵੱਲ ਧਿਆਨ ਖਿੱਚਿਆ ਹੈ । ਹਾਲਾਂਕਿ ਭਾਰਤ ਸਰਕਾਰ ਨੇ ਇਨ੍ਹਾਂ ਵਿੱਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ, ਪਰ ਇਨ੍ਹਾਂ ਘਟਨਾਵਾਂ ਨੇ ਵਿਦੇਸ਼ਾਂ ਵਿੱਚ ਬੈਠੇ ਸਿੱਖ ਭਾਈਚਾਰੇ ਵਿੱਚ ਸੁਰੱਖਿਆ ਅਤੇ ਸਿਆਸੀ ਆਜ਼ਾਦੀ ਨੂੰ ਲੈ ਕੇ ਗੰਭੀਰ ਡਰ ਪੈਦਾ ਕਰ ਦਿੱਤਾ ਹੈ।

**ਕਿਸਾਨ ਅੰਦੋਲਨ ਅਤੇ ਜਮਹੂਰੀ ਰੁਝੇਵੇਂ :** 2020-2021 ਦੇ ਕਿਸਾਨ ਅੰਦੋਲਨ ਨੇ ਵੀ ਪੰਜਾਬ ਦੀ ਸਿਆਸੀ ਸੋਚ ਨੂੰ ਡੂੰਘਾ ਪ੍ਰਭਾਵਿਤ ਕੀਤਾ। ਕਿਸਾਨਾਂ ਨੂੰ ਲੱਗਦਾ ਸੀ ਕਿ ਤਿੰਨ ਖੇਤੀ ਕਾਨੂੰਨ ਐੱਮ.ਐੱਸ.ਪੀ. (MSP) ਪ੍ਰਣਾਲੀ ਨੂੰ ਖਤਮ ਕਰ ਦੇਣਗੇ। ਦਿੱਲੀ ਦੀਆਂ ਸਰਹੱਦਾਂ ’ਤੇ ਇੱਕ ਸਾਲ ਤੱਕ ਚੱਲੇ ਇਸ ਅੰਦੋਲਨ ਦੌਰਾਨ ਸੈਂਕੜੇ ਕਿਸਾਨਾਂ ਦੀ ਮੌਤ ਹੋ ਗਈ। ਆਲੋਚਕਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਪਹਿਲਾਂ ਇਸ ਅੰਦੋਲਨ ਨੂੰ ਵੱਖਵਾਦੀ ਅਨਸਰਾਂ ਤੋਂ ਪ੍ਰਭਾਵਿਤ ਦੱਸ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਅੰਤ ਵਿੱਚ ਸਰਕਾਰ ਨੇ ਕਾਨੂੰਨ ਵਾਪਸ ਲੈ ਲਏ, ਪਰ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਵਰਗੇ ਵਾਅਦੇ ਅਜੇ ਵੀ ਅਧੂਰੇ ਹਨ।

ਸਿੱਟਾ: ਪੰਜਾਬ ਦਾ ਭਵਿੱਖ ਨਾਅਰਿਆਂ ’ਤੇ ਨਹੀਂ, ਸਗੋਂ ਜਾਗਰੂਕ ਜਨਤਕ ਬਹਿਸ, ਇਤਿਹਾਸਕ ਚੇਤਨਾ ਅਤੇ ਆਪਣੇ ਸੱਭਿਆਚਾਰਕ ਤੇ ਅਧਿਆਤਮਿਕ ਵਿਰਸੇ ਦੀ ਰਾਖੀ ਕਰਨ ਦੀ ਇੱਛਾ ’ਤੇ ਨਿਰਭਰ ਕਰੇਗਾ। ਪੰਜਾਬ ਦੇ ਨਾਗਰਿਕਾਂ ਨੂੰ ਆਪਣੇ ਰਾਜ ਦੀ ਕਿਸਮਤ ਘੜਨ ਲਈ ਸੁਚੇਤ ਅਤੇ ਵਿਚਾਰਸ਼ੀਲ ਰਹਿਣ ਦੀ ਲੋੜ ਹੈ।

## 20 ਮਾਰਚ 2000 : ਸਿੱਖ ਕਤਲੇਆਮ ਦੇ 26ਵੇਂ ਸ਼ਹੀਦੀ ਦਿਨ 'ਤੇ

# ਛੱਟੀਸਿੰਘਪੁਰਾ ਦੀ ਖ਼ੂਨੀ ਸਾਜਿਸ਼ ਲਈ ਅਸਲ ਜ਼ਿੰਮੇਵਾਰ ਤਾਕਤਾਂ

ਕਸ਼ਮੀਰ ਘਾਟੀ ਦੇ ਜ਼ਿਲ੍ਹਾ ਪੁਲਵਾਮਾ ਦੀ ਤਹਿਸੀਲ ਤਰਾਲ ਵਿੱਚ, ਪਿੰਡ 'ਛੱਟੀਸਿੰਘਪੁਰਾ' ਪੈਂਦਾ ਹੈ। ਕਈ ਵਾਰ ਮੀਡੀਏ ਵਿੱਚ ਇਸ ਦਾ ਨਾਂ ਚਿੱਟੀਸਿੰਘਪੁਰਾ ਜਾਂ ਛੱਤੀ ਸਿੰਘਪੁਰਾ ਲਿਖਿਆ ਜਾਂਦਾ ਹੈ, ਪਰ ਸਹੀ ਨਾਂ ਛੱਟੀਸਿੰਘਪੁਰਾ ਹੈ। ਛੱਟੀਸਿੰਘਪੁਰਾ ਤੋਂ ਇਲਾਵਾ ਕਸ਼ਮੀਰ ਘਾਟੀ ਵਿੱਚ ਸਿੱਖ ਭਾਈਚਾਰੇ ਦੇ ਕਈ ਹੋਰ ਪਿੰਡ ਵੀ ਹਨ, ਜਿੱਥੇ ਲੰਮੇ ਸਮੇਂ ਤੋਂ ਕਸ਼ਮੀਰੀ ਸਿੱਖ ਰਹਿ ਰਹੇ ਹਨ। 26 ਸਾਲ ਪਹਿਲਾਂ ਹੋਲੀ ਨੂੰ 20 ਮਾਰਚ 2000 ਵਾਲੇ ਦਿਨ ਕਸ਼ਮੀਰ ਘਾਟੀ ਦੇ ਪਿੰਡ ਛੱਟੀਸਿੰਘਪੁਰਾ 'ਚ 36 ਸਿੱਖਾਂ ਨੂੰ ਰਾਤ ਦੇ ਹਨੇਰੇ ਵਿੱਚ, ਫ਼ੌਜੀਆਂ ਦੀ ਵਰਦੀ ਪਾਈ ਕੁਝ ਵਿਅਕਤੀਆਂ ਨੇ ਘਰਾਂ ਵਿੱਚੋਂ ਬਾਹਰ ਕੱਢਿਆ ਅਤੇ ਨੇੜਲੇ ਗੁਰਦੁਆਰਾ ਸਾਹਿਬ ਵਿਖੇ ਲਿਜਾ ਕੇ ਕੰਧ ਨਾਲ ਖੜ੍ਹਿਆਂ ਕਰਕੇ, ਗੋਲੀਆਂ ਦਾ ਮੀਂਹ ਵਰ੍ਹਾ ਕੇ, ਸ਼ਹੀਦ ਕਰ ਦਿੱਤਾ ਗਿਆ ਸੀ।

ਇਸ ਕਤਲੇਆਮ ਦੌਰਾਨ ਸਖ਼ਤ ਜ਼ਖ਼ਮੀ ਹੋਏ ਇਕ ਗੁਰਸਿੱਖ ਭਾਈ ਨਾਨਕ ਸਿੰਘ ਨਾਲ ਮੈਂ ਸੰਨ 2000 ਵਿੱਚ ਰੇਡੀਓ ਪੰਜਾਬ ਦੇ ਮਾਧਿਅਮ ਰਾਹੀਂ ਗੱਲਬਾਤ ਕੀਤੀ ਸੀ। ਉਸ ਮੁਤਾਬਿਕ ਕਤਲੇਆਮ ਵਾਲੇ ਦਿਨ ਉਹ ਬਾਕੀ ਗੁਰਸਿੱਖਾਂ ਸਹਿਤ ਗੁਰਦੁਆਰਾ ਸਾਹਿਬ ਵਿਖੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ, ਘਰ ਪਹੁੰਚਿਆ ਹੀ ਸੀ ਕਿ ਫ਼ੌਜ ਦੀ ਵਰਦੀ ਵਿੱਚ ਕਮਾਂਡਿੰਗ ਅਫ਼ਸਰ ਦੀ ਅਗਵਾਈ ਹੇਠ ਹਥਿਆਰਬੰਦ ਕਾਤਲਾਂ ਨੇ ਸਾਰੇ ਗੁਰਸਿੱਖਾਂ ਨੂੰ ਸਨਾਖ਼ਤੀ ਪਰੇਡ ਦੇ ਬਹਾਨੇ, ਘਰਾਂ ਤੋਂ ਬਾਹਰ ਸਥਾਨਕ ਦੋ ਗੁਰਦੁਆਰਿਆਂ ਵਿਖੇ ਇੱਕਠੇ ਹੋਣ ਲਈ ਕਿਹਾ। ਮਗਰੋਂ ਪਿੰਡ ਦੇ ਗੁਰੂਘਰਾਂ ਦੇ ਬਾਹਰ ਲਾਈਨਾਂ ਵਿੱਚ ਖੜ੍ਹੇ ਕਰਕੇ ਸਨਾਖ਼ਤੀ ਕਾਰਡ ਦੇਖਣ ਦਾ ਡਰਾਮਾ ਸ਼ੁਰੂ ਕਰ ਦਿੱਤਾ। ਇਸ ਦੌਰਾਨ 'ਕਮਾਂਡਿੰਗ ਅਫ਼ਸਰ' ਦਿਖਣ ਵਾਲੇ ਨੇ ਹਵਾ ਵਿੱਚ ਫ਼ਾਇਰ ਕੀਤਾ। ਦੇਖਦੇ ਹੀ ਦੇਖਦੇ ਦੋਨੋਂ ਗੁਰਦੁਆਰਿਆਂ ਦੇ ਬਾਹਰ ਖੜ੍ਹੇ ਕੀਤੇ ਗਏ ਗੁਰਸਿੱਖਾਂ ਉਪਰ ਵਰਦੀਧਾਰੀ ਦੁਸ਼ਟਾਂ ਨੇ ਅੰਨੇਵਾਹ ਫਾਇਰਿੰਗ ਸ਼ੁਰੂ ਕਰਦਿਆਂ "ਜੈ ਮਾਤਾ ਦੀ ਤੇ ਜੈ ਹਿੰਦ" ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਇਸ ਖ਼ੂਨੀ ਹਮਲੇ ਦੌਰਾਨ ਗੁਰਦੁਆਰਾ ਸਿੰਘ ਸਭਾ ਸਮੁੰਦਰੀ ਹਾਲ ਅਤੇ ਗੁਰਦਵਾਰਾ ਸਿੰਘ ਸਭਾ ਸ਼ਹੀਦ ਨਿਵਾਸ, ਸੌਕੀਨ ਮੁਹੱਲਾ ਦੇ ਬਾਹਰ 36 ਗੁਰਸਿੱਖ ਸ਼ਹੀਦ ਹੋ ਗਏ। ਵਰਦੀਧਾਰੀ ਕਾਤਲ ਇਹ ਕਤਲੇਆਮ ਕਰਕੇ ਪਿੰਡ ਤੋਂ ਤੁਰੰਤ ਵਾਪਸ ਚਲੇ ਗਏ, ਤਾਂ ਗੋਲੀਆਂ ਦੀ ਆਵਾਜ਼ ਸੁਣ ਕੇ ਬਾਕੀ ਘਰਾਂ ਤੋਂ ਸਿੱਖ ਗੁਰੂਦਵਾਰਾ ਸਾਹਿਬਨ ਵੱਲ ਨੂੰ ਭੱਜੇ, ਤਾਂ ਦੇਖਿਆ ਕਿ ਭਾਣਾ ਵਰਤ ਚੁੱਕਿਆ ਸੀ। ਚਾਰ ਸੌ ਸਿੱਖ ਘਰਾਂ ਦੀ ਆਬਾਦੀ ਵਾਲੇ ਪਿੰਡ ਵਿੱਚ ਕਿਸੇ ਘਰ ਕੋਈ ਫ਼ੋਨ ਨਹੀਂ ਸੀ, ਪਰ ਕੁਝ ਕਿਲੋਮੀਟਰ ਦੂਰ 'ਹਰਮੇਲਪੁਰਾ' ਵਿੱਖੇ ਨਿਵਾਸ ਕਰਦੇ ਇਕ ਗੁਰਸਿੱਖ ਐਡਵੋਕੇਟ ਸ. ਜਸਬੀਰ ਸਿੰਘ ਦੇ ਘਰ ਲੈਂਡ ਲਾਈਨ ਫ਼ੋਨ ਸੀ, ਜਿਸ ਕਰਕੇ ਕੁਝ ਗੁਰਸਿੱਖ ਉੱਥੇ ਗਏ। ਉਨ੍ਹਾਂ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤਾ, ਤਾਂ ਆਪ ਜੀ ਨੇ ਕੋਲ ਪੈਂਦੇ 'ਮਟਨ' ਥਾਣੇ ਫ਼ੋਨ ਕੀਤਾ, ਜਿੱਥੋਂ ਥਾਣੇਦਾਰ ਇਸ਼ਾਕ ਆਪਣੇ ਸਿਪਾਹੀਆਂ ਨਾਲ ਘਟਨਾ ਵਾਲੀ ਜਗ੍ਹਾ ਪਹੁੰਚ ਗਿਆ। ਉਸਨੇ ਜ਼ਖ਼ਮੀ ਸਿੱਖਾਂ ਨੂੰ ਹਸਪਤਾਲ ਇਲਾਜ ਲਈ ਪਹੁੰਚਾ ਦਿੱਤਾ ਤੇ ਬਾਕੀ ਜਾਣਕਾਰੀ ਆਪਣੇ ਉੱਚ ਅਧਿਕਾਰੀਆਂ ਨੂੰ ਪਹੁੰਚਾਈ।

ਕਸ਼ਮੀਰ ਘਾਟੀ 'ਚ ਸਿੱਖਾਂ ਦੇ ਸਮੂਹਿਕ ਕਤਲੇਆਮ ਦੀ ਘਟਨਾ ਤੋਂ ਬਾਅਦ, ਕਸ਼ਮੀਰ ਸਹਿਤ ਸਾਰੇ ਸੰਸਾਰ ਅੰਦਰ ਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਵਿੱਚ ਭਾਰੀ ਸੋਗ ਦੀ ਲਹਿਰ ਦੌੜ ਗਈ। ਦੁਨੀਆ ਦੇ ਹੋਰਨਾਂ ਹਿੱਸਿਆਂ ਵਾਂਗ, ਵੈਨਕੂਵਰ ਵਿੱਚ ਵੀ ਭਾਰਤੀ ਕੌਂਸਲਖਾਨੇ ਬਾਹਰ ਬਹੁਤ ਵੱਡਾ ਮੁਜ਼ਾਹਰਾ ਹੋਇਆ, ਜਿਸ ਦੀ ਅਗਵਾਈ ਬ੍ਰਿਟਿਸ਼ ਕਲੰਬੀਆ ਸਿੱਖ ਕੌਂਸਲ ਨੇ ਕੀਤੀ। ਉਸ ਵੇਲੇ ਸਿੱਖਾਂ, ਮੁਸਲਮਾਨਾਂ ਸਮੇਤ ਬਾਕੀ ਘੱਟ ਗਿਣਤੀਆਂ ਨੂੰ ਹਜ਼ਾਰਾਂ ਦੀ ਤਾਦਾਦ ਵਿੱਚ ਸ਼ਾਮਿਲ ਹੁੰਦਿਆਂ ਦੇਖ ਕੇ, ਮੇਰੇ ਮਨ ਅੰਦਰ ਇਹ ਗੱਲ ਦਾ ਅਹਿਸਾਸ ਹੋਇਆ ਕਿ ਪੀੜਤ ਕੌਮਾਂ ਇਕੱਠੀਆਂ ਹੋ ਕੇ ਹੀ ਇਨਸਾਫ ਲਈ ਲੜ ਸਕਦੀਆਂ ਹਨ। ਕਸ਼ਮੀਰ ਵਿੱਚ ਸ਼ਹੀਦ ਹੋ ਚੁੱਕੇ ਸਾਰੇ ਗੁਰਸਿੱਖਾਂ ਦਾ ਅੰਤਿਮ ਸੰਸਕਾਰ ਗੁਰਦਵਾਰਾ ਸਿੰਘ ਸਭਾ ਸਮੁੰਦਰੀ ਹਾਲ ਦੀ ਹੱਦ ਅੰਦਰ ਇਕ ਵੱਡਾ ਥੜ੍ਹਾ ਬਣਾ ਕੇ ਕੀਤਾ ਗਿਆ। ਇਸ ਕਤਲੇਆਮ ਦੌਰਾਨ ਜਿੱਥੇ ਬਹੁਤ ਸਾਰੇ ਸਿੱਖਾਂ ਦੇ ਘਰਾਂ ਦੇ ਚਿਰਾਗ ਬੁੱਝ ਗਏ, ਉੱਥੇ ਬੀਬੀ ਨਰਿੰਦਰ ਕੌਰ ਜੀ ਦੇ ਪਰਿਵਾਰ ਨਾਲ ਸੰਬਧਿਤ ਗਿਆਰਾਂ ਜੀਅ ਕਤਲੇਆਮ ਦੌਰਾਨ ਸ਼ਹੀਦ ਹੋ ਗਏ।



ਸਿੱਖ ਕਤਲੇਆਮ ਤੋਂ ਬਾਅਦ ਜਦ ਦੇਸ਼-ਵਿਦੇਸ਼ ਅੰਦਰ ਰੋਸ ਮੁਜਾਹਰੇ ਸ਼ੁਰੂ ਹੋਏ, ਤਾਂ ਭਾਰਤੀ ਹਕੂਮਤ ਦੀ ਬਹੁਤ ਬਦਨਾਮੀ ਹੋਈ। ਜਿਸ ਕਾਰਨ ਇਸ ਘਟਨਾ ਤੋਂ ਪੰਜਵੇਂ ਦਿਨ ਪਥਰੀਵਾਲ ਪਿੰਡ ਦੇ ਪੰਜ ਮੁਸਲਿਮ ਨੌਜਵਾਨ ਗਰੀਬ ਆਜੜੀਆਂ ਨੂੰ ਭਾਰਤੀ ਫ਼ੌਜ ਨੇ 'ਦਹਿਸ਼ਤਗਰਦ' ਕਹਿ ਕੇ ਝੂਠੇ ਮੁਕਾਬਲੇ ਵਿਚ ਮਾਰ ਮੁਕਾਇਆ। ਇਸ ਘਟਨਾ ਦੇ ਵਿਰੋਧ ਵਿਚ ਕਸ਼ਮੀਰੀ ਅਵਾਮ ਸੜਕਾਂ ਤੇ ਉਤਰ ਆਇਆ, ਜਿਸ ਉਪਰ ਫ਼ੌਜ ਨੇ ਗੋਲੀ ਚਲਾ ਦਿੱਤੀ, ਇਸ ਦੌਰਾਨ ਨੌਂ ਹੋਰ ਨੌਜਵਾਨ ਵੀ ਮਾਰੇ ਗਏ। ਇੰਡੀਅਨ ਸਟੇਟ ਦੀ ਸੌੜੀ ਸਿਆਸਤ ਕਾਰਨ ਪਹਿਲਾਂ 36 ਗੁਰਸਿੱਖ ਤੇ ਫ਼ੇਰ 14 ਮੁਸਲਮਾਨ ਇਸ ਦੌਰਾਨ ਸਦਾ ਦੀ ਨੀਂਦ ਸਵਾ ਦਿੱਤੇ ਗਏ, ਜੋ ਕਿ ਸਾਰੇ ਹੀ ਬੇਕਸੂਰ ਸਨ। 26 ਵਰ੍ਹੇ ਗੁਜ਼ਰਨ ਦੇ ਬਾਅਦ ਵੀ ਛੱਟੀਸਿੰਘਪੁਰੇ ਦੇ ਕਤਲੇਆਮ ਦੀ ਕੋਈ ਜਾਂਚ ਨਹੀਂ ਹੋਈ।

ਜੰਮੂ ਕਸ਼ਮੀਰ ਦੇ ਵਸਨੀਕ ਅਤੇ ਸਾਹਿਤ ਅਕੈਡਮੀ ਪੁਰਸਕਾਰ ਜੇਤੂ ਕਹਾਣੀਕਾਰ ਖ਼ਾਲਿਦ ਹੁਸੈਨ ਨੇ 'ਹੁਣ' ਮੈਗਜ਼ੀਨ ਲਈ ਅਕਤੂਬਰ ਨਵੰਬਰ 2013 ਦੇ ਅੰਕ ਵਾਸਤੇ ਗੱਲਬਾਤ ਕਰਦੇ ਹੋਏ ਕਸ਼ਮੀਰ ਦੇ ਸਿੱਖ ਕਤਲੇਆਮ ਬਾਰੇ ਕੁਝ ਅਹਿਮ ਜਵਾਬ ਦਿੱਤੇ ਸਨ ; 'ਕਸ਼ਮੀਰ ਹਿੰਸਾ ਦਾ ਸਿਆਸੀ ਆਧਾਰ : ਛੱਟੀਸਿੰਘਪੁਰਾ ਦਾ ਸੱਚ'

**ਹੁਣ** : "ਉਨ੍ਹੀਂ ਦਿਨੀਂ ਹੀ ਪੁਲਵਾਮਾ ਜ਼ਿਲ੍ਹੇ ਦੀ ਤਹਿਸੀਲ ਤਰਾਲ ਦੇ ਪਿੰਡ ਛੱਟੀਸਿੰਘਪੁਰਾ ਪਿੰਡ ਵਿਚ 36 ਸਿੱਖਾਂ ਦਾ ਕਤਲੇਆਮ ਹੋਇਆ ਸੀ। ਤੁਹਾਡੇ ਮੁਤਾਬਕ ਇਸ ਦਰਦਨਾਕ ਕਤਲਕਾਂਡ ਦਾ ਸੱਚ ਕੀ ਹੈ?"

**ਖ਼ਾਲਿਦ** : "ਹਾਂ, ਇਹ ਸ਼ਹੀਦੀ ਕਾਂਡ ਕਸ਼ਮੀਰ ਘਾਟੀ ਦੇ ਜ਼ਿਲ੍ਹਾ ਪੁਲਵਾਮਾ ਦੀ ਤਹਿਸੀਲ ਤਰਾਲ ਵਿਚ ਹੋਇਆ ਸੀ। ਜਿਥੇ ਸਿੱਖਾਂ ਦੇ ਕਈ ਪਿੰਡ ਨੇ ਜਿਨ੍ਹਾਂ ਵਿਚ ਇਕ ਪਿੰਡ ਦਾ ਨਾਂ ਐ ਛੱਟੀਸਿੰਘਪੁਰਾ। ਕਸ਼ਮੀਰ ਦੀ ਸਿੱਖ ਸੰਗਤ ਅਤੇ ਕਸ਼ਮੀਰ ਦੇ ਮੁਸਲਮਾਨਾਂ ਦਾ ਇਹ ਇਲਜ਼ਾਮ ਐ ਕਿ ਇਸ ਕਤਲ ਕਾਂਡ ਨੂੰ ਅੰਜਾਮ ਦੇਣ ਵਾਲੇ ਭਾਰਤੀ ਫ਼ੌਜੀ ਸਨ ਜਾਂ ਉਨ੍ਹਾਂ ਦੇ ਅਧੀਨ ਕੰਮ ਕਰਨ ਵਾਲੇ ਮੁਖ਼ਬਰ ਤੇ ਸਰਕਾਰੀ ਖਾੜਕੂ (ਇਖ਼ਵਾਨੀ)। ਕਸ਼ਮੀਰੀ ਜਨਤਾ ਅਤੇ ਪੂਰੇ ਭਾਰਤ ਦੇ ਸਿੱਖਾਂ ਦੀ ਪੁਰਜ਼ੋਰ ਮੰਗ ਦੇ ਬਾਵਜੂਦ ਭਾਰਤ ਸਰਕਾਰ ਜਾਂ ਰਿਆਸਤੀ ਸਰਕਾਰ ਨੇ ਇਸ ਕਾਂਡ ਦੀ ਅਦਾਲਤੀ ਜਾਂਚ ਨਹੀਂ ਕਰਵਾਈ ਅਤੇ ਜਦੋਂ ਅਮਰੀਕਾ ਦਾ ਪ੍ਰਧਾਨ ਭਾਰਤ ਆਇਆ ਸੀ ਤਾਂ ਉਸ ਨੇ ਇਕ ਪੱਤਰਕਾਰ ਦੇ ਸਵਾਲ ਦੇ ਜਵਾਬ ਵਿਚ ਇਹ ਕਿਹਾ ਸੀ ਕਿ ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਛੱਟੀਸਿੰਘਪੁਰਾ ਦੇ ਸਿੱਖਾਂ ਨੂੰ ਕਿਸ ਨੇ ਮਾਰਿਐ ਪਰ ਇਹ ਗੱਲ ਜ਼ਰੂਰ ਕਹਿਣਾ ਚਾਹੁੰਦਾਂ ਕਿ ਉਹ ਬੇਗੁਨਾਹ ਮੇਰੇ ਕਾਰਨ ਮਰੇ ਨੇ। "ਇਹ ਗੱਲ ਕਹਿ ਕੇ ਅਮਰੀਕੀ ਪ੍ਰਧਾਨ ਨੇ ਬਹੁਤ ਕੁਝ ਕਹਿ ਦਿੱਤਾ ਸੀ।"

ਇਹ ਸੱਚ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਮਿਥ ਕੇ ਕੀਤੇ ਸਿੱਖ ਕਤਲੇਆਮ ਦਾ ਦੋਸ਼ ਲਗਾਤਾਰ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਮੱਥੇ 'ਤੇ ਲੱਗਦਾ ਆ ਰਿਹਾ ਹੈ। ਅਮਰੀਕਾ ਦੀ ਸਾਬਕਾ ਸੈਕਟਰੀ ਆਫ ਸਟੇਟ ਮੈਡਲੀਨ ਅਲਬ੍ਰਾਈਟ ਨੇ ਆਪਣੀ ਕਿਤਾਬ THE MIGHTY AND THE ALMIGHTY ਵਿੱਚ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਸਿੱਖਾਂ ਦੇ ਕਤਲੇਆਮ ਬਾਰੇ, ਰਾਸ਼ਟਰਪਤੀ ਦੇ ਨਜ਼ਰੀਏ ਤੋਂ ਕੁਝ ਸ਼ਬਦ ਅੰਕਿਤ ਕੀਤੇ ਸਨ:

During my visit to India in 2000, some Hindu militants decided to vent their outrage by murdering thirty-eight Sikhs in cold blood. If I hadn't made the trip, the victims would probably still be alive. If I hadn't made the trip because I feared what religious extremists might do, I couldn't have done my job as president of the United States. The nature of America is such that many people define themselves-or a part of themselves-in relation to it, for or against. This is part of the reality in which our leaders must operate.

ਭਾਵ 'ਮੇਰੀ ਭਾਰਤ ਫੇਰੀ ਦੌਰਾਨ ਕੁੱਝ ਹਿੰਦੂ ਦਹਿਸ਼ਤਗਰਦਾਂ ਨੇ ਅੱਠਤੀ ਸਿੱਖਾਂ ਦਾ ਕਤਲੇਆਮ ਕਰਕੇ ਆਪਣਾ ਗੁੱਸਾ ਕੱਢਣ ਦਾ ਫ਼ੈਸਲਾ ਕੀਤਾ। ਜੇ ਮੈਂ ਯਾਤਰਾ ਨਾ ਕੀਤੀ ਹੁੰਦੀ ਤਾਂ ਉਹ ਪੀੜਤ ਸ਼ਾਇਦ ਅੱਜ ਜਿਉਂਦੇ ਹੁੰਦੇ।' ਅਮਰੀਕਾ ਦੀ ਸੈਕਟਰੀ ਆਫ ਸਟੇਟ ਦੀ ਇਸ ਕਿਤਾਬ ਦੀ ਚਰਚਾ ਤੋਂ ਮਗਰੋਂ ਇੰਡੀਅਨ ਏਜੰਸੀਆਂ ਨੂੰ ਨਾਮੋਸ਼ੀ ਸਹਿਣੀ ਪਈ ਸੀ। ਬਅਦ ਵਿੱਚ ਇੰਡੀਆ ਦੇ ਤਿੱਖੇ ਪ੍ਰਤੀਕਰਮ ਕਾਰਨ ਪਬਲਿਸ਼ਰ ਹਾਰਪਰ ਕੋਲਿਨਸ ਨੇ ਇਨ੍ਹਾਂ ਟਿੱਪਣੀਆਂ ਵਾਲੇ ਕਿਤਾਬ ਦੇ ਅੰਤਰਰਾਸ਼ਟਰੀ ਸੰਸਕਰਨਾਂ ਵਿੱਚੋਂ HINDU MILITANTS ਹਿੰਦੂ ਅੱਤਵਾਦੀ ਹਟਾ ਕੇ ANGRY RADICALS ਭਾਵ 'ਕਰੋਧੀ ਕੱਟੜਪੰਥੀ' ਦੇ ਸ਼ਬਦ ਵਿੱਚ ਬਦਲ ਦਿੱਤਾ ਸੀ, ਪਰ ਇਸ ਨਾਲ ਸਿੱਖਾਂ ਦੇ ਕਤਲੇਆਮ ਦੇ ਦੋਸ਼ ਨਹੀਂ ਮਿਟੇ।

ਡਾ. ਗੁਰਵਿੰਦਰ ਸਿੰਘ
604 825 1550



ਭਾਰਤੀ ਅਧਿਕਾਰੀਆਂ ਨੇ ਕਸ਼ਮੀਰ ਦੇ 5 ਕਥਿਤ ਸ਼ੱਕੀ ਮੁਸਲਿਮ ਨੌਜਵਾਨਾਂ ਦਾ 'ਪਥਰੀਬਲ' ਵਿੱਚ ਝੂਠਾ ਪੁਲਿਸ ਮੁਕਾਬਲਾ ਬਣਾ ਕੇ, ਛੱਟੀਸਿੰਘਪੁਰਾ ਦੇ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਉਂਦਿਆਂ, ਉਨ੍ਹਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਸਨ। ਇਸ ਦੇ ਖਿਲਾਫ ਕਸ਼ਮੀਰ ਦੇ ਮੁਸਲਿਮ ਭਾਈਚਾਰੇ ਵੱਲੋਂ ਜ਼ਬਰਦਸਤ ਮੁਜ਼ਾਹਰੇ ਹੋਏ, ਜਿਨ੍ਹਾਂ 'ਤੇ ਗੋਲੀ ਵਰ੍ਹਾਉਂਦਿਆਂ ਪੁਲਿਸ ਨੇ 9 ਹੋਰ ਬੇਗੁਨਾਹਾਂ ਦੀਆਂ ਜਾਨਾਂ ਲਈਆਂ। ਇਸ ਤਰ੍ਹਾਂ ਇਸ ਕਤਲੇਆਮ ਦੇ ਘਟਨਾਕ੍ਰਮ ਵਿੱਚ 50 ਵਿਅਕਤੀਆਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ, ਜੋ ਕਿ ਬਿਲਕੁਲ ਬੇਕਸੂਰ ਸਨ।

ਭਾਰਤ ਦੇ ਸਾਬਕਾ ਮੰਤਰੀ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰ ਡਾ ਮਨੋਹਰ ਸਿੰਘ ਗਿੱਲ ਨੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਅਤੇ ਇਹ ਸੱਚਾਈ ਸਾਹਮਣੇ ਆਈ ਕਿ ਮਾਰੇ ਗਏ 5 ਮੁਸਲਮਾਨ ਨੌਜਵਾਨ ਨਿਰਦੋਸ਼ ਸਨ। ਇਸ ਘਟਨਾਕ੍ਰਮ ਮਗਰੋਂ ਝੂਠਾ ਮੁਕਾਬਲਾ ਬਣਾਉਣ ਵਾਲੇ ਸੁਰੱਖਿਆ ਬਲਾਂ ਖਿਲਾਫ ਸੱਚ ਸਾਹਮਣੇ ਆਇਆ ਅਤੇ ਦੋਸ਼ੀ ਸਾਬਤ ਹੋਏ, ਪਰ ਇਸ ਦੇ ਨਾਲ ਮਾਰੇ ਗਏ ਬੇਕਸੂਰ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਗੰਭੀਰ ਸਵਾਲ ਅਜੇ ਵੀ ਹਵਾ ਵਿੱਚ ਲਟਕਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਫੇਰੀ ਦੌਰਾਨ ਜਿਹੜਾ ਅਕਸ ਪੇਸ਼ ਕੀਤਾ ਗਿਆ, ਉਸ ਰਾਹੀਂ ਇੱਕ ਘੱਟ ਗਿਣਤੀ (ਸਿੱਖਾਂ) ਦੇ ਲੋਕਾਂ ਦਾ ਕਤਲੇਆਮ ਕਰਕੇ ਅਤੇ ਦੂਜੀ ਘੱਟ ਗਿਣਤੀ (ਮੁਸਲਮਾਨਾਂ) ਦੇ ਲੋਕਾਂ ਨੂੰ ਦੋਸ਼ੀ ਠਹਿਰਾ ਕੇ, ਕੌਮਾਂਤਰੀ ਪੱਧਰ 'ਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਸ਼ਰਮਨਾਕ ਵਰਤਾਰਾ ਏਜੰਸੀਆਂ ਦੀ ਗਹਿਰੀ ਚਾਲ ਸੀ।

ਛੱਟੀਸਿੰਘਪੁਰਾ ਦੇ ਕਤਲੇਆਮ ਤੋਂ 20 ਸਾਲ ਮਗਰੋਂ ਸੰਨ 2020 ਵਿੱਚ, ਅਮਰੀਕਨ ਰਾਸ਼ਟਰਪਤੀ ਟਰੰਪ ਭਾਰਤ ਦੀ ਫੇਰੀ 'ਤੇ ਗਿਆ। ਘੱਟ ਗਿਣਤੀਆਂ ਅੰਦਰ ਡਰ ਹੁਣ ਵੀ ਬਰਕਰਾਰ ਸੀ ਕਿ ਅਜਿਹੀਆਂ ਹੱਤਿਆਵਾਂ ਰਾਜਨੀਤਕ ਲੋਕਾਂ ਲਈ ਕੋਈ ਨਵੀਂ ਚੀਜ਼ ਨਹੀਂ ਅਤੇ ਫਾਸ਼ੀਵਾਦੀ ਤਾਕਤਾਂ, ਏਜੰਸੀਆਂ ਅਤੇ ਸਰਕਾਰਾਂ ਕੁਝ ਵੀ ਕਰਵਾ ਸਕਦੀਆਂ ਹਨ। ਟਰੰਪ ਦੇ ਭਾਰਤ ਜਾਣ 'ਤੇ ਵੀ ਉਹੀ ਕੁਝ ਹੋਇਆ, ਜਿਸ ਦਾ ਡਰ ਸੀ। ਸ਼ਾਹੀਨ ਬਾਗ ਦਿੱਲੀ ਵਿੱਚ ਸ਼ਾਂਤਮਈ ਰੋਸ ਪ੍ਰਗਟਾ ਰਹੇ ਮੁਸਲਮਾਨਾਂ ਖਿਲਾਫ ਹਿੰਸਾ ਅਤੇ ਫੇਰ ਘੱਟ-ਗਿਣਤੀ ਨੂੰ ਹੀ ਦੋਸ਼ੀ ਠਹਿਰਾਉਣਾ। ਦੋਵੇਂ ਵਾਰ ਅਮਰੀਕਾ ਦੇ ਰਾਸ਼ਟਰਪਤੀ ਫੇਰੀ 'ਤੇ ਅਤੇ ਦੋਵੇਂ ਵਾਰ ਬੀਜੇਪੀ ਸਰਕਾਰ। ਦਿੱਲੀ ਫੇਰ ਜਲ ਰਹੀ ਸੀ, ਬੇਕਸੂਰ ਲੋਕਾਂ ਦੀਆਂ ਜਾਨਾਂ ਲਈਆਂ ਜਾ ਰਹੀਆਂ ਸਨ। ਇਸ ਵਾਰ ਨਸਲੀ ਹਮਲਿਆਂ ਦਾ ਸ਼ਿਕਾਰ ਘੱਟ-ਗਿਣਤੀ ਮੁਸਲਮਾਨ ਹੋ ਰਹੇ ਸਨ। 'ਛੱਟੀਸਿੰਘਪੁਰਾ ਦਾ ਕਤਲੇਆਮ' ਇਨਸਾਫ਼ -ਪਸੰਦ ਜਥੇਬੰਦੀਆਂ ਨੂੰ ਅੱਗੇ ਆ ਕੇ, ਬੇਕਸੂਰਾਂ ਦੇ ਕਤਲੇਆਮ ਖ਼ਿਲਾਫ਼ ਆਵਾਜ਼ ਉਠਾਉਣ ਲਈ ਸੱਦਾ ਦਿੰਦਾ ਹੈ। ਜੇ ਅਜਿਹੀਆਂ ਜ਼ਾਲਮਾਨਾ ਤਾਕਤਾਂ ਖ਼ਿਲਾਫ਼ ਲੋਕ ਇਕੱਠੇ ਨਾ ਹੋਏ, ਤਾਂ ਅਜਿਹੇ ਖ਼ੂਨੀ ਸਾਕੇ ਸਦਾ ਹੀ ਦੁਹਰਾਏ ਜਾਂਦੇ ਰਹਿਣਗੇ।

ਜੇਕਰ 1984 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੀ ਅਗਵਾਈ ਵਿੱਚ ਹੋਈ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਹੁੰਦੀਆਂ, ਤਾਂ ਗੁਜਰਾਤ ਵਿੱਚ 2002 ਵਿੱਚ ਭਾਜਪਾ ਸਰਕਾਰ ਮੌਕੇ ਮੁਸਲਿਮ ਕਤਲੇਆਮ ਨਾ ਹੁੰਦਾ ਅਤੇ ਜੇ ਗੁਜਰਾਤ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਦੀਆਂ, ਤਾਂ ਇਹ ਮਾਡਲ ਅੱਜ ਭਾਰਤ ਦੇ ਕੋਨੇ-ਕੋਨੇ ਵਿੱਚ ਨਾ ਦੁਹਰਾਇਆ ਜਾਂਦਾ। ਛੱਟੀਸਿੰਘਪੁਰਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਵੀ ਇਸੇ ਕੌੜੀ ਹਕੀਕਤ ਨੂੰ ਬਿਆਨ ਕਰਦਾ ਹੈ। ਜਦੋਂ ਤੱਕ ਲੋਕ ਚੁੱਪ ਰਹਿਣਗੇ, ਉਦੋਂ ਤੱਕ ਫਾਸ਼ੀਵਾਦੀ ਤਾਕਤਾਂ ਜ਼ੁਲਮ ਕਰਦੀਆਂ ਰਹਿਣਗੀਆਂ। ਕਸ਼ਮੀਰ ਘਾਟੀ ਦੇ ਸਿੱਖਾਂ ਵੱਲੋਂ ਲਗਾਤਾਰ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਛੱਟੀਸਿੰਘਪੁਰਾ ਦਾ ਕਤਲੇਆਮ ਭਾਰਤੀ ਫ਼ੌਜੀਆਂ ਜਾਂ ਉਨ੍ਹਾਂ ਅਧੀਨ ਕੰਮ ਕਰਨ ਵਾਲੇ ਮੁਖ਼ਬਰਾਂ ਤੇ ਸਰਕਾਰੀ ਦਹਿਸ਼ਤਗਰਦਾਂ ਵੱਲੋਂ ਸਿੱਖਾਂ ਨੂੰ ਡਰਾਉਣ ਅਤੇ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕਰਵਾਇਆ ਗਿਆ, ਜਿਸ ਦੀ ਕਦੇ ਵੀ ਭਾਰਤ ਸਰਕਾਰ ਜਾਂ ਸੂਬਾਈ ਸਰਕਾਰ ਵੱਲੋਂ, ਜਾਣ ਬੁੱਝ ਕੇ ਜਾਂਚ ਨਹੀਂ ਕਰਵਾਈ ਗਈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਕਦੇ ਸਿੱਖ ਰਾਜ ਦਾ ਹਿੱਸਾ ਰਹੀ ਭਾਰਤ ਦਾ ਸਵਰਗ ਕਹੀ ਜਾਣ ਵਾਲੀ ਕਸ਼ਮੀਰ ਘਾਟੀ ਭਿਆਨਕ ਹਿੰਸਾ ਦੀ ਲਪੇਟ ਵਿੱਚ ਹੈ। ਕਸ਼ਮੀਰ ਦੀ ਧਰਤੀ 'ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੀ ਅਗਵਾਈ ਵਿੱਚ ਕਸ਼ਮੀਰੀ ਅਵਾਮ ਸ਼ਾਂਤਮਈ ਸੁਖੀ ਜੀਵਨ ਬਸਰ ਕਰ ਰਿਹਾ ਸੀ। ਜਦੋਂ ਡੋਗਰੇ ਭਰਾਵਾਂ ਦੀ ਗੱਦਾਰੀ ਤੇ ਸਾਜਿਸ਼ਾਂ ਕਾਰਣ ਸਿੱਖ ਰਾਜ ਅੰਗਰੇਜ਼ਾਂ ਵੱਲੋਂ ਧੋਖੇ ਨਾਲ ਖੋਹ ਲਿਆ ਗਿਆ ਤਾਂ 16 ਮਾਰਚ 1846 ਨੂੰ ਅੰਗਰੇਜ਼ ਹਕੂਮਤ ਨੇ ਗ਼ੁਲਾਬ ਸਿੰਹੁ ਡੋਗਰੇ ਨੂੰ ਕਸ਼ਮੀਰ 68 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ, ਜਿਸ ਉਪਰੰਤ ਉੱਥੇ ਵੱਸਦੇ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਦੌਰ ਸ਼ੁਰੂ ਹੋ ਗਿਆ।

ਸੱਚ ਤਾਂ ਇਹ ਹੈ ਕਿ ਕਸ਼ਮੀਰ ਘਾਟੀ ਵਿੱਚ ਹੋਏ ਛੱਟੀਸਿੰਘਪੁਰਾ ਦੇ ਸਿੱਖ ਕਤਲੇਆਮ ਲਈ ਤਤਕਾਲੀ ਭਾਰਤ ਸਰਕਾਰ ਤਾਂ ਦੋਸ਼ੀ ਹੈ ਹੀ, ਪਰ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਵੀ ਦੋਸ਼-ਮੁਕਤ ਨਹੀਂ ਹੋ ਸਕਦੇ, ਜਿਨ੍ਹਾ ਜੇ ਇਹ ਮੰਨ ਲਿਆ ਸੀ ਕਿ ਉਨ੍ਹਾਂ ਦੇ ਭਾਰਤ ਜਾਣ ਕਾਰਨ ਬੇਗੁਨਾਹ ਸਿੱਖ ਮਾਰੇ ਗਏ ਸਨ, ਤਾਂ ਫਿਰ ਅਜਿਹੇ ਕਤਲੇਆਮ ਦੀ ਜਾਂਚ ਦੀ ਮੰਗ ਕਿਉਂ ਨਹੀਂ ਕੀਤੀ? ਛੱਟੀਸਿੰਘਪੁਰਾ ਦੇ ਸਿੱਖ ਕਤਲੇਆਮ ਦਾ ਕਲੰਕ ਭਾਰਤ ਦੀ ਵਾਜਪਾਈ ਸਰਕਾਰ ਅਤੇ ਅਮਰੀਕਾ ਦੀ ਕਲਿੰਟਨ ਸਰਕਾਰ ਦੇ ਮੱਥੇ ਤੋਂ ਕਦੇ ਨਹੀਂ ਮਿਟੇਗਾ। ਛੱਟੀਸਿੰਘਪੁਰਾ ਸਿੱਖ ਕਤਲੇਆਮ ਦੇ 26ਵੇਂ ਸ਼ਹੀਦੀ ਦਿਹਾੜੇ 'ਤੇ ਸਿੱਖਸ ਫਾਰ ਜਸਟਿਸ ਦੇ ਜਰਨਲ ਕੌਂਸਲ ਗੁਰਪਤਵੰਤ ਸਿੰਘ ਪੰਨੂੰ ਨੇ ਇੱਕ ਭਾਰਤੀ ਫ਼ੌਜੀ ਅਧਿਕਾਰੀ ਦੀ ਗਵਾਹੀ ਪੇਸ਼ ਕਰਦਿਆਂ ਦਾਅਵਾ ਕੀਤਾ ਹੈ ਕਿ ਸਿੱਖ ਕਤਲੇਆਮ ਪਿੱਛੇ ਅਜੀਤ ਡੋਵਾਲ ਸੀ। ਮੀਡੀਆ ਰਿਲੀਜ਼ ਰਾਹੀਂ ਵਕੀਲ ਪੰਨੂੰ ਨੇ ਦਾਅਵਾ ਕੀਤਾ ਹੈ ਕਿ ਛੱਟੀਸਿੰਘਪੁਰਾ ਸਿੱਖ ਕਤਲੇਆਮ ਨੂੰ ਅੰਜਾਮ ਦੇਣ ਵਾਲਾ 'ਕੈਪਟਨ ਰਾਠੌਰ' ਭਗੌੜਾ ਹੋ ਗਿਆ, ਕਿਉਂਕਿ ਉਸਦੇ ਸਾਰੇ ਨਾਲ ਦੇ ਸਾਥੀ ਇੱਕ-ਇੱਕ ਕਰ ਕਰਕੇ ਮਾਰ ਦਿੱਤੇ ਗਏ। 'ਕੈਪਟਨ ਰਾਠੌਰ' ਖ਼ੁਦ ਇਸ ਵੀਡੀਓ ਵਿੱਚ ਦੱਸਦਾ ਹੈ ਕਿ ਕਿਵੇਂ ਉਹ ਯੂਰਪ ਹੁੰਦਾ ਹੋਇਆ ਅਮਰੀਕਾ ਪੁੱਜਾ। "ਗਵਾਹਾਂ ਦੀ ਕਤਲੋਗਾਰਤ ਤਹਿਤ, ਮੇਰੀ ਫੌਜੀ ਟੁਕੜੀ ਦੇ ਹਰ ਫ਼ੌਜੀ ਨੂੰ ਯੋਜਨਾਬੱਧ ਤਰੀਕੇ ਨਾਲ ਕਤਲ ਕਰ ਦਿੱਤਾ ਸੀ, ਸਿਰਫ ਮੈਂ ਹੀ ਬਚਿਆ ਹਾਂ" ਭਾਰਤੀ 'ਕੈਪਟਨ ਰਾਠੌਰ' ਵੀਡੀਓ ਵਿੱਚ ਕਬੂਲ ਕਰਦਾ ਹੈ ਕਿ ਉਹ ਉਸ ਟੁਕੜੀ ਨੂੰ ਲੀਡ ਕਰ ਰਿਹਾ ਸੀ, ਜਿਸਨੇ ਬੇਰਹਮੀ ਨਾਲ ਛੱਟੀਸਿੰਘਪੁਰਾ ਵਿੱਚ ਸਿੱਖਾਂ ਨੂੰ ਕਤਲ ਕੀਤਾ ਸੀ।

ਭਾਰਤੀ ਫ਼ੌਜੀ ਅਧਿਕਾਰੀ ਇਸ ਵੀਡੀਓ ਵਿੱਚ ਦੱਸਦਾ ਹੈ ਕਿ ਸਿੱਖ ਕਤਲੇਆਮ ਦੀ ਵਿਉਂਤਬੰਦੀ ਰਾਸ਼ਟਰੀ ਰਾਇਫਲ ਹੈੱਡਕੁਆਟਰ ਵਿਚ ਕੀਤੀ ਗਈ ਸੀ। ਸਿੱਖ ਕਤਲੇਆਮ ਦਾ ਹੁਕਮ ਬ੍ਰਿਗੇਡੀਅਰ ਜੈ.ਐੱਸ ਵੱਲੋਂ ਦਿੱਤਾ ਗਿਆ ਸੀ। ਇਸ ਹਮਲੇ ਪਿੱਛੇ ਭਾਰਤ ਦਾ ਹੱਥ ਲੁਕਾਉਣ ਲਈ ਫ਼ੌਜ ਵੱਲੋਂ 5 ਬੇਕਸੂਰ ਕਸ਼ਮੀਰੀਆਂ ਨੂੰ 'ਪਾਕਿਸਤਾਨੀ ਅਤਿਵਾਦੀ' ਦੱਸ ਕੇ ਕਤਲ ਕਰ ਦਿੱਤਾ ਗਿਆ ਸੀ, ਜਿਸਨੂੰ 2006 ਵਿੱਚ ਸੀ.ਬੀ.ਆਈ ਨੂੰ ਝੂਠਾ ਮੁਕਾਬਲਾ ਐਲਾਨ ਦਿੱਤਾ ਸੀ। ਵਕੀਲ ਪੰਨੂੰ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਇਹ ਹਮਲਾ ਕਰਕੇ ਅਤੇ ਪਾਕਿਸਤਾਨ ਨੂੰ ਅਤਿਵਾਦੀ ਦੇਸ਼ ਐਲਾਨ ਕੇ, ਅਮਰੀਕਾ ਦੀ ਕਸ਼ਮੀਰ ਦੇ ਮਸਲੇ 'ਤੇ ਭਾਰਤ ਦੇ ਪੱਖ ਵਿੱਚ, ਸਹਿਮਤੀ ਲੈਣ ਦੀ ਸਾਜਿਸ਼ ਸੀ। ਉਹਨਾਂ ਦੀ ਮੰਗ ਹੈ ਕਿ ਸਰਕਾਰੀ ਅਤਿਵਾਦ ਫੈਲਾਉਣ ਲਈ ਹੁਣ ਗਲੋਬਲ ਇੰਟੈਲੀਜੈਂਸ ਕਮਿਉਨਟੀ ਡੋਬਾਲ ਅਤੇ ਭਾਰਤ ਨੂੰ ਜਵਾਬਦੇਹ ਕਰੇ। ਅੱਜ ਲੋੜ ਹੈ ਕਿ ਅਮਰੀਕਨ ਰਾਸ਼ਟਰਪਤੀ ਟਰੰਪ ਇਸ ਮਾਮਲੇ 'ਚ ਚੁੱਪ ਤੋੜਨ ਅਤੇ ਸਿੱਖ ਕਤਲੇਆਮ ਦੇ ਮੁੱਦੇ ਤੇ ਅਮਰੀਕਾ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਭਾਰਤ ਨੂੰ ਜਵਾਬਦੇਹ ਕਰਨ। ਅਮਰੀਕਾ ਸਮੇਤ ਦੁਨੀਆ ਭਰ ਦੀਆਂ 'ਸਿੱਖ ਜਥੇਬੰਦੀਆਂ' ਨੂੰ ਵੀ, ਇਸ ਮਸਲੇ 'ਤੇ ਇੱਕ-ਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

### ਅਮਰੀਕਾ ਦੀ USCIRF ਰਿਪੋਰਟ ਦਾ ਵੱਡਾ ਧਮਾਕਾ

# ਅਮਰੀਕਾ ਵਿੱਚ RSS ਅਤੇ RAW 'ਤੇ ਪਾਬੰਦੀ ਲਗਾਉਣ ਅਤੇ ਸੰਪਤੀਆਂ (Assets) ਜ਼ਬਤ ਕਰਨ ਦੀ ਸਿਫ਼ਾਰਸ਼




ਵਾਸ਼ਿੰਗਟਨ/ਨਵੀਂ ਦਿੱਲੀ: ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ (USCIRF) ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਭਾਰਤ ਵਿਰੁੱਧ ਹੁਣ ਤੱਕ ਦਾ ਸਭ ਤੋਂ ਵਿਵਾਦਤ ਅਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕੂਟਨੀਤਕ ਹਲਕਿਆਂ ਵਿੱਚ ਭੂਚਾਲ ਲਿਆ ਦਿੱਤਾ ਹੈ। ਕਮਿਸ਼ਨ ਨੇ ਨਾ ਸਿਰਫ਼ ਭਾਰਤ ਨੂੰ 'ਖਾਸ ਚਿੰਤਾ ਵਾਲਾ ਦੇਸ਼' (CPC) ਐਲਾਨਣ ਦੀ ਮੰਗ ਕੀਤੀ ਹੈ, ਸਗੋਂ ਭਾਰਤ ਦੀਆਂ ਪ੍ਰਮੁੱਖ ਸੰਸਥਾਵਾਂ—ਆਰ.ਐਸ.ਐਸ. (RSS) ਅਤੇ ਖੁਫੀਆ ਏਜੰਸੀ ਰਾਅ (RAW)—ਨੂੰ ਸਿੱਧੇ ਤੌਰ 'ਤੇ ਨਿਸ਼ਾਨੇ 'ਤੇ ਲਿਆ ਹੈ।



**ਭਾਰਤ ਦਾ ਮੋੜਵਾਂ ਜਵਾਬ : ਅਮਰੀਕਾ ਪੱਖਪਾਤੀ ਏਜੰਡੇ 'ਤੇ ਕੰਮ ਕਰ ਰਿਹੈ : ਜੈਸਵਾਲ**

ਰਿਪੋਰਟ ਦੇ 5 ਸਭ ਤੋਂ ਸ਼ਕਤੀਸ਼ਾਲੀ ਨੁਕਤੇ:

1. RSS 'ਤੇ ਅੰਤਰਰਾਸ਼ਟਰੀ ਸ਼ਿਕੰਜਾ: ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਹੈ ਕਿ ਆਰ.ਐਸ.ਐਸ. ਭਾਰਤ ਵਿੱਚ ਧਾਰਮਿਕ ਅਸਹਿਣਸ਼ੀਲਤਾ ਅਤੇ ਨਫ਼ਰਤ ਫੈਲਾਉਣ ਦਾ ਮੁੱਖ ਜ਼ਿੰਮੇਵਾਰ ਹੈ। ਕਮਿਸ਼ਨ ਨੇ ਇਸ ਦੇ ਆਗੂਆਂ ਦੇ ਅਮਰੀਕਾ ਦਾਖਲੇ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।
2. RAW 'ਤੇ 'ਟਰਾਂਸਨੈਸ਼ਨਲ ਰਿਪਰੈਸ਼ਨ' ਦੇ ਦੋਸ਼: ਪਹਿਲੀ ਵਾਰ ਕਿਸੇ ਅਮਰੀਕੀ ਸਰਕਾਰੀ ਪੈਨਲ ਨੇ ਭਾਰਤੀ ਖੁਫੀਆ ਏਜੰਸੀ 'ਰਾਅ' ਉੱਤੇ ਵਿਦੇਸ਼ੀ ਧਰਤੀ (ਕੈਨੇਡਾ ਅਤੇ ਅਮਰੀਕਾ) 'ਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਅਤੇ ਹਿੰਸਕ ਕਾਰਵਾਈਆਂ ਵਿੱਚ ਸ਼ਾਮਲ ਹੋਣ ਦੇ ਗੰਭੀਰ ਇਲਜ਼ਾਮ ਲਾਏ ਹਨ।
3. ਜਾਇਦਾਦਾਂ ਜ਼ਬਤ ਕਰਨ ਦੀ ਸਿਫਾਰਸ਼: USCIRF ਨੇ ਅਮਰੀਕੀ ਵਿਦੇਸ਼ ਮੰਤਰਾਲੇ ਨੂੰ ਸਲਾਹ ਦਿੱਤੀ ਹੈ ਕਿ ਇਨ੍ਹਾਂ ਉਲੰਘਣਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਅਤੇ ਅਧਿਕਾਰੀਆਂ ਦੇ ਬੈਂਕ ਖਾਤੇ ਅਤੇ ਜਾਇਦਾਦਾਂ ਫਰੀਜ਼ (Freeze) ਕੀਤੀਆਂ ਜਾਣ।
4. ਘੱਟ ਗਿਣਤੀਆਂ 'ਤੇ ਹਮਲੇ: ਰਿਪੋਰਟ ਅਨੁਸਾਰ ਭਾਰਤ ਵਿੱਚ ਸਿੱਖਾਂ, ਮੁਸਲਮਾਨਾਂ ਅਤੇ ਇਸਾਈਆਂ ਵਿਰੁੱਧ ਸਰਕਾਰੀ ਸਰਪ੍ਰਸਤੀ ਹੇਠ ਹੋ ਰਹੀ ਹਿੰਸਾ ਅਤੇ ਨਫ਼ਰਤ ਭਰੇ ਭਾਸ਼ਣਾਂ (Hate Speech) ਕਾਰਨ ਲੋਕਤੰਤਰ ਖਤਰੇ ਵਿੱਚ ਹੈ।
5. ਕੰਟਰੀ ਆਫ ਪਰਟੀਕੁਲਰ ਕੰਸਰਨ (CPC): ਭਾਰਤ ਨੂੰ ਦੁਨੀਆ ਦੇ ਉਨ੍ਹਾਂ ਸਭ ਤੋਂ ਖਤਰਨਾਕ ਦੇਸ਼ਾਂ ਦੀ ਸੂਚੀ ਵਿੱਚ ਰੱਖਣ ਦੀ ਮੰਗ ਕੀਤੀ ਗਈ ਹੈ ਜਿੱਥੇ ਧਾਰਮਿਕ ਆਜ਼ਾਦੀ ਦਾ ਘਾਣ ਸਿਖਰਾਂ 'ਤੇ ਹੈ।

ਭਾਰਤ ਦਾ ਮੂੰਹਤੋੜ ਜਵਾਬ: 'ਛੱਜ ਤਾਂ ਬੋਲੇ ਛਾਨਣੀ ਕੀ ਬੋਲੇ'

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਰਿਪੋਰਟ ਨੂੰ ਸਿਰੇ ਤੋਂ ਖਾਰਜ ਕਰਦਿਆਂ 'ਪੱਖਪਾਤੀ' ਅਤੇ 'ਏਜੰਡਾ ਆਧਾਰਿਤ' ਦੱਸਿਆ ਹੈ। ਭਾਰਤੀ ਬੁਲਾਰੇ ਰਣਧੀਰ ਜੈਸਵਾਲ ਨੇ ਪਲਟਵਾਰ ਕਰਦਿਆਂ ਕਿਹਾ: ਕੀ ਛੱਜ ਤਾਂ ਬੋਲੇ ਛਾਨਣੀ ਕੀ ਬੋਲੇ

ਅਮਰੀਕਾ ਦੂਜਿਆਂ ਨੂੰ ਉਪਦੇਸ਼ ਦੇਣ ਤੋਂ ਪਹਿਲਾਂ ਆਪਣੇ ਦੇਸ਼ ਵਿੱਚ ਹਿੰਦੂ ਮੰਦਰਾਂ 'ਤੇ ਹੋ ਰਹੇ ਹਮਲਿਆਂ ਅਤੇ ਭਾਰਤੀ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ (Indophobia) ਨੂੰ ਰੋਕਣ ਵੱਲ ਧਿਆਨ ਦੇਵੇ।

ਕੀ ਪੈ ਸਕਦਾ ਹੈ ਅਸਰ?

ਮਾਹਿਰਾਂ ਅਨੁਸਾਰ, ਜੇਕਰ ਅਮਰੀਕੀ ਪ੍ਰਸ਼ਾਸਨ ਇਨ੍ਹਾਂ ਸਿਫਾਰਸ਼ਾਂ 'ਤੇ ਮੋਹਰ ਲਗਾਉਂਦਾ ਹੈ, ਤਾਂ ਭਾਰਤ 'ਤੇ ਆਰਥਿਕ ਅਤੇ ਵਪਾਰਕ ਪਾਬੰਦੀਆਂ ਲੱਗ ਸਕਦੀਆਂ ਹਨ, ਜਿਸ ਨਾਲ ਦੋਵਾਂ ਦੇਸ਼ਾਂ ਦੇ ਰਣਨੀਤਕ ਰਿਸ਼ਤਿਆਂ ਵਿੱਚ ਵੱਡੀ ਤਰੇੜ ਆਉਣ ਦਾ ਖਦਸ਼ਾ ਹੈ।

# ਹੋਰਮੁਜ਼ ਦੇ ਨਾਲ ਲੱਗਦੀਆਂ ਇਰਾਨ ਦੀਆਂ ਐਂਟੀ-ਸ਼ਿਪ ਮਿਜ਼ਾਈਲ ਯੂਨਿਟਾਂ 'ਤੇ ਅਮਰੀਕੀ ਬੰਬਾਰੀ

## ਸ਼ਿਪਿੰਗ ਰੂਟ ਨੂੰ ਸੁਰੱਖਿਅਤ ਰੱਖਣ ਲਈ ਅਮਰੀਕਾ ਨੇ ਇਰਾਨੀ ਮਿਜ਼ਾਈਲ ਟਿਕਾਣਿਆਂ ਨੂੰ ਬਣਾਇਆ ਨਿਸ਼ਾਨਾ




ਨਵੀਂ ਦਿੱਲੀ : ਕੌਮਾਂਤਰੀ ਸਮੁੰਦਰੀ ਮਾਰਗ 'ਚ ਰੁਕਾਵਟਾਂ ਨੂੰ ਖ਼ਤਮ ਕਰਨ ਲਈ ਅਮਰੀਕੀ ਫੌਜ ਨੇ ਬੀਤੀ ਰਾਤ ਇਰਾਨ ਦੇ ਤੱਟਵਰਤੀ ਮਿਜ਼ਾਈਲ ਕੇਂਦਰਾਂ 'ਤੇ ਭਾਰੀ ਬੰਬਾਰੀ ਕੀਤੀ ਹੈ। ਅਮਰੀਕੀ ਸੈਂਟਰਲ ਕਮਾਂਡ (CENTCOM) ਦੇ ਅਨੁਸਾਰ, ਇਹ ਕਾਰਵਾਈ ਹੋਰਮੁਜ਼ ਜਲਮਾਰਗ (Strait of Hormuz) ਦੇ ਨੇੜੇ ਸਥਿਤ ਇਰਾਨ ਦੇ ਉਨ੍ਹਾਂ ਟਿਕਾਣਿਆਂ 'ਤੇ ਕੀਤੀ ਗਈ ਹੈ, ਜੋ ਵਿਸ਼ਵ ਵਪਾਰਕ ਜਹਾਜ਼ਾਂ ਲਈ ਵੱਡਾ ਖ਼ਤਰਾ ਬਣੇ ਹੋਏ ਸਨ। ਇਸ ਹਮਲੇ ਵਿੱਚ ਅਤਿ-ਆਧੁਨਿਕ 'ਡੀਪ ਪੈਨੀਟਰੇਟਰ' (Deep Penetrator) ਹਥਿਆਰਾਂ ਦੀ ਵਰਤੋਂ ਕੀਤੀ ਗਈ ਹੈ ਤਾਂ ਜੋ ਜ਼ਮੀਨ ਦੇ ਅੰਦਰ ਬਣੇ ਮਜ਼ਬੂਤ ਮਿਜ਼ਾਈਲ ਅੱਡਿਆਂ ਨੂੰ ਤਬਾਹ ਕੀਤਾ ਜਾ ਸਕੇ।

ਇਹ ਫੌਜੀ ਕਾਰਵਾਈ ਅਜਿਹੇ ਸਮੇਂ ਹੋਈ ਹੈ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇੱਕ ਬਹੁ- ਕੌਮੀਂ ਸੁਰੱਖਿਆ ਬਲ ਬਣਾਉਣ ਦੀ ਯੋਜਨਾ ਨੂੰ ਨਾਟੋ (NATO) ਦੇ ਸਹਿਯੋਗੀਆਂ ਅਤੇ ਜਾਪਾਨ ਵਰਗੇ ਦੇਸ਼ਾਂ ਵੱਲੋਂ ਠੰਡਾ ਹੁੰਗਾਰਾ ਮਿਲਿਆ ਸੀ। ਹੋਰਮੁਜ਼ ਦਾ ਇਹ 33 ਕਿਲੋਮੀਟਰ ਚੌੜਾ ਲਾਂਘਾ ਕੱਚੇ ਤੇਲ ਅਤੇ ਐਲ.ਪੀ.ਜੀ. (LPG) ਦੀ ਸਪਲਾਈ ਲਈ ਬੇਹੱਦ ਅਹਿਮ ਹੈ, ਜਿਸ ਦੀ ਨਾਕਾਬੰਦੀ ਕਾਰਨ ਵਿਸ਼ਵ ਪੱਧਰ 'ਤੇ ਊਰਜਾ ਸੰਕਟ ਦਾ ਖਤਰਾ ਪੈਦਾ ਹੋ ਗਿਆ ਸੀ। ਅਮਰੀਕਾ ਵੱਲੋਂ ਜਾਰੀ ਕੀਤੇ ਗਏ ਨਕਸ਼ੇ ਰਾਹੀਂ ਉਨ੍ਹਾਂ ਇਲਾਕਿਆਂ ਦੀ ਪਛਾਣ ਕੀਤੀ ਗਈ ਹੈ ਜਿੱਥੇ ਇਹ ਹਮਲੇ ਕੀਤੇ ਗਏ ਹਨ।

### ਕੈਨੇਡਾ ਤੋਂ ਇੱਕ ਬਹੁਤ ਹੀ ਮੰਦਭਾਗੀ ਖ਼ਬਰ

# ਅੰਮ੍ਰਿਤਸਰ ਦੇ ਰਹਿਣ ਵਾਲੇ ਨੌਜਵਾਨ ਵਿਰੇਂਦਰ ਸਿੰਘ ਦਾ ਨਸਲੀ ਹਮਲੇ 'ਚ ਕਤਲ

## ਪੀੜਤ ਪਰਿਵਾਰ ਦੇ ਮੈਂਬਰਾਂ ਅਤੇ ਮ੍ਰਿਤਕ ਦੇ ਭਰਾ ਗੁਰਵਿੰਦਰ ਸਿੰਘ ਨੇ ਰੋਂਦੇ ਹੋਏ ਘਟਨਾ ਦਾ ਵੇਰਵਾ ਕੀਤਾ ਸਾਂਝਾ





ਅਮ੍ਰਿਤਸਰ : ਕੈਨੇਡਾ ਤੋਂ ਇੱਕ ਬਹੁਤ ਹੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਅੰਮ੍ਰਿਤਸਰ ਦੇ ਰਹਿਣ ਵਾਲੇ ਇੱਕ ਨੌਜਵਾਨ ਵਿਰੇਂਦਰ ਸਿੰਘ ਦਾ ਨਸਲੀ ਹਮਲੇ ਵਿੱਚ ਕਤਲ ਕਰ ਦਿੱਤਾ ਗਿਆ। ਇਸ ਖ਼ਬਰ ਨੇ ਪੰਜਾਬ ਵਿੱਚ ਰਹਿੰਦੇ ਉਸਦੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਪੀੜਤ ਪਰਿਵਾਰ ਦੇ ਮੈਂਬਰਾਂ ਅਤੇ ਮ੍ਰਿਤਕ ਦੇ ਭਰਾ ਗੁਰਵਿੰਦਰ ਸਿੰਘ ਨੇ ਰੋਂਦੇ ਹੋਏ ਇਸ ਪੂਰੀ ਘਟਨਾ ਦਾ ਵੇਰਵਾ ਸਾਂਝਾ ਕੀਤਾ ਹੈ।

ਘਟਨਾ ਦਾ ਵੇਰਵਾ: ਕੀ ਹੈ ਪੂਰਾ ਮਾਮਲਾ?

ਹਮਲੇ ਦਾ ਕਾਰਨ: ਗੁਰਵਿੰਦਰ ਸਿੰਘ ਅਨੁਸਾਰ, ਇਹ ਇੱਕ ਨਸਲੀ ਹਮਲਾ (Racially Motivated Attack) ਸੀ। ਕੁਝ ਸਥਾਨਕ ਨਸਲਵਾਦੀ ਵਿਅਕਤੀਆਂ ਨੇ ਸੜਕ 'ਤੇ ਵਿਰੇਂਦਰ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਿਨਾਂ ਕਿਸੇ ਉਕਸਾਵੇ ਦੇ ਅਚਾਨਕ ਗੋਲੀਆਂ ਚਲਾ ਦਿੱਤੀਆਂ।

ਘਟਨਾ ਦੀ ਮਿਤੀ: ਇਹ ਹਾਦਸਾ 14 ਮਾਰਚ ਨੂੰ ਵਾਪਰਿਆ। ਵਿਰੇਂਦਰ ਆਪਣੇ ਦੋਸਤਾਂ ਨੂੰ ਮਿਲਣ ਲਈ ਘਰੋਂ ਨਿਕਲਿਆ ਸੀ। ਦੱਸਿਆ ਜਾ ਰਿਹਾ ਹੈ ਕਿ 12 ਮਾਰਚ ਨੂੰ ਉਸਦਾ ਜਨਮ ਦਿਨ ਸੀ, ਪਰ ਉਹ ਦੋਸਤਾਂ ਨੂੰ ਕਿਸੇ ਪਾਰਟੀ ਲਈ ਮਿਲਣ ਗਿਆ ਸੀ ਜਾਂ ਨਹੀਂ, ਇਸ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ।

ਮੌਤ ਦਾ ਕਾਰਨ: ਗੋਲੀਬਾਰੀ ਦੌਰਾਨ ਇੱਕ ਗੋਲੀ ਵਿਰੇਂਦਰ ਦੇ ਮੋਟਰਸਾਈਕਲ ਨੂੰ ਲੱਗੀ ਅਤੇ ਦੂਜੀ ਉਸਦੀ ਧੌਣ (Neck) ਵਿੱਚ ਲੱਗੀ, ਜਿਸ ਕਾਰਨ ਬਹੁਤ ਜ਼ਿਆਦਾ ਖੂਨ ਵਹਿ ਗਿਆ ਅਤੇ ਉਸਦੀ ਮੌਤ ਹੋ ਗਈ।

**ਪਰਿਵਾਰ ਦੀ ਭਾਵੁਕ ਅਪੀਲ**

ਵਿਰੇਂਦਰ ਦੀ ਮੌਤ ਤੋਂ ਬਾਅਦ ਅੰਮ੍ਰਿਤਸਰ ਵਿੱਚ ਉਸਦੇ ਘਰ ਮਾਤਮ ਪਸਰਿਆ ਹੋਇਆ ਹੈ। ਪਰਿਵਾਰ ਨੇ ਭਾਰਤ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਹੈ:

1. ਦੇਹ ਦੀ ਵਾਪਸੀ: ਪਰਿਵਾਰ ਨੇ ਭਾਰਤੀ ਦੂਤਾਵਾਸ ਅਤੇ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ (ਜਿਨ੍ਹਾਂ ਨੂੰ ਜਾਣਕਾਰੀ ਵਿੱਚ ਕੁਲਜੀਤ ਸਿੰਘ ਗੋਲਨ ਵਜੋਂ ਸੰਬੋਧਿਤ ਕੀਤਾ ਗਿਆ ਹੈ) ਨੂੰ ਅਪੀਲ ਕੀਤੀ ਹੈ ਕਿ ਵਿਰੇਂਦਰ ਦੀ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਪੰਜਾਬ ਲਿਆਂਦਾ ਜਾਵੇ।
2. ਸਮਾਂ ਸੀਮਾ: ਜ਼ਰੂਰੀ ਕਾਨੂੰਨੀ ਕਾਰਵਾਈਆਂ ਅਤੇ ਅੰਤਿਮ ਰਸਮਾਂ ਪੂਰੀਆਂ ਹੋਣ ਤੋਂ ਬਾਅਦ, ਦੇਹ ਦੇ ਲਗਭਗ 10 ਦਿਨਾਂ ਤੱਕ ਭਾਰਤ ਪਹੁੰਚਣ ਦੀ ਉਮੀਦ ਹੈ।
3. ਇਨਸਾਫ਼ ਦੀ ਮੰਗ: ਪਰਿਵਾਰ ਨੇ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਾਤਲਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

# ਵਿਸ਼ਵ ਹਿੰਦੂ ਰੱਖਿਆ ਪਰਿਸ਼ਦ (World Hindu Defence Council) ਵੱਲੋਂ ਵਿਸ਼ਵ ਸ਼ਾਂਤੀ ਅਤੇ ਵੱਖ-ਵੱਖ ਸਮਾਜਿਕ ਮੁੱਦਿਆਂ ਨੂੰ ਲੈ ਕੇ ਇੱਕ ਵਿਸ਼ਾਲ ਜਲੂਸ ਕੱਢਿਆ ਗਿਆ

## ਪਰਿਸ਼ਦ ਨੇ ਇਸ ਇਕੱਠ ਦੌਰਾਨ ਕਈ ਅਹਿਮ ਅਤੇ ਵਿਵਾਦਪੂਰਨ ਮੰਗਾਂ ਰੱਖੀਆਂ

ਲਖਨਊ : ਧਾਰਮਿਕ ਨਾਅਰੇਬਾਜ਼ੀ: ਜਲੂਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ 'ਸ਼੍ਰੀ ਰਾਮ ਜੈ ਸ਼੍ਰੀ ਰਾਮ' ਅਤੇ 'ਵੰਦੇ ਮਾਤਰਮ' ਦੇ ਜ਼ੋਰਦਾਰ ਨਾਅਰੇ ਲਗਾਏ।

ਹਿਜਾਬ ਅਤੇ ਬੁਰਕੇ ਦਾ ਵਿਰੋਧ: ਪਰਿਸ਼ਦ ਨੇ ਹਿੰਦੂ ਕੁੜੀਆਂ ਵੱਲੋਂ ਮੁਸਲਿਮ ਪਹਿਰਾਵਾ (ਜਿਵੇਂ ਹਿਜਾਬ ਅਤੇ ਬੁਰਕਾ) ਅਪਣਾਉਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਅਜਿਹੀਆਂ ਪ੍ਰਥਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।




ਇਮਾਮਬਾੜਾ ਵਿਵਾਦ: ਲਖਨਊ ਦੇ ਇਮਾਮਬਾੜਾ ਵਿਖੇ ਹਿੰਦੂ ਕੁੜੀਆਂ ਦੇ ਹਿਜਾਬ ਪਹਿਨਣ ਦੀਆਂ ਰਿਪੋਰਟਾਂ 'ਤੇ ਸੰਗਠਨ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੋਂ ਤੁਰੰਤ ਜਾਂਚ ਅਤੇ ਕਾਰਵਾਈ ਦੀ ਮੰਗ ਕੀਤੀ ਹੈ।

ਵਿਸ਼ਵ ਸ਼ਾਂਤੀ ਲਈ ਯੱਗ: ਦੇਸ਼-ਦੁਨੀਆ ਵਿੱਚ ਚੱਲ ਰਹੀ ਜੰਗ ਦੀ ਸਥਿਤੀ ਅਤੇ ਤੇਲ-ਗੈਸ ਦੀਆਂ ਵਧਦੀਆਂ ਕੀਮਤਾਂ ਨੂੰ ਦੇਖਦਿਆਂ, ਪਰਿਸ਼ਦ ਨੇ ਵਿਸ਼ਵ ਸ਼ਾਂਤੀ ਲਈ ਇੱਕ 'ਯੱਗ' ਵੀ ਕਰਵਾਇਆ।

ਸਿਆਸੀ ਮੰਗਾਂ: ਸੰਗਠਨ ਨੇ ਦੇਸ਼ ਵਿੱਚ ਤੁਰੰਤ ਜਨਸੰਖਿਆ ਕੰਟਰੋਲ ਕਾਨੂੰਨ ਲਾਗੂ ਕਰਨ ਦੀ ਅਪੀਲ ਕੀਤੀ।

ਹਿੰਦੂ ਰਾਸ਼ਟਰ ਦੇ ਨਿਰਮਾਣ ਲਈ ਉਨ੍ਹਾਂ ਨੇ ਯੋਗੀ ਆਦਿੱਤਿਆਨਾਥ ਨੂੰ ਭਵਿੱਖ ਵਿੱਚ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰਨ ਦੀ ਵਕਾਲਤ ਕੀਤੀ।

# ਤਾਲਿਬਾਨ ਟਿਕਾਣਿਆਂ 'ਤੇ ਪਾਕਿਸਤਾਨ ਦੇ ਹਵਾਈ ਹਮਲੇ

## ਅਫ਼ਗਾਨਿਸਤਾਨ ਨੇ ਹਸਪਤਾਲ 'ਤੇ ਹੋਏ ਹਮਲੇ 'ਚ 400 ਲੋਕਾਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ



ਇਸਲਾਮਾਬਾਦ : ਪਾਕਿਸਤਾਨ ਨੇ ਰਾਤ ਭਰ ਅਫ਼ਗਾਨਿਸਤਾਨ 'ਚ ਅਤਿਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਹਵਾਈ ਹਮਲੇ ਕੀਤੇ ਹਨ। ਦੂਜੇ ਪਾਸੇ ਅਫ਼ਗਾਨ ਸਰਕਾਰ ਨੇ ਦੋਸ਼ ਲਾਇਆ ਕਿ ਕਾਬੁਲ ਦੇ ਮੁੜ ਵਸੇਬਾ ਹਸਪਤਾਲ 'ਤੇ ਇਸਲਾਮਾਬਾਦ ਦੇ ਹਮਲਿਆਂ 'ਚ ਘੱਟੋ-ਘੱਟ 400 ਜਣੇ ਮਾਰੇ ਗਏ ਹਨ।

ਪਾਕਿਸਤਾਨ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਨੁਸਾਰ ਇਹ ਹਮਲੇ 26 ਫਰਵਰੀ ਨੂੰ ਸ਼ੁਰੂ ਕੀਤੇ ਗਏ ਅਪਰੇਸ਼ਨ ਗ਼ਜ਼ਬ-ਲਿਲ-ਹਕ ਦੇ ਜਾਰੀ ਰਹਿਣ ਦੌਰਾਨ ਹੋਏ ਹਨ। ਪਾਕਿਸਤਾਨ ਨੇ 2600 ਕਿਲੋਮੀਟਰ ਲੰਮੀ ਸਰਹੱਦ 'ਤੇ ਅਫ਼ਗਾਨ ਤਾਲਿਬਾਨ ਬਲਾਂ ਦੇ ਕਥਿਤ ਹਮਲਿਆਂ ਦੇ ਜਵਾਬ 'ਚ ਇਹ ਅਪਰੇਸ਼ਨ ਸ਼ੁਰੂ ਕੀਤਾ ਸੀ। ਸੂਚਨਾ ਮੰਤਰੀ ਅੱਤਾਉੱਲਾ ਤਰਾਰ ਨੇ ਐਕਸ 'ਤੇ ਪਾਈ ਪੋਸਟ 'ਚ ਕਿਹਾ, "ਪਾਕਿਸਤਾਨ ਦੇ ਹਥਿਆਰਬੰਦ ਬਲਾਂ ਨੇ 16 ਮਾਰਚ ਦੀ ਰਾਤ ਨੂੰ ਅਪਰੇਸ਼ਨ ਗ਼ਜ਼ਬ-ਲਿਲ-ਹਕ ਤਹਿਤ ਕਾਬੁਲ ਤੇ ਨੰਗਰਹਾਰ 'ਚ ਅਫ਼ਗਾਨ ਤਾਲਿਬਾਨ ਹਕੂਮਤ ਦੇ ਅਤਿਵਾਦ ਨੂੰ ਸ਼ਹਿ ਦੇਣ ਵਾਲੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਹਵਾਈ ਹਮਲੇ ਕੀਤੇ ਹਨ।"

# ਪੰਜਾਬ 'ਚ ਕਰਜ਼ੇ ਦੇ ਭਾਰ ਹੇਠ ਦਬੇ ਕਿਸਾਨਾਂ ਦੀ ਜ਼ਮੀਨ ਹੋਵੇਗੀ ਨਿਲਾਮ

## 109 ਕਿਸਾਨਾਂ ਦੀ ਕੀਤੀ ਗਈ ਪਛਾਣ, 30 ਮਾਰਚ ਤੋਂ ਨਿਲਾਮੀ ਹੋ ਸਕਦੀ ਹੈ ਸ਼ੁਰੂ





ਚੰਡੀਗੜ੍ਹ : ਪੰਜਾਬ ਸਰਕਾਰ ਨੇ ਕਰਜ਼ਈ ਕਿਸਾਨਾਂ ਦੀਆਂ ਜ਼ਮੀਨਾਂ ਦੀ ਨਿਲਾਮੀ ਕਰਨ ਦੀ ਤਿਆਰੀ ਕਰ ਲਈ ਹੈ। ਖੇਤੀ ਵਿਕਾਸ ਬੈਂਕਾਂ ਨੇ ਮੁੱਢਲੇ ਪੜਾਅ 'ਤੇ ਵੱਡੇ ਕਿਸਾਨਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਖੇਤੀ ਵਿਕਾਸ ਬੈਂਕਾਂ ਨੇ ਪੰਜਾਬ ਭਰ 'ਚ ਅਜਿਹੇ ਕਰੀਬ 109 ਡਿਫਾਲਟਰ ਕਿਸਾਨਾਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਕੋਲ 20 ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਹੈ। ਪਛਾਣ ਕੀਤੇ ਗਏ ਕਿਸਾਨ ਕਰੀਬ 20.50 ਕਰੋੜ ਰੁਪਏ ਦੇ ਕਰਜ਼ਈ ਹਨ। ਸੂਤਰਾਂ ਅਨੁਸਾਰ ਸਹਾਇਕ ਰਜਿਸਟਰਾਰਾਂ ਨੇ ਜ਼ਮੀਨ ਦੀ ਨਿਲਾਮੀ ਲਈ ਤਰੀਕਾਂ ਤੈਅ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਅਤੇ 30 ਮਾਰਚ ਦੇ ਆਸ ਪਾਸ ਇਨ੍ਹਾਂ ਦੀ ਨਿਲਾਮੀ ਸ਼ੁਰੂ ਹੋ ਸਕਦੀ ਹੈ। ਬਠਿੰਡਾ ਜ਼ਿਲ੍ਹੇ ਦੇ ਪੰਜ ਖੇਤੀ ਵਿਕਾਸ ਬੈਂਕਾਂ ਨੇ 16 ਵੱਡੇ ਕਿਸਾਨਾਂ ਦੀ ਜ਼ਮੀਨ ਦੀ ਨਿਲਾਮੀ ਦੀ ਤਰੀਕ ਤੈਅ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਸਹਿਕਾਰਤਾ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ 5 ਮਾਰਚ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ ਜਿਸ 'ਚ ਅਧਿਕਾਰੀਆਂ ਨੂੰ ਵਸੂਲੀ ਦਾ ਟੀਚਾ ਦਿੱਤਾ ਗਿਆ ਸੀ।

ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ 'ਚ 89 ਖੇਤੀ ਵਿਕਾਸ ਬੈਂਕ ਹਨ ਜਿਨ੍ਹਾਂ ਦੇ ਕੁੱਲ 46,200 ਡਿਫਾਲਟਰ ਕਿਸਾਨ ਹਨ ਅਤੇ ਇਨ੍ਹਾਂ ਵੱਲ 2,650 ਕਰੋੜ ਰੁਪਏ ਦੀ ਰਕਮ ਬਕਾਇਆ ਖੜ੍ਹੀ ਹੈ । ਔਸਤਨ ਪ੍ਰਤੀ ਕਰਜ਼ਈ ਕਿਸਾਨ ਸਿਰ ਇਹ ਰਕਮ 5.72 ਲੱਖ ਰੁਪਏ ਬਣਦੀ ਹੈ। ਢਾਈ ਏਕੜ ਤੱਕ ਦੇ ਕਰਜ਼ਈ ਕਿਸਾਨਾਂ ਵੱਲ 690 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਖੜ੍ਹੀ ਹੈ; ਢਾਈ ਤੋਂ ਪੰਜ ਏਕੜ ਤੱਕ ਦੇ ਕਰਜ਼ਈ ਕਿਸਾਨਾਂ ਵੱਲ ਕਰੀਬ 790 ਕਰੋੜ ਰੁਪਏ ਦੀ ਰਾਸ਼ੀ ਖੜ੍ਹੀ ਹੈ। ਇਵੇਂ ਪੰਜ ਤੋਂ ਦਸ ਏਕੜ ਦੇ ਡਿਫਾਲਟਰ ਕਿਸਾਨਾਂ ਵੱਲ 850 ਕਰੋੜ ਰੁਪਏ ਫਸੇ ਹੋਏ ਹਨ।

ਖੇਤੀ ਵਿਕਾਸ ਬੈਂਕਾਂ ਨੇ 10 ਤੋਂ 15 ਏਕੜ ਦੇ ਡਿਫਾਲਟਰ ਕਿਸਾਨਾਂ ਤੋਂ 235 ਕਰੋੜ ਰੁਪਏ ਦਾ ਕਰਜ਼ਾ ਵਸੂਲ ਕਰਨਾ ਹੈ; 15 ਤੋਂ 20 ਏਕੜ ਵਾਲੇ ਡਿਫਾਲਟਰ ਕਿਸਾਨਾਂ ਵੱਲ 61 ਕਰੋੜ ਰੁਪਏ ਦੀ ਰਾਸ਼ੀ ਖੜ੍ਹੀ ਹੈ। ਵੀਹ ਏਕੜ ਤੋਂ ਉਪਰ ਜ਼ਮੀਨ ਮਾਲਕੀ ਵਾਲੇ ਡਿਫਾਲਟਰ ਕਿਸਾਨਾਂ ਵੱਲ 20.85 ਕਰੋੜ




ਰੁਪਏ ਫਸੇ ਹੋਏ ਹਨ। ਖੇਤੀ ਵਿਕਾਸ ਬੈਂਕਾਂ ਦੀ ਸਾਲ 2025-26 'ਚ ਵਸੂਲੀ ਸਿਰਫ਼ 244 ਕਰੋੜ ਰੁਪਏ ਹੋਈ ਹੈ; 2024-25 'ਚ 285 ਕਰੋੜ ਰੁਪਏ ਅਤੇ 2023-24 'ਚ ਇਹ ਵਸੂਲੀ 305 ਕਰੋੜ ਰੁਪਏ ਰਹੀ ਸੀ।

ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਨਬਾਰਡ ਨੂੰ 3200 ਕਰੋੜ ਰੁਪਏ ਦੀ ਗਾਰੰਟੀ ਦਿੱਤੀ ਹੋਈ ਹੈ ਅਤੇ ਨਬਾਰਡ ਵੱਲੋਂ ਰੀਫਾਈਨਾਂਸ ਨਾ ਕੀਤੇ ਜਾਣ ਕਰ ਕੇ ਕਿਸਾਨਾਂ ਨੂੰ ਨਵੇਂ ਕਰਜ਼ੇ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਇਹ ਵੀ ਕਿਹਾ ਕਿ ਸੁਪਰੀਮ ਕੋਰਟ ਨੇ ਪੁਰਾਣੇ ਮੁਲਾਜ਼ਮਾਂ ਦੇ ਕਰੀਬ 500 ਕਰੋੜ ਰੁਪਏ ਦੇ ਬਕਾਏ ਅਤੇ ਹਾਈਕੋਰਟ ਨੇ 150 ਕਰੋੜ ਰੁਪਏ ਦੇ ਬਕਾਏ ਦੇਣ ਲਈ ਕਿਹਾ ਹੈ। ਇੱਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਕਰਜ਼ੇ ਦੀ ਵਸੂਲੀ ਸ਼ੁਰੂ ਹੋ ਜਾਂਦੀ ਹੈ ਤਾਂ ਨਬਾਰਡ ਤੋਂ ਕਰੀਬ 800 ਕਰੋੜ ਰੁਪਏ ਦਾ ਵਿੱਤੀ ਫੰਡ ਮਿਲ ਸਕਦਾ ਹੈ, 20 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਵਿਰੁੱਧ ਸਖ਼ਤ ਕਾਰਵਾਈ ਨਾਲ ਕਰੀਬ 17 ਕਰੋੜ ਰੁਪਏ ਵਸੂਲਣ ਵਿੱਚ ਮਦਦ ਮਿਲੇਗੀ।

ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਵਿਧਾਨ ਸਭਾ 'ਚ ਮੰਗ ਕੀਤੀ ਸੀ ਕਿ ਡਿਫਾਲਟਰ ਕਿਸਾਨਾਂ ਲਈ ਯਕਮੁਸ਼ਤ ਸਕੀਮ ਲਿਆਂਦੀ ਜਾਵੇ। ਹਲਕਾ ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਵੀ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰਾਂ ਲਈ ਯਕਮੁਸ਼ਤ ਸਕੀਮ ਦੀ ਮੰਗ ਕਰ ਚੁੱਕੇ ਹਨ। ਡਿਫਾਲਟਰ ਕਿਸਾਨਾਂ 'ਤੇ ਇੱਕ ਨਜ਼ਰ ਜ਼ਮੀਨ ਦੀ ਮਾਲਕੀ ਪ੍ਰਤੀ ਕਿਸਾਨ ਔਸਤ ਕਰਜ਼ਾ ਢਾਈ ਏਕੜ ਤੱਕ 4.09 ਲੱਖ ਰੁਪਏ, ਢਾਈ ਤੋਂ ਪੰਜ ਏਕੜ 5.29 ਲੱਖ ਰੁਪਏ ਪੰਜ ਏਕੜ ਤੋਂ 10 ਏਕੜ 7.42 ਲੱਖ ਰੁਪਏ, ਦਸ ਤੋਂ 15 ਏਕੜ 10.22 ਲੱਖ ਰੁਪਏ, 15 ਤੋਂ 20 ਏਕੜ 10.57 ਲੱਖ ਰੁਪਏ ,20 ਏਕੜ ਤੋਂ ਉਪਰ 13.19 ਲੱਖ ਰੁਪਏ ਦਾ ਕਰਜ਼ਾ ਸ਼ਾਮਲ ਹੈ।

# ਭਾਰਤੀ ਸਟਾਕ ਮਾਰਕੀਟ ਦੇ ਇਤਿਹਾਸ 'ਚ ਅੱਜ ਕਾਲਾ ਦਿਨ ਸਾਬਿਤ ਹੋਇਆ

## ਨਿਵੇਸ਼ਕਾਂ ਦੇ 11 ਲੱਖ ਕਰੋੜ 60 ਮਿੰਟ 'ਚ ਗਏ ਉੱਡ

ਨਵੀਂ ਦਿੱਲੀ/ਮੁੰਬਈ: ਭਾਰਤੀ ਸ਼ੇਅਰ ਬਾਜ਼ਾਰ ਵਿੱਚ ਅੱਜ ਹੋਈ ਇਤਿਹਾਸਕ ਗਿਰਾਵਟ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਬਾਜ਼ਾਰ ਖੁੱਲ੍ਹਣ ਦੇ ਕੁਝ ਹੀ ਘੰਟਿਆਂ ਵਿੱਚ, BSE 'ਤੇ ਸੂਚੀਬੱਧ ਕੰਪਨੀਆਂ ਦੀ ਮਾਰਕੀਟ ਕੈਪ 11 ਲੱਖ ਕਰੋੜ ਰੁਪਏ ($118 ਬਿਲੀਅਨ ਡਾਲਰ) ਤੱਕ ਘਟ ਗਈ। ਇਹ ਗਿਰਾਵਟ ਇੰਨੀ ਭਿਆਨਕ ਹੈ ਕਿ



ਇਸ ਨੇ ਨਿਵੇਸ਼ਕਾਂ ਵਿੱਚ ਹਾਹਾਕਾਰ ਮਚਾ ਦਿੱਤੀ ਹੈ।

ਗਿਰਾਵਟ ਦੇ ਮੁੱਖ ਕਾਰਨ: (ਨਵੀਂ ਸਥਿਤੀ)

1. ਜੰਗ ਦੀ ਦਹਿਸ਼ਤ: ਮੱਧ ਪੂਰਬ (ਇਰਾਨ-ਇਜ਼ਰਾਈਲ ਤਣਾਅ) ਵਿੱਚ ਜੰਗ ਦੇ ਵਧਦੇ ਖ਼ਤਰੇ ਕਾਰਨ ਗਲੋਬਲ ਬਾਜ਼ਾਰਾਂ ਵਿੱਚ ਪੈਨਿਕ ਸੈਲਿੰਗ ਹੋਈ।

2. HDFC ਬੈਂਕ ਦਾ ਝਟਕਾ: ਭਾਰਤ ਦੇ ਸਭ ਤੋਂ ਵੱਡੇ ਨਿੱਜੀ ਬੈਂਕ, HDFC ਬੈਂਕ ਦੇ ਚੇਅਰਮੈਨ ਦੇ ਅਸਤੀਫੇ ਨੇ ਬੈਂਕਿੰਗ ਸੈਕਟਰ ਨੂੰ ਵੱਡਾ ਝਟਕਾ ਦਿੱਤਾ, ਜਿਸ ਨਾਲ ਪੂਰਾ ਬਾਜ਼ਾਰ ਪ੍ਰਭਾਵਿਤ ਹੋਇਆ।

3. ਤੇਲ ਦੀ ਅੱਗ: ਕੱਚੇ ਤੇਲ ਦੀਆਂ ਕੀਮਤਾਂ $111 ਦੇ ਪਾਰ ਪਹੁੰਚਣ ਨਾਲ ਭਾਰਤੀ ਰੁਪਿਆ ਕਮਜ਼ੋਰ ਹੋਇਆ ਅਤੇ ਮਹਿੰਗਾਈ ਵਧਣ ਦੇ ਡਰ ਨੇ ਬਾਜ਼ਾਰ ਨੂੰ ਡੁਬੋ ਦਿੱਤਾ।

ਤਾਜ਼ਾ ਅੰਕੜੇ:

Sensex: 2,400+ ਪੁਆਇੰਟ ਡਿੱਗਿਆ।

Nifty: 850+ ਪੁਆਇੰਟਾਂ ਦੀ ਗਿਰਾਵਟ।

ਨੁਕਸਾਨ: 11 ਲੱਖ ਕਰੋੜ ਰੁਪਏ ($118 ਬਿਲੀਅਨ)

ਇਹ ਗਿਰਾਵਟ ਕੋਈ ਆਮ ਗੱਲ ਨਹੀਂ ਹੈ। ਇਹ ਗਲੋਬਲ ਅਤੇ ਘਰੇਲੂ ਕਾਰਕਾਂ ਦਾ ਇੱਕ 'ਪਰਫੈਕਟ ਸਟੋਰਮ' ਹੈ। ਨਿਵੇਸ਼ਕਾਂ ਨੂੰ ਇਸ ਸਮੇਂ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ।

# ਪੰਜਾਬ ਦੇ ਪਾਣੀ ਦਾ ਸੰਕਟ: ਇੱਕ ਵਿਸ਼ੇਸ਼ ਰਿਪੋਰਟ (2026)

**ਪੰਜਾਬ, ਜਿਸਦਾ ਨਾਂ ਹੀ ਪੰਜਾਂ ਪਾਣੀਆਂ ਦੀ ਧਰਤੀ ਤੋਂ ਪਿਆ ਸੀ, ਅੱਜ ਪਾਣੀ ਦੀ ਬੂੰਦ-ਬੂੰਦ ਲਈ ਤਰਸ ਰਿਹਾ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਪੰਜਾਬ ਦਾ ਧਰਤੀ ਹੇਠਲਾ ਪਾਣੀ ਨਾ ਸਿਰਫ਼ ਤੇਜ਼ੀ ਨਾਲ ਮੁੱਕ ਰਿਹਾ ਹੈ, ਸਗੋਂ ਜੋ ਬਚਿਆ ਹੈ ਉਹ ਜ਼ਹਿਰੀਲੇ ਕੈਮੀਕਲਾਂ ਕਾਰਨ ਪੀਣ ਦੇ ਯੋਗ ਵੀ ਨਹੀਂ ਰਿਹਾ।**

1. ਪਾਣੀ ਦਾ ਡਿੱਗਦਾ ਪੱਧਰ (Water Depletion)

ਡਾਰਕ ਜ਼ੋਨ: ਪੰਜਾਬ ਦੇ 23 ਵਿੱਚੋਂ 19 ਜ਼ਿਲ੍ਹੇ 'ਡਾਰਕ ਜ਼ੋਨ' ਵਿੱਚ ਆ ਚੁੱਕੇ ਹਨ। ਇਸਦਾ ਮਤਲਬ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ ਪਾਣੀ ਦੀ ਨਿਕਾਸੀ ਰੀਚਾਰਜ ਨਾਲੋਂ ਕਿਤੇ ਜ਼ਿਆਦਾ ਹੈ।

ਖ਼ਤਰਨਾਕ ਅੰਕੜੇ: ਕੇਂਦਰੀ ਗਰਾਊਂਡ ਵਾਟਰ ਬੋਰਡ (37➾2) ਦੀ 2025-26 ਦੀ ਰਿਪੋਰਟ ਮੁਤਾਬਕ ਪੰਜਾਬ ਵਿੱਚ ਪਾਣੀ ਕੱਢਣ ਦੀ ਦਰ 156% ਤੱਕ ਪਹੁੰਚ ਗਈ ਹੈ, ਜੋ ਕਿ ਪੂਰੇ ਭਾਰਤ ਵਿੱਚ ਸਭ ਤੋਂ ਵੱਧ ਹੈ।

ਡੂੰਘੇ ਟਿਊਬਵੈੱਲ: ਜੇਕਰ ਇਹੀ ਰਫ਼ਤਾਰ ਰਹੀ, ਤਾਂ ਸਾਲ 2039 ਤੱਕ ਪੰਜਾਬ ਦਾ ਪਾਣੀ 300 ਮੀਟਰ (ਲਗਭਗ 1000 ਫੁੱਟ) ਤੋਂ ਵੀ ਹੇਠਾਂ ਚਲਾ ਜਾਵੇਗਾ, ਜਿੱਥੋਂ ਪਾਣੀ ਕੱਢਣਾ ਲਗਭਗ ਅਸੰਭਵ ਹੋ ਜਾਵੇਗਾ।

2. ਜ਼ਹਿਰੀਲਾ ਪਾਣੀ (Chemical Contamination)

ਪੰਜਾਬ ਦਾ ਪਾਣੀ ਹੁਣ ਸਿਰਫ਼ ਪਾਣੀ ਨਹੀਂ, ਸਗੋਂ ਕੈਮੀਕਲਾਂ ਦਾ ਘੋਲ ਬਣ ਚੁੱਕਾ ਹੈ:

ਯੂਰੇਨੀਅਮ ਅਤੇ ਆਰਸੈਨਿਕ: ਮਾਲਵਾ ਖੇਤਰ ਵਿੱਚ ਯੂਰੇਨੀਅਮ ਦੀ ਮਾਤਰਾ ਤੈਅ ਸੀਮਾ ਤੋਂ 62% ਜ਼ਿਆਦਾ ਪਾਈ ਗਈ ਹੈ। ਮਾਝੇ ਦੇ ਇਲਾਕਿਆਂ (ਅੰਮ੍ਰਿਤਸਰ, ਤਰਨਤਾਰਨ) ਵਿੱਚ ਆਰਸੈਨਿਕ ਦੀ ਮਾਤਰਾ ਬਹੁਤ ਜ਼ਿਆਦਾ ਹੈ।

ਖੇਤੀਬਾੜੀ ਦੇ ਜ਼ਹਿਰ: ਫ਼ਸਲਾਂ 'ਤੇ ਅੰਨ੍ਹੇਵਾਹ ਵਰਤੀਆਂ ਜਾਂਦੀਆਂ ਕੀਟਨਾਸ਼ਕ ਦਵਾਈਆਂ




ਅੰਨ੍ਹੇਵਾਹ ਟਿਊਬਵੈੱਲ ਲਾ ਕੇ ਤੇ ਰਸਾਇਣਕ ਖਾਦਾਂ ਪਾ ਕੇ, ਪੰਜਾਬ ਦਾ ਪਾਣੀ ਮੁਕਾਇਆ ਜਾ ਰਿਹਾ ਹੈ ਤੇ ਉਹਨੂੰ ਜ਼ਹਿਰੀਲਾ ਬਣਾਇਆ ਜਾ ਰਿਹਾ ਹੈ। ਪੰਜਾਬ ਦੀ ਜ਼ਮੀਨ ਹੁਣ ਪੀਣ ਜੋਗ ਪਾਣੀ ਨਹੀਂ ਦੇ ਰਹੀ। ਜੇ ਹਾਲ ਇਹੀ ਰਿਹਾ, ਤਾਂ ਆਉਣ ਵਾਲੀਆਂ ਪੀੜ੍ਹੀਆਂ ਕੈਂਸਰ ਦਾ ਸ਼ਿਕਾਰ ਹੋਣਗੀਆਂ ਤੇ ਪਾਣੀ ਨੂੰ ਤਰਸਣਗੀਆਂ। ਸਾਡੀ ਹਾਲਤ ਬੰਜਰ ਜ਼ਮੀਨ ਵਰਗੀ ਹੋ ਜਾਵੇਗੀ।

(Pesticides) ਅਤੇ ਖਾਦਾਂ ਧਰਤੀ ਦੇ ਅੰਦਰ ਰਿਸ ਕੇ ਪਾਣੀ ਨੂੰ ਜ਼ਹਿਰੀਲਾ ਕਰ ਰਹੀਆਂ ਹਨ।

ਸਨਅਤੀ ਗੰਦਗੀ: ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਸਿੱਧਾ ਬੋਰਵੈੱਲਾਂ ਰਾਹੀਂ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਪੂਰੇ ਇਲਾਕੇ ਦਾ ਪਾਣੀ ਕੈਂਸਰ ਵਰਗੀਆਂ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ।

3. ਸਿਹਤ 'ਤੇ ਪ੍ਰਭਾਵ (Health Crisis)

ਕੈਂਸਰ ਟਰੇਨ: ਪੰਜਾਬ ਦੇ ਮਾਲਵਾ ਇਲਾਕੇ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਰਾਸ਼ਟਰੀ ਔਸਤ ਨਾਲੋਂ 36% ਵੱਧ ਹੈ।

ਬੱਚਿਆਂ 'ਤੇ ਅਸਰ: ਜ਼ਹਿਰੀਲੇ ਪਾਣੀ ਕਾਰਨ ਨਵੀਂ ਪੀੜ੍ਹੀ ਵਿੱਚ ਦਿਮਾਗੀ ਨੁਕਸ ਅਤੇ ਸਰੀਰਕ ਅਪੰਗਤਾ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ।

**ਸਿੱਟਾ**

ਮੁਨਾਫ਼ੇ ਦੀ ਹੋੜ ਵਿੱਚ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਦਾ ਹੱਕ ਖੋਹ ਰਹੇ ਹਾਂ। ਜੇਕਰ ਅੱਜ ਅਸੀਂ ਪਾਣੀ ਦੀ ਸੰਭਾਲ ਨਾ ਕੀਤੀ ਅਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਤੇ ਲੋਕਾਂ ਨੂੰ ਨਾ ਰੋਕਿਆ, ਤਾਂ ਪੰਜਾਬ ਜਲਦ ਹੀ ਇੱਕ ਰੇਗਿਸਤਾਨ ਵਿੱਚ ਬਦਲ ਜਾਵੇਗਾ।

ਝੂਲਤੇ ਨਿਸ਼ਾਨ ਰਹੇਂ　ਅਕਾਲ ਸਹਾਇ　ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ **ਹੋਲਾ ਮਹੱਲਾ** ਦੇ ਪਾਵਨ ਦਿਹਾੜੇ ਨੂੰ ਸਮਰਪਿਤ

# 15ਵਾਂ ਗੁਰਮਤਿ ਸਮਾਗਮ

## ਮਾਰਚ 20, 2026 ਤੋਂ ਅਪ੍ਰੈਲ 5, 2026 ਤੱਕ

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ

ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ। ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ਼੍ਰੋਮਣੀ ਰਾਗੀ
ਭਾਈ ਹਰਜਿੰਦਰ ਸਿੰਘ ਜੀ
ਸ਼੍ਰੀਨਗਰ ਵਾਲੇ
ਮਾਰਚ 31 ਤੋਂ ਅਪ੍ਰੈਲ 5 ਤੱਕ

ਭਾਈ ਸਾਹਿਬ
ਭਾਈ ਪਿੰਦਰਪਾਲ ਸਿੰਘ ਜੀ
ਮਾਰਚ 30 ਤੋਂ ਅਪ੍ਰੈਲ 5 ਤੱਕ

ਭਾਈ ਮਨਿੰਦਰ ਸਿੰਘ ਜੀ
ਸ੍ਰੀਨਗਰ ਵਾਲੇ
ਮਾਰਚ 23 ਤੋਂ ਅਪ੍ਰੈਲ 1 ਤੱਕ

ਭਾਈ ਸਾਹਿਬ ਸਿੰਘ ਜੀ
ਕਨੇਡਾ ਵਾਲੇ (ਕਥਾਵਾਚਕ)
ਮਾਰਚ 20 ਤੋਂ 22

ਭਾਈ ਨਿਰੰਜਨ ਸਿੰਘ ਜੀ
ਜਵੱਦੀ ਕਲਾਂ ਵਾਲੇ
ਮਾਰਚ 27 ਤੋਂ 30

ਗਿਆਨੀ ਗੁਰਦੇਵ ਸਿੰਘ ਜੀ
ਅਸਟ੍ਰੇਲੀਆ ਵਾਲੇ
ਮਾਰਚ 31 ਤੋਂ ਅਪ੍ਰੈਲ 5 ਤੱਕ

ਭਾਈ ਲਖਵਿੰਦਰ ਸਿੰਘ ਜੀ ਸੋਹਲ
ਗੋਲਡ ਮੈਡਲਿਸਟ ਢਾਡੀ ਜਥਾ
ਮਾਰਚ 23 ਤੋਂ 29

ਭਾਈ ਸਿਰੀਪਾਲ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਸੁਖਮਨ ਸਿੰਘ ਜੀ
ਦਮਦਮੀ ਟਕਸਾਲ, ਟਰੇਸੀ

ਗਿ. ਦਿਲਬਾਗ ਸਿੰਘ ਜੀ
ਦਮਦਮੀ ਟਕਸਾਲ, ਟਰੇਸੀ

**ਪ੍ਰੋਗਰਾਮ :- ਮਾਰਚ 20, ਸ਼ੁੱਕਰਵਾਰ ਤੋਂ ਅਪ੍ਰੈਲ 4, ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 5.00 ਤੋਂ 9:00 ਤੱਕ ਦੀਵਾਨ ਸੱਜਣਗੇ।**

**ਅਪ੍ਰੈਲ 5, ਐਤਵਾਰ 9:30 ਤੋਂ 3:00 ਵਜੇ ਤੱਕ ਦੀਵਾਨ ਸਜਣਗੇ।**

ਦੋਵੇਂ ਹਫਤੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਨਿਰੰਤਰ ਜਾਰੀ ਰਹੇਗੀ ।

**ਨੋਟ: ਇਸ ਸਾਲ ਨਗਰ ਕੀਰਤਨ ਨਹੀਂ ਹੋਵੇਗਾ ਅਤੇ ਦੁਕਾਨਾਂ ਨਹੀਂ ਲਗਣਗੀਆਂ ।।**

## ਅੰਮ੍ਰਿਤ ਸੰਚਾਰ

ਅਪ੍ਰੈਲ 4, ਸ਼ਨੀਵਾਰ ਨੂੰ ਸਵੇਰੇ 10 ਵਜੇ

ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਕਕਾਰ ਗੁਰੂ-ਘਰ ਵੱਲੋਂ ਦਿੱਤੇ ਜਾਣਗੇ।

ਵੱਲੋਂ : ਬਾਬਾ ਧਰਮ ਸਿੰਘ ਜੀ

GURDWARA GUR NANAK PARKASH DAMDAMI TAKSAL

16101 WEST GRANT LINE RD TRACY CA 95304 | TEL. 209 346 4270

# ਆਰਥਿਕ ਆਫ਼ਤ ਬਣ ਰਹੀ ਜੰਗ



ਅਮਰੀਕਾ ਨੇ ਇਜ਼ਰਾਈਲ ਨਾਲ ਮਿਲ ਕੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਦਿਆਂ ਈਰਾਨ 'ਤੇ ਜੋ ਹਮਲਾ ਕੀਤਾ, ਉਹ ਅਮਰੀਕੀ ਕਾਨੂੰਨਾਂ ਦੇ ਹਿਸਾਬ ਨਾਲ ਵੀ ਗ਼ੈਰ-ਕਾਨੂੰਨੀ ਹੈ। ਇਸ ਯੁੱਧ ਕਾਰਨ ਦੁਨੀਆ ਵਿਚ ਗੈਸ ਅਤੇ ਤੇਲ ਦਾ ਜੋ ਸੰਕਟ ਪੈਦਾ ਹੋਇਆ ਹੈ, ਉਸ ਦਾ ਹੱਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਨਹੀਂ ਦਿਸਦਾ। ਇਹ ਲੱਗਦਾ ਹੈ ਕਿ ਉਨ੍ਹਾਂ ਨੇ ਇਸ ਬਾਰੇ ਕੋਈ ਵਿਚਾਰ ਨਹੀਂ ਕੀਤਾ ਕਿ ਈਰਾਨ 'ਤੇ ਹਮਲੇ ਅਤੇ ਉਸ ਦੀ ਜਵਾਬੀ ਕਾਰਵਾਈ ਨਾਲ ਪੱਛਮੀ ਏਸ਼ੀਆ ਤੋਂ ਊਰਜਾ ਦੀ ਸਪਲਾਈ ਵਿਚ ਜੋ ਰੁਕਾਵਟਾਂ ਖੜ੍ਹੀਆਂ ਹੋਣਗੀਆਂ, ਉਨ੍ਹਾਂ ਨਾਲ ਕਿਵੇਂ ਨਿਪਟਿਆ ਜਾਵੇਗਾ।

ਈਰਾਨ ਇਜ਼ਰਾਈਲ ਦੇ ਨਾਲ-ਨਾਲ ਖਾੜੀ ਦੇ ਦੇਸ਼ਾਂ ਵਿਚ ਅਮਰੀਕੀ ਫ਼ੌਜੀ ਅੱਡਿਆਂ 'ਤੇ ਵੀ ਹਮਲੇ ਕਰ ਰਿਹਾ ਹੈ ਅਤੇ ਉਸ ਨੇ ਹੋਰਮੁਜ਼ ਸਮੁੰਦਰੀ ਮਾਰਗ ਨੂੰ ਵੀ ਰੋਕੀ ਰੱਖਿਆ ਹੈ, ਜਿੱਥੋਂ 20-30 ਪ੍ਰਤੀਸ਼ਤ ਤੇਲ ਅਤੇ ਗੈਸ ਦੀ ਸਪਲਾਈ ਹੁੰਦੀ ਹੈ। ਈਰਾਨ ਨੇ ਹੋਰਮੁਜ਼ ਮਾਰਗ ਬੰਦ ਕਰਨ ਅਤੇ ਇਸ ਚੇਤਾਵਨੀ ਤੋਂ ਬਾਅਦ ਕਿ ਦੁਨੀਆ 200 ਡਾਲਰ ਪ੍ਰਤੀ ਬੈਰਲ ਤੱਕ ਤੇਲ ਖ਼ਰੀਦਣ ਲਈ ਤਿਆਰ ਰਹੇ, ਇਹ ਕਿਹਾ ਕਿ ਇੱਥੋਂ ਨਿਕਲਣ ਵਾਲੇ ਜਹਾਜ਼ਾਂ ਨੂੰ ਸਾਡੀ ਸਮੁੰਦਰੀ ਫ਼ੌਜ ਨੂੰ ਸੂਚਿਤ ਕਰਨਾ ਹੋਵੇਗਾ ਪਰ ਜਦ ਤੱਕ ਇਸ ਮਾਰਗ ਤੋਂ ਗੈਸ ਅਤੇ ਤੇਲ ਦੀ ਸਪਲਾਈ ਬਿਨਾਂ ਕਿਸੇ ਰੁਕਾਵਟ ਦੇ ਨਹੀਂ ਹੋਣ ਲੱਗਦੀ, ਤਦ ਤੱਕ ਊਰਜਾ ਸੰਕਟ ਦੇ ਹੱਲ ਨੂੰ ਲੈ ਕੇ ਨਿਸ਼ਚਿੰਤ ਨਹੀਂ ਹੋਇਆ ਜਾ ਸਕਦਾ।

ਕਿਉਂਕਿ ਖਾੜੀ ਦੇ ਦੇਸ਼ ਤੇਲ-ਗੈਸ ਦੀ ਸਪਲਾਈ ਹੋਰਮੁਜ਼ ਤੋਂ ਕਰਦੇ ਹਨ, ਇਸ ਲਈ ਉਹ ਈਰਾਨ ਦੇ ਰਵੱਈਏ 'ਤੇ ਨਿਰਭਰ ਹਨ। ਸੁਭਾਵਕ ਤੌਰ 'ਤੇ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਨੂੰ ਹੋਰਮੁਜ਼ ਮਾਰਗ 'ਚ ਅੜਿੱਕਾ ਪੈਣ ਕਾਰਨ ਖ਼ਾਸੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਹ ਆਪਣੇ ਊਰਜਾ ਸਰੋਤਾਂ ਲਈ ਇਕ ਵੱਡੀ ਹੱਦ ਤੱਕ ਖਾੜੀ ਦੇਸ਼ਾਂ 'ਤੇ ਨਿਰਭਰ ਹਨ। ਇਹ ਚੰਗੀ ਗੱਲ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਦੀ ਈਰਾਨ ਦੇ ਰਾਸ਼ਟਰਪਤੀ ਅਤੇ ਦੋਹਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਈਰਾਨ ਨੇ ਸੰਕੇਤ ਦਿੱਤੇ ਕਿ ਉਹ ਭਾਰਤ ਦੇ ਜਹਾਜ਼ਾਂ ਨੂੰ ਹੋਰਮੁਜ਼ ਤੋਂ ਲੰਘਣ ਦੀ ਆਗਿਆ ਦੇਵੇਗਾ।

ਨਵੀਂ ਦਿੱਲੀ ਵਿਚ ਈਰਾਨ ਦੇ ਰਾਜਦੂਤ ਨੇ ਵੀ ਭਾਰਤ ਨੂੰ ਮਿੱਤਰ ਦੇਸ਼ ਦੱਸਦੇ ਹੋਏ ਅਜਿਹੇ ਹੀ ਸਕਾਰਾਤਮਕ ਸੰਕੇਤ ਦਿੱਤੇ ਅਤੇ ਦੋ ਭਾਰਤੀ ਜਹਾਜ਼ਾਂ ਨੂੰ ਇਸ ਜਲ ਮਾਰਗ ਤੋਂ ਆਉਣ ਦੀ ਆਗਿਆ ਮਿਲ ਵੀ ਗਈ ਪਰ ਇਹ ਹਾਲੇ ਸਾਫ਼ ਨਹੀਂ ਹੈ ਕਿ ਭਵਿੱਖ ਵਿਚ ਸਾਰੇ ਭਾਰਤੀ ਜਹਾਜ਼ ਹੋਰਮੁਜ਼ ਤੋਂ ਬਿਨਾਂ ਕਿਸੇ ਮੁਸ਼ਕਲ ਦੇ ਗੁਜ਼ਰਦੇ

**-ਸੰਜੇ ਗੁਪਤ**

ਰਹਿ ਸਕਦੇ ਹਨ ਜਾਂ ਨਹੀਂ? ਖਾੜੀ ਦੇ ਦੇਸ਼ਾਂ ਵਿਚ ਤੇਲ ਅਤੇ ਗੈਸ ਦਾ ਉਤਪਾਦਨ ਪ੍ਰਭਾਵਿਤ ਹੋਣ ਅਤੇ ਉੱਥੋਂ ਉਨ੍ਹਾਂ ਦੀ ਸਪਲਾਈ ਰੁਕਣ ਨਾਲ ਹੀ ਉਨ੍ਹਾਂ ਦੇ ਭਾਅ ਵਧਣ ਲੱਗੇ ਹਨ ਅਤੇ ਪੂਰੀ ਦੁਨੀਆ ਦੀ ਅਰਥ-ਵਿਵਸਥਾ ਦੇ ਸਾਹਮਣੇ ਖ਼ਤਰਾ ਖੜ੍ਹਾ ਹੋ ਗਿਆ ਹੈ।

ਇਹ ਇਕ ਨਵੀਂ ਆਰਥਿਕ ਆਫ਼ਤ ਬਣ ਰਿਹਾ ਹੈ। ਤੇਲ, ਗੈਸ ਅਤੇ ਰਸਾਇਣਕ ਖਾਦਾਂ 'ਤੇ ਨਿਰਭਰ ਤਮਾਮ ਭਾਰਤੀ ਉਦਯੋਗਾਂ ਸਾਹਮਣੇ ਵੀ ਸੰਕਟ ਡੂੰਘਾ ਹੋਣ ਲੱਗਾ ਹੈ। ਕੁਝ ਤਾਂ ਬੰਦ ਹੋਣ ਦੇ ਕਗਾਰ 'ਤੇ ਹਨ ਜਾਂ ਫਿਰ ਆਪਣੇ ਉਤਪਾਦਨ ਨੂੰ ਘਟਾਉਣ ਲਈ ਮਜਬੂਰ ਹਨ। ਖਾੜੀ ਦੇਸ਼ਾਂ ਤੋਂ ਤੇਲ ਅਤੇ ਗੈਸ ਦੀ ਸਪਲਾਈ ਰੁਕ ਜਾਣ ਨਾਲ ਭਾਰਤ ਸਮੇਤ ਦੁਨੀਆ ਭਰ ਵਿਚ ਮਹਿੰਗਾਈ ਵਧਣ ਦੇ ਨਾਲ ਹੀ ਬੇਰੁਜ਼ਗਾਰੀ ਵਧ ਜਾਣ ਦਾ ਵੀ ਖ਼ਤਰਾ ਹੈ। ਇਸ ਖ਼ਤਰੇ ਲਈ ਸਿੱਧੇ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਹੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਆਪਣੀ ਜ਼ਿੱਦ ਅਤੇ ਹੰਕਾਰ ਵਿਚ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਇਜ਼ਰਾਈਲ ਦੇ ਨਾਲ ਮਿਲ ਕੇ ਈਰਾਨ 'ਤੇ ਹਮਲਾ ਕਰ ਦਿੱਤਾ।

ਖਾੜੀ ਦੇ ਦੇਸ਼ਾਂ ਤੋਂ ਤੇਲ ਅਤੇ ਗੈਸ ਦੀ ਸਪਲਾਈ ਰੁਕਣ ਨਾਲ ਦੇਸ਼ ਵਿਚ ਇਸ ਵੇਲੇ ਪੈਟਰੋਲ ਅਤੇ ਡੀਜ਼ਲ ਦਾ ਸੰਕਟ ਤਾਂ ਨਹੀਂ ਦਿਖਾਈ ਦੇ ਰਿਹਾ ਪਰ ਰਸੋਈ ਗੈਸ ਦੀ ਕਿੱਲਤ ਨਜ਼ਰ ਆਉਣ ਲੱਗੀ ਹੈ। ਰੇਹੜੀ ਵਾਲਿਆਂ ਤੋਂ ਲੈ ਕੇ ਰੈਸਟੋਰੈਂਟ ਅਤੇ ਹੋਟਲਾਂ ਤੱਕ ਅਤੇ ਆਮ ਉਪਭੋਗਤਾ ਇਸ ਦੀ ਕਿੱਲਤ ਵਧਦੀ ਦੇਖ ਰਹੇ ਹਨ। ਹਾਲਾਂਕਿ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾਅਵਾ ਕਰ ਰਹੇ ਹਨ ਕਿ ਤੇਲ ਅਤੇ ਗੈਸ ਦੀ ਕਮੀ ਨਹੀਂ ਹੈ, ਪਰ ਜਮ੍ਹਾਂਖੋਰਾਂ ਅਤੇ ਕਾਲਾਬਾਜ਼ਾਰੀਆਂ ਕਾਰਨ ਗੈਸ ਦਾ ਸੰਕਟ ਖੜ੍ਹਾ ਹੁੰਦਾ ਦਿਖਾਈ ਦੇ ਰਿਹਾ ਹੈ। ਮੁਨਾਫ਼ਾਖੋਰ ਇਸ ਸੰਕਟ ਨੂੰ ਆਪਣੇ ਲਈ ਇਕ ਮੌਕੇ ਦੇ ਤੌਰ 'ਤੇ ਦੇਖ ਰਹੇ ਹਨ। ਕਿਉਂਕਿ ਗੈਸ ਸੰਕਟ ਪੈਦਾ ਹੋਣ ਦਾ ਖ਼ਤਰਾ ਬਣ ਗਿਆ ਹੈ, ਇਸ ਲਈ ਆਮ ਲੋਕ ਵੀ ਚਿੰਤਤ ਹਨ।

ਇਸ ਦਾ ਨਤੀਜਾ ਇਹ ਹੈ ਕਿ ਕਈ ਥਾਵਾਂ 'ਤੇ ਰਸੋਈ ਗੈਸ ਏਜੰਸੀਆਂ ਦੇ ਸਾਹਮਣੇ ਲੰਬੀਆਂ-ਲੰਬੀਆਂ ਕਤਾਰਾਂ ਦਿਖਾਈ ਦੇ ਰਹੀਆਂ ਹਨ। ਇਸ ਨਾਲ ਲੋਕ ਹੋਰ ਜ਼ਿਆਦਾ ਸ਼ੰਕਾ ਦਾ ਸ਼ਿਕਾਰ ਹੋ ਰਹੇ ਹਨ। ਵਿਰੋਧੀ ਪਾਰਟੀਆਂ ਇਸ ਸ਼ੰਕਾ ਨੂੰ ਹੋਰ ਵਧਾ ਰਹੀਆਂ ਹਨ। ਹਾਲਾਂਕਿ ਸਰਕਾਰ ਨੇ ਗੈਸ ਦੀ ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ ਰੋਕਣ ਲਈ ਜ਼ਰੂਰੀ ਵਸਤਾਂ ਐਕਟ ਨੂੰ ਲਾਗੂ ਕਰ ਦਿੱਤਾ ਹੈ ਅਤੇ ਹਾਲਾਤ 'ਤੇ ਨਿਗਰਾਨੀ ਲਈ ਇਕ ਕਮੇਟੀ ਗਠਿਤ ਕਰ ਦਿੱਤੀ ਹੈ ਪਰ ਹਾਲੇ ਤੱਕ ਇਨ੍ਹਾਂ ਕਦਮਾਂ ਦਾ ਸਕਾਰਾਤਮਕ ਅਸਰ ਨਹੀਂ ਦਿਖਾਈ ਦੇ ਰਿਹਾ। ਇਹ ਤਦ ਤੱਕ ਨਹੀਂ ਦਿਸੇਗਾ, ਜਦ ਤੱਕ ਸੂਬਾ ਸਰਕਾਰਾਂ ਗੈਸ ਦੀ ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ ਖ਼ਿਲਾਫ਼ ਸਖਤੀ ਨਹੀਂ ਵਰਤਦੀਆਂ। ਇਹ ਚੰਗਾ ਹੋਇਆ ਕਿ ਸਰਕਾਰ ਨੇ ਰਾਜਾਂ ਨੂੰ ਪੀਡੀਐੱਸ ਅਧੀਨ ਵਾਧੂ ਕੈਰੋਸਿਨ ਜਾਰੀ ਕਰਨ ਦਾ ਫ਼ੈਸਲਾ ਕੀਤਾ।

ਈਰਾਨ 'ਤੇ ਹੋਰ ਹਮਲਿਆਂ ਦੀ ਧਮਕੀ ਦੇ ਵਿਚਕਾਰ ਅਮਰੀਕਾ ਨੇ ਭਾਰਤ ਸਮੇਤ ਹੋਰ ਦੇਸ਼ਾਂ ਨੂੰ ਰੂਸ ਤੋਂ ਤੇਲ ਖ਼ਰੀਦਣ 'ਤੇ ਆਪਣਾ ਇਤਰਾਜ਼ ਹਟਾ ਲਿਆ ਹੈ। ਇਹ ਉਸ ਦੀ ਮਜਬੂਰੀ ਨੂੰ ਦਰਸਾਉਂਦਾ ਹੈ। ਭਾਰਤ ਸਰਕਾਰ ਰੂਸ ਤੋਂ ਤੇਲ ਖ਼ਰੀਦ ਵਧਾਉਣ ਦੇ ਨਾਲ-ਨਾਲ ਕੁਝ ਹੋਰ ਦੇਸ਼ਾਂ ਤੋਂ ਤੇਲ-ਗੈਸ ਖ਼ਰੀਦਣ ਦੇ ਯਤਨ ਕਰ ਰਹੀ ਹੈ ਪਰ ਜਦ ਤੱਕ ਇਹ ਸੌਦੇ ਨਹੀਂ ਹੁੰਦੇ ਅਤੇ ਤੇਲ-ਗੈਸ ਦੀ ਸਪਲਾਈ ਦਾ ਰਸਤਾ ਸਾਫ਼ ਨਹੀਂ ਹੁੰਦਾ, ਤਦ ਤੱਕ ਰਾਹਤ ਮਿਲਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਭਾਰਤ ਉਸ ਵੈਨੇਜ਼ੁਏਲਾ ਤੋਂ ਵੀ ਤੇਲ ਖ਼ਰੀਦ ਰਿਹਾ ਹੈ ਜਿੱਥੇ ਇਸ ਸਾਲ ਦੇ ਸ਼ੁਰੂ ਵਿਚ ਅਮਰੀਕਾ ਨੇ ਹਮਲਾ ਕਰ ਕੇ ਉੱਥੋਂ ਦੇ ਰਾਸ਼ਟਰਪਤੀ ਦਾ ਅਗਵਾ ਕਰ ਲਿਆ ਸੀ। ਨਿਸ਼ਚਿਤ ਤੌਰ 'ਤੇ ਵੈਨੇਜ਼ੁਏਲਾ ਵਿਚ ਤੇਲ ਦੇ ਸਭ ਤੋਂ ਵੱਧ ਭੰਡਾਰ ਹਨ ਪਰ ਉਨ੍ਹਾਂ ਤੋਂ ਤੇਲ ਦੀ ਨਿਕਾਸੀ ਮੁਸ਼ਕਲ ਹੈ। ਇਸ ਤੇਲ ਨੂੰ ਸੋਧਣਾ ਵੀ ਆਸਾਨ ਨਹੀਂ। ਹੁਣ ਇਸ ਵਿਚ ਕੋਈ ਸ਼ੱਕ ਨਹੀਂ ਕਿ ਅਮਰੀਕਾ ਨੇ ਜਿਵੇਂ ਵੈਨੇਜ਼ੁਏਲਾ 'ਤੇ ਬਿਨਾਂ ਸੋਚੇ-ਸਮਝੇ ਮਨਮਾਨੇ ਤਰੀਕੇ ਨਾਲ ਹਮਲਾ ਕੀਤਾ, ਉਸੇ ਤਰ੍ਹਾਂ ਈਰਾਨ 'ਤੇ ਵੀ ਕੀਤਾ।

ਤੇਲ ਸੰਕਟ ਦੂਰ ਕਰਨ ਲਈ ਇੰਟਰਨੈਸ਼ਨਲ ਐਨਰਜੀ ਏਜੰਸੀ ਨੇ ਆਪਣੇ ਐਮਰਜੈਂਸੀ ਸਟਾਕ ਤੋਂ 40 ਕਰੋੜ ਬੈਰਲ ਤੇਲ ਬਾਜ਼ਾਰ ਵਿਚ ਜਾਰੀ ਕੀਤਾ ਹੈ ਪਰ ਇਸ ਤੋਂ ਬਾਅਦ ਵੀ ਤੇਲ ਦੀਆਂ ਕੀਮਤਾਂ ਸੌ ਡਾਲਰ ਪਾਰ ਕਰ ਗਈਆਂ ਹਨ। ਕਿਉਂਕਿ ਈਰਾਨ ਜਵਾਬੀ ਹਮਲੇ ਕਰਨ ਵਿਚ ਹਾਲੇ ਵੀ ਸਮਰੱਥ ਬਣਿਆ ਹੋਇਆ ਹੈ, ਇਸ ਲਈ ਕਹਿਣਾ ਮੁਸ਼ਕਲ ਹੈ ਕਿ ਯੁੱਧ ਕਦੋਂ ਖ਼ਤਮ ਹੋਵੇਗਾ। ਜੇਕਰ ਇਹ ਯੁੱਧ ਲੰਬਾ ਖਿੱਚਦਾ ਹੈ ਅਤੇ ਇਸ ਕਾਰਨ ਖਾੜੀ ਦੇ ਦੇਸ਼ਾਂ ਤੋਂ ਤੇਲ ਅਤੇ ਗੈਸ ਦੀ ਸਪਲਾਈ 'ਚ ਰੁਕਾਵਟ ਬਰਕਰਾਰ ਰਹਿੰਦੀ ਹੈ ਤਾਂ ਦੁਨੀਆ ਵਿਚ ਊਰਜਾ ਸੰਕਟ ਹੋਰ ਡੂੰਘਾ ਹੁੰਦਾ ਜਾਵੇਗਾ। ਇਸ ਊਰਜਾ ਸੰਕਟ ਲਈ ਸਭ ਤੋਂ ਵੱਡਾ ਦੋਸ਼ੀ ਅਮਰੀਕਾ ਹੀ ਹੋਵੇਗਾ।

ਉਹ ਇਸ ਯੁੱਧ ਨੂੰ ਜਲਦੀ ਖ਼ਤਮ ਕਰਨ ਵਿਚ ਸਮਰੱਥ ਨਹੀਂ ਦਿਖਾਈ ਦੇ ਰਿਹਾ ਹੈ। ਉਸ ਦੇ ਅਰਬਾਂ ਡਾਲਰ ਖ਼ਰਚ ਹੋ ਚੁੱਕੇ ਹਨ ਪਰ ਯੁੱਧ ਜਲਦੀ ਖ਼ਤਮ ਹੋਣ ਦੇ ਕੋਈ ਸੰਕੇਤ ਨਹੀਂ ਹਨ। ਅਮਰੀਕਾ ਨੇ ਸੋਚਿਆ ਸੀ ਕਿ ਅਲੀ ਖਾਮਨੇਈ ਨੂੰ ਮਾਰ ਦੇਣ ਨਾਲ ਈਰਾਨ ਵਿਚ ਸੱਤਾ ਪਰਿਵਰਤਨ ਹੋ ਜਾਵੇਗਾ ਪਰ ਫ਼ਿਲਹਾਲ ਅਜਿਹਾ ਕੁਝ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ। ਮੁਸ਼ਕਲ ਇਹ ਵੀ ਹੈ ਕਿ ਈਰਾਨ ਦੇ ਨਵੇਂ ਸੁਪਰੀਮ ਲੀਡਰ ਮੋਜਤਬਾ ਖਾਮਨੇਈ ਯੁੱਧ ਖ਼ਤਮ ਕਰਨ ਲਈ ਅਜਿਹੀਆਂ ਸ਼ਰਤਾਂ ਰੱਖ ਰਹੇ ਹਨ ਜਿਨ੍ਹਾਂ ਨੂੰ ਨਾ ਤਾਂ ਅਮਰੀਕਾ ਸਵੀਕਾਰ ਕਰ ਸਕਦਾ ਹੈ ਅਤੇ ਨਾ ਹੀ ਖਾੜੀ ਦੇ ਦੇਸ਼।

# ਹੋਰਮੁਜ਼ ਜਲਡਮਰੂ : ਆਲਮੀ ਆਰਥਿਕਤਾ ਦੀ 'ਸ਼ਾਹ ਰਗ'




ਹੋਰਮੁਜ਼ ਜਲਡਮਰੂ ਇਸ ਵੇਲੇ ਦੁਨੀਆ ਦੇ ਸਭ ਤੋਂ ਸੰਵੇਦਨਸ਼ੀਲ ਸਮੁੰਦਰੀ ਖੇਤਰਾਂ ਵਿੱਚੋਂ ਇਕ ਬਣ ਚੁੱਕਾ ਹੈ ਜਿਸ 'ਤੇ ਸਮੁੱਚੇ ਵਿਸ਼ਵ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਮੱਧ-ਪੂਰਬ ਵਿਚ ਇਸ ਸਮੇਂ ਚੱਲ ਰਹੇ ਈਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਤਣਾਅ ਨੂੰ ਜੇਕਰ ਕੂਟਨੀਤੀ ਰਾਹੀਂ ਨਾ ਰੋਕਿਆ ਗਿਆ ਤਾਂ ਇਸ ਸਮੁੰਦਰੀ ਰਸਤੇ ਵਿਚ ਲੱਗੀ ਅੱਗ ਪੂਰੀ ਦੁਨੀਆ ਦੇ ਚੁੱਲ੍ਹਿਆਂ ਨੂੰ ਠੰਢੇ ਕਰ ਸਕਦੀ ਹੈ। ਉੱਤਰ ਵਿਚ ਈਰਾਨ ਅਤੇ ਦੱਖਣ ਵਿਚ ਓਮਾਨ ਅਤੇ ਸੰਯੁਕਤ ਅਰਬ ਅਮੀਰਾਤ ਨਾਲ ਘਿਰਿਆ ਲਗਪਗ 167 ਕਿੱਲੋਮੀਟਰ ਲੰਬਾ ਸਟਰੇਟ ਆਫ ਹੋਰਮੁਜ਼ ਨਾਂ ਨਾਲ ਜਾਣਿਆ ਜਾਂਦਾ ਇਹ ਜਲਮਾਰਗ ਈਰਾਨ ਦੇ ਲਾਰਕ ਟਾਪੂ ਅਤੇ ਓਮਾਨ ਦੇ ਮੁਸੰਦਮ ਤੱਟ ਵਿਚਕਾਰ ਆ ਕੇ ਸਿਰਫ਼ ਲਗਪਗ 33 ਕਿੱਲੋਮੀਟਰ ਚੌੜਾ ਰਹਿ ਜਾਂਦਾ ਹੈ।

ਇਹ ਦੁਨੀਆ ਦਾ ਸਭ ਤੋਂ ਮਹੱਤਵਪੂਰਨ ਤੇਲ ਟਰਾਂਜ਼ਿਟ ਪੁਆਇੰਟ ਮੰਨਿਆ ਜਾਂਦਾ ਹੈ। ਹੋਰਮੁਜ਼ ਫ਼ਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ। ਮੰਨਿਆ ਜਾਂਦਾ ਹੈ ਕਿ 'ਹੋਰਮੁਜ਼' ਨਾਂ ਫ਼ਾਰਸੀ ਦੇ ਸ਼ਬਦ 'ਹੁਰਮੁਜ਼' ਤੋਂ ਆਇਆ ਹੈ ਜੋ ਕਿ ਇਕ ਪ੍ਰਾਚੀਨ ਬੰਦਰਗਾਹ ਦਾ ਨਾਂ ਸੀ।

ਇਸ ਮਾਰਗ ਰਾਹੀਂ ਹਰ ਰੋਜ਼ ਲਗਪਗ 120 ਵੱਡੇ ਵਪਾਰਕ ਜਹਾਜ਼ ਲੰਘਦੇ ਹਨ ਅਤੇ ਕਰੀਬ 20 ਤੋਂ 21 ਮਿਲੀਅਨ ਬੈਰਲ ਤੇਲ ਦੀ ਆਵਾਜਾਈ ਹੁੰਦੀ ਹੈ ਜੋ ਵਿਸ਼ਵ ਦੇ ਸਮੁੰਦਰੀ ਤੇਲ ਵਪਾਰ ਦਾ ਲਗਪਗ 25 ਤੋਂ 30 ਫ਼ੀਸਦੀ ਹੈ। ਹੁਣ ਇਸ ਮਾਰਗ 'ਤੇ ਤਣਾਅ ਅਤੇ ਖ਼ਤਰਾ ਕਾਫ਼ੀ ਵਧ ਗਿਆ ਹੈ। ਆਵਾਜਾਈ ਪਹਿਲਾਂ ਵਾਂਗ ਨਹੀਂ ਰਹੀ। ਯਾਦ ਰਹੇ ਕਿ ਇਸ ਜਲਮਾਰਗ ਵਿਚ ਆਈ ਇਕ ਛੋਟੀ ਰੁਕਾਵਟ ਵੀ ਵਿਸ਼ਵ ਦੀ ਊਰਜਾ ਸਪਲਾਈ ਨੂੰ ਹਿਲਾਉਣ ਦੇ ਸਮਰੱਥ ਹੈ ਅਤੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਗੋਡਿਆਂ ਭਾਰ ਲਿਆ ਸਕਦੀ ਹੈ।

ਇੰਨੇ ਵੱਡੇ ਸਮੁੰਦਰੀ ਟਰੈਫਿਕ ਲਈ ਵਰਤਿਆ ਜਾਣ ਵਾਲਾ ਅਸਲ ਸ਼ਿਪਿੰਗ ਚੈਨਲ ਸਿਰਫ਼ 6 ਕੁ ਕਿੱਲੋਮੀਟਰ ਚੌੜਾ ਹੈ। ਇਸ ਦੀ ਡੂੰਘਾਈ ਲਗਪਗ 50 ਤੋਂ 100 ਮੀਟਰ ਹੈ ਜਿਸ ਕਾਰਨ ਬਹੁਤ ਵੱਡੇ ਤੇਲ ਟੈਂਕਰਾਂ ਨੂੰ ਚੱਲਣ ਲਈ ਸੀਮਤ ਜਗ੍ਹਾ ਮਿਲਦੀ ਹੈ। ਇੱਥੇ ਜਹਾਜ਼ਾਂ ਲਈ ਆਉਣ ਅਤੇ ਜਾਣ ਦੇ ਵੱਖ-ਵੱਖਰੇ ਰਸਤੇ ਬਣਾਏ ਗਏ ਹਨ। ਇਸ ਵਿਵਸਥਾ ਨੂੰ ਟਰੈਫਿਕ ਸੈਪਰੇਸ਼ਨ ਸਕੀਮ ਦਾ ਨਾਂ ਦਿੱਤਾ ਹੋਇਆ ਹੈ। ਇਹ ਰਸਤੇ ਸਿਰਫ਼ 3-3 ਕਿੱਲੋਮੀਟਰ ਚੌੜੇ ਹਨ। ਇਨ੍ਹਾਂ ਦੋਵਾਂ ਰਸਤਿਆਂ ਦੇ ਵਿਚਕਾਰ ਇਕ ਬਫਰ ਜ਼ੋਨ ਰੱਖਿਆ ਗਿਆ ਹੈ ਤਾਂ ਜੋ ਜਹਾਜ਼ ਆਪਸ ਵਿਚ ਨਾ ਟਕਰਾਉਣ। ਸਾਊਦੀ ਅਰਬ, ਇਰਾਕ, ਕੁਵੈਤ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਵੱਡੇ ਤੇਲ ਉਤਪਾਦਕ ਦੇਸ਼ ਆਪਣੇ ਤੇਲ ਦੀ ਬਰਾਮਦ ਲਈ ਇਸ ਮਾਰਗ 'ਤੇ ਨਿਰਭਰ ਹਨ।

ਦੁਨੀਆ ਦੀ ਤਰਲ ਕੁਦਰਤੀ ਗੈਸ ਦਾ ਲਗਪਗ 20-25 ਫ਼ੀਸਦੀ ਹਿੱਸਾ ਵੀ ਇਸੇ ਰਸਤੇ ਰਾਹੀਂ ਜਾਂਦਾ ਹੈ ਅਤੇ ਸਭ ਤੋਂ ਵੱਡਾ ਤਰਲ ਕੁਦਰਤੀ ਗੈਸ ਨਿਰਯਾਤਕ ਦੇਸ਼ ਕਤਰ ਆਪਣੀ ਜ਼ਿਆਦਾਤਰ ਗੈਸ ਇਸੇ ਰਸਤੇ ਰਾਹੀਂ ਭੇਜਦਾ ਹੈ।

ਇਹ ਉਹ ਬਿੰਦੂ ਹੈ ਜਿਸ 'ਤੇ ਈਰਾਨ ਦੀ ਸਭ ਤੋਂ ਮਜ਼ਬੂਤ ਪਕੜ ਹੈ। ਈਰਾਨ ਦੇ ਤੱਟਵਰਤੀ ਹਿੱਸੇ ਅਤੇ ਟਾਪੂ-ਜਿਵੇਂ ਕਿ ਕਿਸ਼ਮ ਅਤੇ ਹੋਰਮੁਜ਼-ਇਸ ਤੰਗ ਰਸਤੇ ਦੇ ਬਿਲਕੁਲ ਉੱਪਰ ਸਥਿਤ ਹਨ ਜਿਸ ਕਾਰਨ ਉਹ ਇੱਥੋਂ ਲੰਘਣ ਵਾਲੇ ਜਹਾਜ਼ਾਂ 'ਤੇ ਨਿਗਰਾਨੀ ਰੱਖ ਸਕਦਾ ਹੈ ਅਤੇ ਲੋੜ ਪੈਣ 'ਤੇ ਰਸਤਾ ਰੋਕਣ ਦੀ ਸਮਰੱਥਾ ਵੀ ਰੱਖਦਾ ਹੈ। ਇਸ ਰਸਤੇ ਦੇ ਬੰਦ ਹੋਣ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਆ ਸਕਦਾ ਹੈ।

ਕੁਝ ਅੰਤਰਰਾਸ਼ਟਰੀ ਵਿਸ਼ਲੇਸ਼ਕਾਂ ਅਨੁਸਾਰ ਕੱਚੇ ਤੇਲ ਦੀ ਕੀਮਤ 150 ਤੋਂ 200 ਡਾਲਰ ਪ੍ਰਤੀ ਬੈਰਲ ਤੱਕ ਵੀ ਪਹੁੰਚ ਸਕਦੀ ਹੈ। ਭਾਰਤ ਆਪਣੀ ਲੋੜ ਦਾ 85 ਫ਼ੀਸਦੀ ਤੋਂ ਵੱਧ ਕੱਚਾ ਤੇਲ ਦਰਾਮਦ ਕਰਦਾ ਹੈ ਪਰ ਰੂਸ ਤੋਂ ਦਰਾਮਦ ਵਧਣ ਕਾਰਨ ਖਾੜੀ ਦੇਸ਼ਾਂ ਦੀ ਹਿੱਸੇਦਾਰੀ ਕੁਝ ਸਾਲਾਂ ਵਿਚ ਕਰੀਬ 50-55 ਫ਼ੀਸਦੀ ਤੱਕ ਰਹਿ ਗਈ ਸੀ। ਪਿੱਛੇ ਜਿਹੇ ਜਦੋਂ ਭਾਰਤ ਨੇ ਰੂਸ ਤੋਂ ਤੇਲ ਦੀ ਖ਼ਰੀਦ ਘਟਾਈ ਤਾਂ ਉਸ ਦੀ ਪੂਰਤੀ ਮੁੱਖ ਤੌਰ 'ਤੇ ਇਰਾਕ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਖਾੜੀ ਦੇਸ਼ਾਂ ਤੋਂ ਕੀਤੀ ਗਈ।

ਇਸ ਕਾਰਨ ਹੋਰਮੁਜ਼ ਜਲਡਮਰੂ ਦੀ ਮਹੱਤਤਾ ਭਾਰਤ ਲਈ ਹੋਰ ਵੀ ਵਧ ਜਾਂਦੀ ਹੈ। ਕੁਝ ਵਿਸ਼ਲੇਸ਼ਕਾਂ

**-ਗੁਰ ਕ੍ਰਿਪਾਲ ਸਿੰਘ ਅਸ਼ਕ**

ਅਨੁਸਾਰ ਜੇਕਰ ਇੱਥੇ ਤਣਾਅ ਵਧਦਾ ਹੈ ਤਾਂ ਭਾਰਤ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ 20-30 ਰੁਪਏ ਪ੍ਰਤੀ ਲੀਟਰ ਤੱਕ ਵਾਧਾ ਹੋ ਸਕਦਾ ਹੈ ਜੋ ਦੇਸ਼ ਦੀ ਆਰਥਿਕਤਾ ਲਈ ਵੱਡਾ ਝਟਕਾ ਹੋਵੇਗਾ। ਢੋਆ-ਢੁਆਈ ਮਹਿੰਗੀ ਹੋਣ ਕਾਰਨ ਮਹਿੰਗਾਈ ਦਰ ਵੀ ਤੇਜ਼ੀ ਨਾਲ ਵਧ ਸਕਦੀ ਹੈ। ਇਸ ਤੋਂ ਇਲਾਵਾ ਖਾੜੀ ਦੇਸ਼ਾਂ ਵਿਚ ਵਸਦੇ ਲੱਖਾਂ ਭਾਰਤੀਆਂ ਦੀ ਸੁਰੱਖਿਆ ਵੀ ਇਕ ਵੱਡੀ ਚਿੰਤਾ ਬਣ ਸਕਦੀ ਹੈ।

ਪੁਰਾਣੇ ਸਮਿਆਂ ਤੋਂ ਹੀ ਇਹ ਰਸਤਾ ਵਪਾਰ ਲਈ ਬਹੁਤ ਮਹੱਤਵਪੂਰਨ ਰਿਹਾ ਹੈ। ਪ੍ਰਾਚੀਨ ਕਾਲ ਵਿਚ ਇਹ ਜਲਮਾਰਗ ਭਾਰਤ ਅਤੇ ਚੀਨ ਤੋਂ ਯੂਰਪ ਤੱਕ ਮਸਾਲੇ ਅਤੇ ਰੇਸ਼ਮ ਲੈ ਕੇ ਜਾਣ ਵਾਲੇ ਜਹਾਜ਼ਾਂ ਲਈ ਇਕ ਮਹੱਤਵਪੂਰਨ ਰਸਤਾ ਸੀ ਤੇ 16ਵੀਂ ਅਤੇ 17ਵੀਂ ਸਦੀ ਵਿਚ ਪੁਰਤਗਾਲ ਨੇ ਇਸ ਖੇਤਰ 'ਤੇ ਕਬਜ਼ਾ ਕਰ ਕੇ ਮਸਾਲਿਆਂ ਦੇ ਵਪਾਰ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿਚ ਬ੍ਰਿਟਿਸ਼ ਅਤੇ ਡੱਚਾਂ ਨੇ ਵੀ ਇਸ ਖੇਤਰ ਵਿਚ ਆਪਣਾ ਪ੍ਰਭਾਵ ਵਧਾਇਆ।

ਜਦੋਂ ਵੀ ਅਮਰੀਕਾ ਅਤੇ ਈਰਾਨ ਦੇ ਸਬੰਧ ਵਿਗੜਦੇ ਹਨ, ਹੋਰਮੁਜ਼ ਵਿਚ ਜਹਾਜ਼ਾਂ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਇਹ ਪਹਿਲੀ ਵਾਰ ਨਹੀਂ ਕਿ ਇੱਥੇ ਜੰਗੀ ਹਾਲਾਤ ਬਣੇ ਹੋਣ। ਟੈਂਕਰ ਯੁੱਧ (1984-1988) ਦੌਰਾਨ ਲਗਪਗ 450 ਤੋਂ ਵੱਧ ਵਪਾਰਕ ਜਹਾਜ਼ਾਂ 'ਤੇ ਹਮਲੇ ਹੋਏ ਸਨ। ਅਠਾਰਾਂ ਅਪ੍ਰੈਲ 1988 ਨੂੰ ਆਪ੍ਰੇਸ਼ਨ ਪ੍ਰਾਇੰਗ ਮਾਂਟਿਸ ਦੌਰਾਨ ਅਮਰੀਕਾ ਨੇ ਈਰਾਨ ਵਿਰੁੱਧ ਵੱਡੀ ਸਮੁੰਦਰੀ ਕਾਰਵਾਈ ਕੀਤੀ ਸੀ।

ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕੀ ਜਲ ਸੈਨਾ ਦੀ ਸਭ ਤੋਂ ਵੱਡੀ ਲੜਾਈ ਮੰਨੀ ਜਾਂਦੀ ਹੈ। ਇਸ ਦੌਰਾਨ ਈਰਾਨ ਦੇ ਦੋ ਤੇਲ ਪਲੇਟਫਾਰਮ ਤਬਾਹ ਕੀਤੇ ਗਏ ਅਤੇ ਉਸ ਦੀ ਜਲ ਸੈਨਾ ਨੂੰ ਭਾਰੀ ਨੁਕਸਾਨ ਪਹੁੰਚਿਆ ਪਰ ਅੱਜ ਦੀ ਸਥਿਤੀ ਪਹਿਲਾਂ ਨਾਲੋਂ ਕਾਫ਼ੀ ਵਧੇਰੇ ਗੰਭੀਰ ਹੈ ਕਿਉਂਕਿ ਹੁਣ ਡਰੋਨ ਟੈਕਨਾਲੋਜੀ, ਸਮੁੰਦਰੀ ਸੁਰੰਗਾਂ ਅਤੇ ਹਾਈਪਰਸੋਨਿਕ ਮਿਜ਼ਾਈਲਾਂ ਨੇ ਯੁੱਧ ਦਾ ਰੂਪ ਬਦਲ ਦਿੱਤਾ ਹੈ।

ਇਸ ਤੋਂ ਇਲਾਵਾ ਹੂਤੀ ਵਿਦਰੋਹੀਆਂ ਵੱਲੋਂ ਲਾਲ ਸਾਗਰ ਵਿਚ ਕੀਤੇ ਜਾ ਰਹੇ ਹਮਲਿਆਂ ਨੇ ਖੇਤਰੀ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ ਅਤੇ ਜਹਾਜ਼ਾਂ ਦੇ ਬੀਮਾ ਖ਼ਰਚਿਆਂ ਵਿਚ ਕਈ ਗੁਣਾ ਵਾਧਾ ਹੋ ਗਿਆ ਹੈ। ਅੱਜ ਦੇ ਬਦਲੇ ਹੋਏ ਹਾਲਾਤ ਵਿਚ ਰੂਸ ਅਤੇ ਚੀਨ ਵਰਗੀਆਂ ਤਾਕਤਾਂ ਦੇ ਹਿੱਤ ਵੀ ਇਸ ਖੇਤਰ ਨਾਲ ਜੁੜੇ ਹੋਏ ਹਨ। ਇਸ ਲਈ ਅਮਰੀਕਾ ਲਈ ਵੀ ਰਸਤਾ ਆਸਾਨ ਨਹੀਂ ਰਹਿ ਗਿਆ। ਇਹ ਜੰਗ ਜਿੰਨੀ ਜਲਦੀ ਰੁਕ ਜਾਵੇ, ਓਨੀ ਹੀ ਦੁਨੀਆ ਲਈ ਚੰਗੀ ਗੱਲ ਹੋਵੇਗੀ, ਨਹੀਂ ਤਾਂ ਇਸ ਦਾ ਖ਼ਮਿਆਜ਼ਾ ਉਨ੍ਹਾਂ ਦੇਸ਼ਾਂ ਨੂੰ ਵੀ ਭੁਗਤਣਾ ਪੈ ਸਕਦਾ ਹੈ ਜਿਨ੍ਹਾਂ ਦਾ ਇਸ ਨਾਲ ਸਿੱਧਾ ਸਬੰਧ ਨਹੀਂ ਹੈ।

# ਕਿਹੋ ਜਿਹੀ ਹੋਣ ਵਾਲੀ ਹੈ ਭਵਿੱਖ ਦੀ ਦੁਨੀਆ ?



ਤੇਜ਼ੀ ਨਾਲ ਬਦਲ ਰਹੀ ਇਹ ਦੁਨੀਆ ਇਸ ਸਮੇਂ ਇਕ ਵੱਡੇ ਮੁਕਾਮ 'ਤੇ ਆ ਖੜ੍ਹੀ ਹੋਈ ਹੈ। ਮਾਨਵ ਜਾਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਕਿ ਇਸ ਸਮੇਂ ਦੁਨੀਆ ਵਿਚ ਜੋ ਬਹੁਤ ਮਹੱਤਵਪੂਰਨ ਹੈ ਇਸ ਵਿਚੋਂ ਬਹੁਤ ਕੁਝ ਅਰਥਹੀਣ ਹੋ ਜਾਵੇਗਾ। ਬੀਤੇ ਦੀ ਬਾਤ ਬਣ ਜਾਵੇਗਾ। ਪਿਛਲੇ ਸਮੇਂ ਬਹੁਤ ਚੀਜ਼ਾਂ ਸਾਡੇ ਦੌਰ ਵਿਚ ਆਈਆਂ ਤੇ ਅਲੋਪ ਹੋ ਗਈਆਂ। ਅੱਜ ਦੇ ਬੱਚਿਆਂ 'ਚੋਂ ਬਹੁਤਿਆਂ ਨੂੰ ਸ਼ਾਇਦ ਇਹ ਪਤਾ ਵੀ ਨਹੀਂ ਹੋਵੇਗਾ ਕਿ ਸੀ. ਡੀ. ਪਲੇਅਰ ਕਿਸ ਤਰ੍ਹਾਂ ਦਾ ਹੁੰਦਾ ਸੀ? ਵੀ. ਸੀ. ਆਰ. ਕੀ ਸੀ? ਪੇਜਰ ਕੀ ਸੀ? ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਇਸ ਦੌਰ ਵਿਚ ਹੁਣ ਇਕ ਦਮ ਬਹੁਤ ਕੁਝ ਤਬਦੀਲ ਹੋਣ ਜਾ ਰਿਹਾ ਹੈ।

ਭਵਿੱਖ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) ਭਾਵ ਮਸਨੂਈ ਸਮਝ ਦੁਨੀਆ ਨੂੰ ਪੂਰੀ ਤਰ੍ਹਾਂ ਬਦਲ ਕਰ ਦੇਵੇਗੀ। ਜ਼ਰਾ ਸੋਚੋ ਕਿ ਮਨੁੱਖ ਦੀ ਥਾਂ ਸੋਚ ਵਿਚਾਰ ਕਰਨ, ਫ਼ੈਸਲੇ ਲੈਣ ਅਤੇ ਉਨ੍ਹਾਂ ਫੈਸਲਿਆਂ 'ਤੇ ਅਮਲ ਕਰਨ ਵਰਗੇ ਕੰਮ ਜੇਕਰ ਮਸ਼ੀਨ ਕਰਨ ਲੱਗ ਪਵੇਗੀ ਤਾਂ ਇਸ ਦੌਰ ਵਿਚ ਮਨੁੱਖ ਦੀ ਹੈਸੀਅਤ ਕੀ ਹੋਵੇਗੀ? ਕਲਾਕਾਰ ਇਕ ਚਿੱਤਰ ਬਣਾਉਂਦਾ ਹੈ, ਕਵੀ ਕਵਿਤਾ, ਗੀਤਕਾਰ ਗੀਤ, ਕਹਾਣੀਕਾਰ ਕਹਾਣੀ ਲਿਖਦਾ ਹੈ। ਇਸੇ ਤਰ੍ਹਾਂ ਫ਼ਿਲਮ ਲੇਖਕ ਫ਼ਿਲਮਾਂ ਦੀ ਕਹਾਣੀ ਤੇ ਡਾਇਲਾਗ ਲਿਖਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕੁਝ 'ਏ ਆਈ' ਕਰਨ ਲੱਗ ਜਾਵੇਗੀ। ਇਸ ਤੋਂ ਵੀ ਅਗਾਂਹ ਫ਼ਿਲਮਾਂ ਵਿਚ ਵਿਖਾਏ ਜਾਣ ਵਾਲੇ ਦ੍ਰਿਸ਼, ਨਾਇਕ, ਨਾਇਕਾਵਾਂ ਤੇ ਖ਼ਲਨਾਇਕ ਇਹ ਸਭ ਕੁਝ ਆਰਟੀਫੀਸ਼ਲ ਹੋਵੇਗਾ ਅਤੇ ਇਹ ਸਭ ਕੁਝ ਹਕੀਕਤ ਵਰਗਾ ਹੀ ਹੋਵੇਗਾ। ਇਕ ਨਵੀਂ ਫ਼ਿਲਮ ਬਣਾਉਣ ਲਈ ਤੁਸੀਂ ਮਨਪਸੰਦ ਚਾਰ ਫ਼ਿਲਮਾਂ ਬਾਰੇ ਆਰਟੀਫੀਸ਼ਅਲ ਇੰਟੈਲੀਜੈਂਸ ਨੂੰ ਦੱਸਦੇ ਹੋ ਤਾਂ ਉਹ ਤੁਹਾਨੂੰ ਕੁਝ ਹੀ ਸਮੇਂ ਬਾਅਦ ਪੰਜਵੀਂ ਫ਼ਿਲਮ ਤਿਆਰ ਕਰ ਦੇਵੇਗਾ। ਇਸੇ ਤਰ੍ਹਾਂ ਤੁਸੀਂ ਘਰ, ਦਫਤਰ, ਲਾਅਨ ਦਾ ਡਿਜ਼ਾਈਨ ਕਰਨਾ ਚਾਹੁੰਦੇ ਹੋ ਤਾਂ ਕਈ ਤਰ੍ਹਾਂ ਦੇ ਡਿਜ਼ਾਈਨ ਤੁਹਾਡੇ ਸਾਹਮਣੇ ਪਈ ਸਕਰੀਨ 'ਤੇ ਖੁੱਲ੍ਹ ਜਾਣਗੇ ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਗੱਡੀਆਂ ਡਰਾਈਵਰ-ਰਹਿਤ ਹੋਣਗੀਆਂ ਤੇ ਆਰਟੀਫੀਸ਼ਅਲ ਇੰਟੈਲੀਜੈਂਸ ਰਾਹੀਂ ਚੱਲਣ ਲੱਗਣਗੀਆਂ। ਪੂਰੀ ਦੁਨੀਆ ਵਿਚ ਦਫ਼ਤਰਾਂ ਵਿਚ ਕੰਮ ਕਰਦੇ ਕਰਮਚਾਰੀਆਂ ਮੁਲਾਜ਼ਮਾਂ ਦੀ ਛਾਂਟੀ ਹੋਣ ਲੱਗੇਗੀ। ਸਭ ਤਰ੍ਹਾਂ ਦੇ ਦਫ਼ਤਰਾਂ ਦੇ ਕੰਮ ਏ ਆਈ ਮਸ਼ੀਨਾਂ ਸਾਂਭ ਲੈਣਗੀਆਂ। ਚਿੱਤਰਕਾਰ, ਫੋਟੋਗ੍ਰਾਫ਼ੀ, ਕਲਾਕਾਰ, ਐਕਟਰ, ਲੇਖਕ, ਡਿਜ਼ਾਇਨਰ, ਮਾਡਲ ਆਦਿ ਦੇ ਕਰਨ ਵਾਲੇ ਕਲਾਤਮਿਕ ਕੰਮ ਮਸਨੂਈ ਬੁੱਧੀ ਨਾਲ ਹੋਣ ਲੱਗਣਗੇ। 'ਏ ਆਈ' ਤਕਨੀਕ ਕਿਸੇ ਪੁਰਾਣੀ ਤੋਂ ਪੁਰਾਣੀ ਤਸਵੀਰ ਨੂੰ ਵੀਡੀਓ ਵਿਚ ਤਬਦੀਲ ਕਰ ਸਕਦੀ ਹੈ। ਅੰਦਾਜ਼ਾ ਲਾਓ ਭਵਿੱਖ ਦੀ ਦੁਨੀਆ ਕਿਹੋ ਜਿਹੀ ਹੋਣ ਵਾਲੀ ਹੈ। ਦੁਨੀਆ 'ਤੇ ਸਰਦਾਰੀ ਕਰਨ ਵਾਲੀਆਂ ਸਾਫਟਵੇਅਰ ਬਣਾਉਣ ਵਾਲੀਆਂ ਕੰਪਨੀਆਂ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਇਸ ਸਭ ਕੁਝ ਨੂੰ ਇਕ ਦਿਨ ਏ.ਆਈ. ਨਾਂਅ ਦਾ ਇਕੋ ਸਾਫਟਵੇਅਰ ਨਿਗਲ ਲਵੇਗਾ। 'ਏ. ਆਈ.' ਅਜਿਹੀ ਆਧੁਨਿਕ ਤਕਨੀਕ ਹੈ ਜਿਸ ਤੋਂ ਤਕਨੀਕੀ ਦੁਨੀਆ ਦੇ ਮਾਹਿਰ ਵੀ ਡਰਨ ਲੱਗ ਪਏ ਹਨ। ਇਸ ਤਕਨੀਕ ਨਾਲ ਖੇਤੀਬਾੜੀ ਵਿਚ ਇਕ ਅਜਿਹਾ ਇਨਕਲਾਬ ਆਵੇਗਾ ਜਿਸ ਦਾ ਅਸੀਂ ਕਦੇ ਕਿਆਸ ਤੱਕ ਵੀ ਨਹੀਂ ਕੀਤਾ। ਭਵਿੱਖ ਵਿਚ ਏ.ਆਈ. ਮਸ਼ੀਨਾਂ ਸਾਨੂੰ ਦੱਸਣਗੀਆਂ ਕਿ ਤੁਹਾਡੇ ਵਲੋਂ ਬੀਜੀ ਜਾ ਰਹੀ ਫ਼ਸਲ ਦਾ ਹੁਣ ਤੱਕ ਬਾਜ਼ਾਰ ਵਿਚ ਕਿੰਨਾ ਬੀਜ ਵਿਕਿਆ ਹੈ ਅਤੇ ਇਹ ਕਿਸ ਦੇਸ਼ ਵਿਚ ਕਿੰਨੀ ਮਿਕਦਾਰ ਵਿਚ ਬੀਜੀ ਜਾ ਰਹੀ ਹੈ। ਇਸ ਫ਼ਸਲ ਲਈ ਮੌਸਮ ਕਿਸ ਤਰ੍ਹਾਂ ਦਾ ਰਹਿਣ ਵਾਲਾ ਹੈ। ਇਸ ਦਾ ਬਾਜ਼ਾਰ ਵਿਚ ਮੁੱਲ ਕੀ ਪਵੇਗਾ? ਕਾਫੀ ਹੱਦ ਤੱਕ ਫ਼ਸਲਾਂ ਲਈ ਵਰਤੇ ਜਾਂਦੇ ਕੀਟ ਨਾਸ਼ਕਾਂ ਦੀ ਵਰਤੋਂ ਘੱਟ ਹੋਵੇਗੀ। ਫ਼ਸਲ 'ਤੇ ਕਿਸੇ ਕੀੜੇ ਦੇ ਹਮਲੇ ਦਾ ਤੁਰੰਤ ਪਤਾ ਲੱਗੇਗਾ ਅਤੇ ਜਿੱਥੇ ਕਿਤੇ ਜਿਸ ਵੀ ਬੂਟੇ ਵਿਚ ਬਿਮਾਰੀ ਦੀ ਲਾਗ ਹੋਵੇਗੀ, ਉੱਥੇ ਉਸ ਜਗ ?ਹਾ 'ਤੇ ਹੀ ਉਸ ਦਾ ਤੁਰੰਤ ਇਲਾਜ ਕੀਤਾ ਜਾ ਸਕੇਗਾ।



ਪੂਰੀ ਜ਼ਮੀਨ ਵਿਚ ਕੀਟ ਨਾਸ਼ਕ ਦਵਾਈ ਦੀ ਵਰਤੋਂ ਕਰਨ ਦੀ ਲੋੜ ਤਾਂ ਦੂਰ, ਕਿਸੇ ਇਕ ਪੂਰੇ ਪੌਦੇ ਨੂੰ ਵੀ ਕੀਟਨਾਸ਼ਕ ਦੇਣ ਦੀ ਲੋੜ ਨਹੀਂ ਰਹੇਗੀ। ਜ਼ਮੀਨ ਵਿਚ ਕਿੱਥੇ ਕਿਸ ਤੱਤ ਦੀ ਘਾਟ ਹੈ, ਇਸ ਸੰਬੰਧੀ ਏ. ਆਈ. ਦੀਆਂ ਜਾਣਕਾਰੀਆਂ ਫ਼ਸਲਾਂ ਲਈ ਲਾਹੇਵੰਦ ਸਾਬਤ ਹੋਣਗੀਆਂ। ਏ. ਆਈ. ਮਸ਼ੀਨਾਂ ਕੇਵਲ ਪੱਕੇ ਫਲਾਂ ਦੀ ਤੁੜਾਈ-ਪੁਟਾਈ ਕਰਨਗੀਆਂ ਅਤੇ ਇਸ ਤਰ੍ਹਾਂ ਫ਼ਸਲਾਂ ਖਾਸ ਕਰਕੇ ਫਲਾਂ ਦੇ ਝਾੜ ਵਿਚ ਸੁਧਾਰ ਤੇ ਵਾਧਾ ਹੋਣਾ ਸ਼ੁਰੂ ਹੋ ਜਾਵੇਗਾ। ਭਵਿੱਖ ਵਿਚ ਖੇਤੀਬਾੜੀ ਦੇ ਕੰਮ ਵਿਚ ਇਕ ਵੱਡੀ ਅਲੌਕਿਕ ਤਬਦੀਲੀ ਵਾਪਰਨ ਜਾ ਰਹੀ ਹੈ। ਦੁਨੀਆ ਵਿਚ ਭੁੱਖਮਰੀ ਅਤੇ ਕੁਪੋਸ਼ਣ ਘੱਟ ਹੋਵੇਗਾ ਪਰ ਯਾਦ ਰੱਖਣਾ ਇਹ ਕੇਵਲ ਅੰਦਾਜ਼ਾ ਹੈ। ਸਚਾਈ ਇਸ ਤੋਂ ਵੱਖਰੀ ਵੀ ਹੋ ਸਕਦੀ ਹੈ। ਦਵਾਈਆਂ ਦੇ ਮਾਲੀਕਿਊਲ ਬਣਾਉਣ ਵਿਚ ਮਦਦ ਮਿਲੇਗੀ। ਬਿਮਾਰੀਆਂ ਨੂੰ ਸਮਝਣ ਵਿਚ ਵੱਡਾ ਇਨਕਲਾਬ ਆਵੇਗਾ ਅਤੇ ਬਿਮਾਰਾਂ ਦੀ ਸਾਂਭ ਸੰਭਾਲ ਕਰਨ ਵਿਚ ਵੀ ਏ. ਆਈ. ਵੱਡੀ ਮਦਦਗਾਰ ਸਾਬਿਤ ਹੋਵੇਗੀ। ਜਿਵੇਂ ਖਦਸ਼ਾ ਪਰਗਟ ਕੀਤਾ ਜਾ ਰਿਹਾ ਹੈ ਏ. ਆਈ. ਬਹੁਤ ਸਾਰੀਆਂ ਨੌਕਰੀਆਂ ਨੂੰ ਖ਼ਤਮ ਕਰ ਦੇਵੇਗੀ ਤਾਂ ਕੁਝ ਲੋਕਾਂ ਨੂੰ ਇਹ ਵਿਸ਼ਵਾਸ ਹੈ ਨਵੀਂ ਤਕਨਾਲੋਜੀ ਦੇ ਆਉਣ ਨਾਲ ਨੌਕਰੀਆਂ ਘਟਦੀਆਂ ਨਹੀਂ ਬਲਕਿ ਵਧਦੀਆਂ ਹਨ। ਜਿਵੇਂ ਕੰਪਿਊਟਰ ਦੇ ਆਉਣ ਨਾਲ ਸੋਚਿਆ ਜਾ ਰਿਹਾ ਸੀ ਕਿ ਦਫਤਰਾਂ ਦੇ ਕੰਮ ਜਦੋਂ ਕੰਪਿਊਟਰ ਕਰਨ ਲੱਗਣਗੇ ਤਾਂ ਬੰਦਿਆਂ ਦੀ ਲੋੜ ਨਹੀਂ ਰਹੇਗੀ। ਇਸ ਲਈ ਕੰਪਿਊਟਰ ਦਾ ਵਿਰੋਧ ਵੀ ਹੋਇਆ ਪਰ ਕੰਪਿਊਟਰ ਦੇ ਆਉਣ ਨਾਲ ਰੁਜ਼ਗਾਰ ਵਿਚ ਵੱਖਰੀਆਂ ਤੇ ਵੱਡੀਆਂ ਸੰਭਾਵਨਾਵਾਂ ਪੈਦਾ ਹੋਈਆਂ। ਇਸ ਲਈ ਕੁਝ ਲੋਕਾਂ ਦਾ ਖਿਆਲ ਹੈ ਕਿ ਨਵੀਂ ਤਕਨੀਕ ਆਉਣ ਨਾਲ ਰੁਜ਼ਗਾਰ ਦੇ ਬੂਹੇ ਹੋਰ ਮੋਕਲੇ ਹੋਣਗੇ। ਇੱਥੇ ਸਾਨੂੰ ਥੋੜ੍ਹਾ ਜਿਹਾ ਸੋਚ ਵਿਚਾਰ ਕਰਨ ਦੀ ਲੋੜ ਹੈ। ਹੁਣ ਤੱਕ ਜੋ ਵੀ ਤਕਨੀਕੀ ਵਿਕਾਸ ਹੁੰਦਾ ਆਇਆ ਹੈ। ਉਹ ਵਸਤਾਂ ਦਾ ਵਿਕਾਸ ਸੀ। ਨਵੀਆਂ ਵਸਤਾਂ, ਨਵੇਂ ਸਾਧਨ, ਨਵੇ ਸਾਫਟਵੇਅਰ ਆਦਿ ਬਣਦੇ ਆਏ ਹਨ ਜਿਨ੍ਹਾਂ ਨੂੰ ਮਨੁੱਖ ਪੈਦਾ ਕਰਦੇ ਤੇ ਮਨੁੱਖ ਆਪਣੇ ਹੱਥਾਂ ਨਾਲ ਇਨ੍ਹਾਂ ਨੂੰ

**ਗੁਰਚਰਨ ਸਿੰਘ ਨੂਰਪੁਰ**

ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਵਰਤਦਾ ਆਇਆ ਹੈ ਅਤੇ ਵਰਤ ਰਿਹਾ ਹੈ। ਪਰ ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਤੋਂ ਬਿਲਕੁਲ ਵੱਖਰੀ ਚੀਜ਼ ਹੈ। ਇਹ ਅਜਿਹੀ 'ਬਨਾਉਟੀ ਸਮਝ' ਹੈ ਜੋ ਹਰ ਪਲ ਵਧ ਰਹੀ ਹੈ। ਹਰ ਪਲ ਹੋਰ ਬੁਲੰਦ ਹੁੰਦੀ ਜਾਵੇਗੀ। ਮਾਨਵਜਾਤ ਦੇ ਇਤਿਹਾਸ ਵਿਚ ਇਹ ਪਹਿਲੀਵਾਰ ਹੋਣ ਲੱਗਾ ਹੈ ਮਨੁੱਖ ਦੀ ਵਰਤੋਂ ਲਈ ਇਕ ਵਿਸ਼ਾਲ ਦਿਮਾਗ ਉਸ ਦੇ ਸਾਹਮਣੇ ਹੋਵੇਗਾ ਜਿਸ ਵਿਚ ਲੱਖਾਂ ਦਿਮਾਗਾਂ ਜਿੰਨੀ ਸਮਝ ਹੋਵੇਗੀ ਅਤੇ ਇਹ ਸਮਝ ਮਨੁੱਖੀ ਬੁੱਧੀ ਤੋਂ ਕਿਤੇ ਵੱਧ ਤੇਜ਼ੀ ਨਾਲ ਵਿਕਸਤ ਹੁੰਦੀ ਜਾਵੇਗੀ। ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਤੋਂ ਹੀ ਸਿੱਖ ਕੇ ਹਰ ਪਲ ਆਪਣੀ ਸਮਝ ਵਧਾ ਰਿਹਾ ਹੈ ਅਤੇ ਮਨੁੱਖ ਨੇ ਜੋ ਕੰਮ ਕੁਝ ਮਹੀਨਿਆਂ, ਦਿਨਾਂ ਜਾਂ ਘੰਟਿਆ ਵਿਚ ਕਰਨਾ ਹੁੰਦਾ ਹੈ, ਇਹ ਉਸ ਕੰਮ ਨੂੰ ਪਲਾਂ ਵਿਚ ਕਰਨ ਦੇ ਸਮਰੱਥ ਹੋਵੇਗਾ। ਕਿੰਨੀ ਵਚਿੱਤਰ ਹੋਵੇਗੀ ਭਵਿੱਖ ਦੀ ਦੁਨੀਆ ਜ਼ਰਾ ਕਿਆਸ ਕਰੋ।

ਬੇਸ਼ੱਕ ਏ. ਆਈ. ਨਾਲ ਮਨੁੱਖ ਦੇ ਜ਼ਿਹਨੀ ਤੇ ਸਰੀਰਕ ਕੰਮ ਘਟ ਜਾਣਗੇ, ਰੁਜ਼ਗਾਰ ਨੌਕਰੀਆਂ ਘਟ ਜਾਣਗੀਆਂ ਪਰ ਇਹ ਆਮ ਲੋਕਾਂ ਅਤੇ ਖਾਸ ਕਰਕੇ ਗਰੀਬ ਦੇਸ਼ਾਂ ਦੇ ਬਾਸ਼ਿੰਦਿਆਂ ਲਈ ਇਹ ਸਥਿਤੀ ਬੇਹੱਦ ਭਿਆਨਕ ਹੋ ਸਕਦੀ ਹੈ। ਏ. ਆਈ. ਦੇ ਦੌਰ ਤੋਂ ਪਹਿਲਾਂ ਹੀ ਦੁਨੀਆ ਅਜਿਹੇ ਦੌਰ ਵਿਚੋਂ ਗੁਜ਼ਰ ਰਹੀ ਹੈ ਜਿੱਥੇ ਆਮ ਬੰਦੇ ਦੇ ਰੁਜ਼ਗਾਰ ਵੱਲ ਸਰਕਾਰਾਂ ਦਾ ਬਿਲਕੁਲ ਹੀ ਧਿਆਨ ਨਹੀਂ ਤੇ ਨੌਕਰੀਆਂ ਦੇ ਮੌਕੇ ਘਟ ਰਹੇ ਹਨ। ਸਰਕਾਰਾਂ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ ਕਿ ਵੱਡੀ ਗਿਣਤੀ 'ਚ ਲੋਕਾਂ ਨੇ ਆਪਣੇ ਆਪ ਨੂੰ ਆਟੇ ਦਾਲ ਵਰਗੀਆਂ ਖ਼ੈਰਾਤਾਂ ਲਈ ਸਮਰਪਿਤ ਕਰ ਦਿੱਤਾ ਹੈ। ਹੁਣ ਤੱਕ ਹਰ ਨਵੀਂ ਤਕਨੀਕ ਦਾ ਸਭ ਤੋਂ ਵੱਧ ਫਾਇਦਾ ਸਰਮਾਏਦਾਰ ਲੈਂਦੇ ਰਹੇ ਹਨ। ਅਜਿਹੀ ਸਥਿਤੀ ਵਿਚ ਜਦੋਂ ਏ ਆਈ ਦਾ ਪ੍ਰਵੇਸ਼ ਹੋਣ ਜਾ ਰਿਹਾ ਹੈ ਤਾਂ ਆਮ ਬੰਦੇ ਲਈ ਇਹ ਸਥਿਤੀ ਹੋਰ ਭਿਆਨਕ ਹੋ ਜਾਵੇਗੀ। ਨੌਕਰੀਆਂ, ਰੁਜ਼ਗਾਰ ਹੋਰ ਵੀ ਘੱਟ ਹੋਣਗੇ। ਵਿਹਲਾ ਮਨ ਸ਼ੈਤਾਨ ਦਾ ਘਰ ਅਖਾਣ ਵਾਂਗ ਸਮਾਜ ਵਿਚ ਬੁਰਾਈਆਂ ਫੈਲਣ ਦਾ ਖ਼ਤਰਾ ਹੋਰ ਵਧ ਜਾਵੇਗਾ। ਦੂਜੇ ਪਾਸੇ ਏ.ਆਈ. ਦੀ ਸਮਝ ਇੰਨੀ ਵਿਸਥਾਰ ਲੈ ਲਵੇਗੀ ਕਿ ਉਸ ਕੋਲ ਲੱਖਾਂ ਕਰੋੜਾਂ ਬੰਦਿਆਂ ਦੀਆਂ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਹੋਣਗੀਆਂ ਕਿਸੇ ਦੀ ਕੈਮਰੇ ਵਿਚ ਤਸਵੀਰ ਵੇਖ ਕੇ ਉਸ ਨੂੰ ਝੱਟ ਲੱਭਿਆ ਜਾ ਸਕੇਗਾ। ਹੋ ਸਕਦਾ ਹੈ ਇਸ ਨਾਲ ਮਨੁੱਖ ਕੁਝ ਹੋਰ ਚੰਗਾ ਸਿਰਜਣ ਦੇ ਸਮਰੱਥ ਵੀ ਹੋ ਜਾਵੇ। ਇਹ ਵੀ ਹੋ ਸਕਦਾ ਹੈ ਕਿ ਮਨੁੱਖ ਹਰ ਤਰ੍ਹਾਂ ਦੇ ਜੁਰਮਾਂ ਨੂੰ ਰੋਕੇ ਜਾਣ ਲਈ ਨਵੀਆਂ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਨ ਲੱਗੇ।

ਏ.ਆਈ. ਨੂੰ ਬਣਾਉਣ ਵਾਲੇ 75 ਸਾਲਾ ਜਿਓਫਰੀ ਹਿੰਟਨ ਇਸ ਦੇ ਨਤੀਜਿਆਂ ਨੂੰ ਸਮਝਦਿਆਂ ਖ਼ੁਦ ਡਰੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਮੈਂ ਇਸ ਨੂੰ ਨਾ ਬਣਾਉਂਦਾ ਤਾਂ ਹੋ ਸਕਦਾ ਹੈ ਕੋਈ ਹੋਰ ਇਸ ਨੂੰ ਬਣਾ ਦਿੰਦਾ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਤੋਂ ਸਿੱਖ ਕੇ ਮਨੁੱਖ 'ਤੇ ਹੀ ਹਾਵੀ ਹੋ ਜਾਣ ਦੇ ਏ. ਆਈ. ਦੇ ਖ਼ਤਰੇ ਨੂੰ ਨਕਾਰਿਆ ਨਹੀਂ ਜਾ ਸਕਦਾ। ਜਿਓਫਰੀ ਹਿੰਟਨ ਨੇ ਨਿਊਯਾਰਕ ਟਾਈਮਜ਼ ਨੂੰ ਦਿੱਤੀ ਇਕ ਇੰਟਰਵਿਊ ਵਿਚ ਮੰਨਿਆ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ 'ਏ. ਆਈ. 1000 ਬੰਦੇ ਤੋਂ ਵੱਧ ਜਾਣਦਾ ਹੈ ਅਤੇ ਇਹਦੀ ਇਹ ਜਾਣਕਾਰੀ ਹਰ ਪਲ ਵਧਦੀ ਹੀ ਜਾਵੇਗੀ।' ਇਹ ਸੱਚ ਹੈ ਕਿ ਏ. ਆਈ. ਨਾਲ ਬਹੁਤ ਸਾਰੇ ਖ਼ਤਰੇ ਜੁੜੇ ਹੋਏ ਹਨ ਅਤੇ ਇਨ੍ਹਾਂ ਖਤਰਿਆਂ ਨੂੰ ਦੁਨੀਆ ਭਰ ਦੇ ਸੋਚਵਾਨ ਮਨੁੱਖ ਭਾਂਪ ਵੀ ਰਹੇ ਹਨ। ਇਹ ਵੀ ਹੋ ਸਕਦਾ ਹੈ ਭਵਿੱਖ ਵਿਚ ਏ. ਆਈ. ਰਾਹੀਂ ਗ਼ਲਤ ਸੂਚਨਾਵਾਂ ਦਾ ਹੜ੍ਹ ਆ ਜਾਵੇ ਅਤੇ ਸਾਨੂੰ ਇਹ ਸਮਝਣ ਵਿਚ ਬੜੀ ਵੱਡੀ ਦਿੱਕਤ ਹੋਵੇਗੀ ਕਿ ਸੱਚ ਕੀ ਹੈ ਅਤੇ ਝੂਠ ਕੀ ਹੈ? ਇਹ ਵੀ ਸੰਭਵ ਹੈ ਕਿ ਏ. ਆਈ. ਦਾ ਕੰਟਰੋਲ ਗ਼ਲਤ ਹੱਥਾਂ ਵਿਚ ਚਲਾ ਜਾਵੇ ਤੇ ਇਹ ਇਕ ਦਿਨ ਮਨੁੱਖਾਂ 'ਤੇ ਭਾਰੂ ਹੋ ਕੇ ਮਨੁੱਖੀ ਸੱਭਿਅਤਾ ਲਈ ਹੀ ਖ਼ਤਰਾ ਬਣ ਜਾਵੇ। ਦੁਨੀਆ ਦੇ ਵੱਡੇ ਕਾਰੋਬਾਰੀ ਐਲਨ ਮਸਕ ਦਾ ਕਹਿਣਾ ਹੈ ਕਿ 'ਇਸ ਸਮੇਂ ਮਨੁੱਖੀ ਸੱਭਿਅਤਾ ਨੂੰ ਸਭ ਤੋਂ ਵੱਧ ਖ਼ਤਰਾ 'ਏ. ਆਈ.' ਤੋਂ ਹੈ।' ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਮੰਨਣਾ ਹੈ ਕਿ 'ਏ. ਆਈ. ਵਿਚ ਸੰਭਾਵਨਾਵਾਂ ਅਤੇ ਖ਼ਤਰੇ ਦੋਵੇਂ ਹਨ।' ਏ. ਆਈ. ਦੁਨੀਆ ਨੂੰ ਕਿਸ ਕਦਰ ਬਦਲ ਦੇਵੇਗੀ ਇਸ ਦਾ ਸਹੀ ਸਹੀ ਅੰਦਾਜ਼ਾ ਕਿਸੇ ਕੋਲ ਹੋਣਾ ਤਾਂ ਦੂਰ, ਇਹਨੂੰ ਈਜਾਦ ਕਰਨ ਵਾਲਿਆਂ ਕੋਲ ਵੀ ਨਹੀਂ ਪਰ ਇਹ ਕਿਆਸ ਜ਼ਰੂਰ ਹੈ ਕਿ ਸਾਡੀ ਦੁਨੀਆ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਨੇ ਇਕ ਬਿਲਕੁਲ ਵੱਖਰੇ ਦੌਰ ਵਿਚ ਪ੍ਰਵੇਸ਼ ਕਰ ਜਾਣਾ ਹੈ।

ਸਾਡੀ ਸਿੱਖਿਆ ਪ੍ਰਣਾਲੀ ਇਸ ਸਮੇਂ ਵੀ ਸਮੇਂ ਦੇ ਹਾਣ ਦੀ ਨਹੀਂ ਹੈ। ਇਸ ਵਿਚ ਬਹੁਤ ਸਾਰੀਆਂ ਤਰੁੱਟੀਆਂ ਹਨ। ਭਵਿੱਖ ਵਿਚ ਸਿੱਖਿਆ ਜਗਤ ਵਿਚ ਵੱਡੀਆਂ ਤਬਦੀਲੀਆਂ ਵਾਪਰਨਗੀਆਂ। ਮਨੁੱਖ ਦੀ ਸਾਲਾਂ ਦੀ ਸਿੱਖਿਆ ਅਰਥਹੀਣ ਹੋ ਕੇ ਰਹਿ ਜਾਵੇਗੀ। ਮਨੁੱਖ ਦੇ ਸਿੱਖਣ, ਸਮਝਣ, ਫ਼ੈਸਲੇ ਲੈਣ ਅਤੇ ਵਿਹਾਰ ਕਰਨ ਦੇ ਢੰਗ ਨੂੰ ਨਵੀਂ ਤਕਨੀਕ ਬਿਲਕੁਲ ਹੀ ਬਦਲ ਦੇਵੇਗੀ। ਅਜਿਹੀ ਸਥਿਤੀ ਹੋਵੇਗੀ ਜੋ ਕੁਝ ਅਸੀਂ ਪੰਜ ਸਾਲ ਲਾ ਕੇ ਸਿੱਖਦੇ ਹਾਂ, ਉਹ ਕੰਮ ਏ. ਆਈ. ਮਸ਼ੀਨਾਂ ਮਿੰਟਾਂ ਸਕਿੰਟਾਂ ਵਿਚ ਕਰਨ ਦੇ ਸਮਰੱਥ ਹੋਣਗੀਆਂ। ਫਿਲਹਾਲ ਬੋਤਲ 'ਚੋਂ ਨਿਕਲੇ 'ਏ. ਆਈ.' ਦੇ ਜਿੰਨ ਨੂੰ ਹੁਣ ਮੁੜ ਬੋਤਲ ਵਿਚ ਪਾਇਆ ਜਾਣਾ ਅਸੰਭਵ ਹੈ ਪਰ ਅਜੇ ਸ਼ਾਇਦ ਵੇਲਾ ਹੈ ਕਿ ਇਸ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਜਾਣ। ਦੁਨੀਆ ਭਰ ਦੀਆਂ ਸਰਕਾਰਾਂ ਨੂੰ ਮਨੁੱਖੀ ਸੱਭਿਅਤਾ ਦੇ ਭਲੇ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਕਰਨਾ ਸਮੇਂ ਦੀ ਮੰਗ ਹੈ।



# ਇਰਾਨ ਬਨਾਮ ਅਮਰੀਕਾ ਤੇ ਇਜ਼ਰਾਈਲ

**ਡਾ. ਸੁਰਿੰਦਰ ਮੰਡ**



ਜੂਨ 2025 ਤੋਂ ਬਾਅਦ ਦੂਜੀ ਵਾਰ ਮੁੜ ਇਜ਼ਰਾਈਲ ਤੇ ਅਮਰੀਕਾ ਨੇ ਇਰਾਨ ਨੂੰ ਗੱਲਬਾਤ ਦੇ ਭੁਲਾਵੇ ਵਿੱਚ ਲਿਆ ਕੇ 28 ਫਰਵਰੀ ਨੂੰ ਮਾਰੂ ਹਮਲਾ ਕਰਕੇ ਸਰਵਉੱਚ ਲੀਡਰ ਖਮੇਨੇਈ, ਰੱਖਿਆ ਮੰਤਰੀ, ਫੌਜ ਮੁਖੀ, ਖਮੇਨੇਈ ਦੀ ਪਤਨੀ, ਧੀ-ਜਵਾਈ, ਪੋਤਾ, ਦੋਹਤੀ ਤੇ ਅਨੇਕਾਂ ਹੋਰ ਵੱਡੇ ਅਫ਼ਸਰ ਮਾਰ ਦਿੱਤੇ ਹਨ।

ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਬੰਦੀ ਬਣਾ ਲੈਣ ਮਗਰੋਂ ਅਜਿਹਾ ਕਰਨ ਲਈ ਟਰੰਪ ਦਾ ਹੌਸਲਾ ਹੋਰ ਵਧ ਗਿਆ। ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਰਾਨ ਦੇ ਲੋਕਾਂ ਨੂੰ ਸਿੱਧੀਆਂ ਅਪੀਲਾਂ ਵੀ ਕੀਤੀਆਂ ਕਿ ਸਰਕਾਰ ਉੱਤੇ ਕਬਜ਼ਾ ਕਰ ਲਓ, ਅਸੀਂ ਆ ਰਹੇ ਆਂ। ਪੰਜਤਾਲੀ ਸਾਲਾਂ ਤੋਂ ਅਮਰੀਕੀ ਸਖ਼ਤ ਪਾਬੰਦੀਆਂ ਨੇ ਖ਼ੁਦ ਪਹਿਲਾਂ ਇਰਾਨ ਨੂੰ ਆਰਥਿਕ ਸੰਕਟ ਵਿੱਚ ਧੱਕਿਆ। ਭਾਰਤ ਨੂੰ ਵੀ ਇਰਾਨ ਤੋਂ ਤੇਲ ਖਰੀਦਣ ਤੋਂ ਵਰਜਿਆ ਤੇ ਫਿਰ ਅਮਰੀਕਾ ਤੇ ਇਜ਼ਰਾਈਲ ਨੇ ਲੋਕਾਂ ਵਿੱਚ ਪ੍ਰਚਾਰਿਆ ਕਿ ਇਸ ਆਰਥਿਕ ਸੰਕਟ ਲਈ ਇਰਾਨ ਦੀ ਸਰਕਾਰ ਤੇ ਲੀਡਰਸ਼ਿਪ ਦੋਸ਼ੀ ਹੈ। ਏਜੰਸੀਆਂ ਰਾਹੀਂ ਮੁਜ਼ਾਹਰੇ ਸ਼ੁਰੂ ਕਰਵਾਏ। ਜਦ ਅਮਰੀਕਾ ਤੇ ਇਜ਼ਰਾਈਲ ਨੇ ਜੂਨ 2025 ਵਿੱਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਇਰਾਨ ਉੱਤੇ ਹਮਲਾ ਕਰਕੇ ਉਸ ਦਾ ਪ੍ਰਮਾਣੂ ਬੰਬ ਬਣਾਉਣ ਦਾ ਸੁਫਨਾ ਤੋੜ ਦਿੱਤਾ ਹੈ ਤਾਂ ਹੁਣ ਇਹ ਦਾਅਵਾ ਕਿਸ ਆਧਾਰ ’ਤੇ ਕੀਤਾ ਜਾ ਰਿਹਾ ਹੈ ਕਿ ਇਰਾਨ ਨੇ ਦਸ ਦਿਨਾਂ ਵਿੱਚ ਪ੍ਰਮਾਣੂ ਬੰਬ ਬਣਾ ਲੈਣਾ ਸੀ ਤੇ ਇਸੇ ਕਰਕੇ ਇਹ ਹਮਲਾ ਕੀਤਾ ਗਿਆ ਹੈ। ਪਹਿਲਾਂ ਖਮੇਨੇਈ ਦੇ ਵੱਕਾਰ ਨੂੰ ਢਾਹ ਲਾਉਣ ਲਈ ਪ੍ਰਚਾਰਿਆ ਕਿ ਉਹ ਡਰ ਦਾ ਮਾਰਿਆ ਬੰਕਰਾਂ ਵਿੱਚ ਲੁਕ ਗਿਆ ਹੈ। ਪਰ ਖਮੇਨੇਈ ਨੇ ਐਲਾਨ ਕੀਤਾ ਸੀ ਕਿ ਜਦੋਂ 9 ਕਰੋੜ ਇਰਾਨੀ ਨਾਗਰਿਕ ਬੰਕਰਾਂ ਵਿੱਚ ਨਹੀਂ ਹਨ ਤਾਂ ਉਹ ਵੀ ਕਿਤੇ ਨਹੀਂ ਲੁਕੇਗਾ। ਖਮੇਨੇਈ ਨੇ ਮੌਤ ਨੂੰ ਗਲ ? ਲਾ ਕੇ ਸ਼ਹੀਦ ਦਾ ਰੁਤਬਾ ਹਾਸਲ ਕਰ ਲਿਆ ਤੇ ਉਸ ਦੀ ਮੌਤ ਨੇ ਮੁਲਕ ਵਿੱਚ ਨਵੀਂ ਰੂਹ ਫੂਕ ਦਿੱਤੀ। ਕੁਰਬਾਨੀ ਕਮੀਆਂ ਨੂੰ ਵੀ ਕੱਜ ਲੈਂਦੀ ਹੈ। ਉਸ ਦੇ ਸ਼ਾਸਨ ਦੀਆਂ ਕਮੀਆਂ ਨੂੰ ਵੀ ਭੁੱਲ ਕੇ ਮੁਲਕ ਆਪਣੇ ਦਲੇਰ ਆਗੂਆਂ ਪਿੱਛੇ ਇਕਜੁੱਟ ਹੋ ਗਿਆ ਹੈ। ਲੀਡਰਸ਼ਿਪ ਤੇ ਫ਼ੌਜ ਘਬਰਾਈ ਨਹੀਂ, ਸਗੋਂ ਡਟ ਗਈ ਹੈ। ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਵਾਲੇ ਬਹਾਦਰ ਇਰਾਨੀ ਲੋਕ, ਤਿੰਨ-ਚਾਰ ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉੱਤੇ ਆ ਕੇ ਜਬਰੀ ਕਾਬਜ਼ ਹੋਏ ਉਨ੍ਹਾਂ ਯੂਰੋਪੀ ਧਾੜਵੀਆਂ ਸਾਹਮਣੇ ਡਟ ਗਏ ਹਨ, ਜੋ ਅੱਜ-ਕੱਲ੍ਹ ਅਮਰੀਕੀ ਸਦਾਉਂਦੇ ਹਨ।

ਟਰੰਪ ਸਭ ਹੱਦਾਂ ਛੇਤੀ ਲੰਘਣ ’ਤੇ ਉਤਾਰੂ ਹੈ। ਪਹਿਲਾਂ ਉਸ ਨੇ ਭਾਰਤ ਸਮੇਤ ਸਾਰੀ ਦੁਨੀਆ ਉੱਤੇ ਟੈਰਿਫ਼ ਵਾਰ ਕੀਤਾ। ਨਾਟੋ ਦੇ ਮੈਂਬਰ ਅਤੇ ਯੂਰੋਪੀ ਮੁਲਕ ਗਰੀਨਲੈਂਡ ਉੱਤੇ ਜਬਰੀ ਕਬਜ਼ਾ ਕਰ ਲੈਣ ਦਾ ਐਲਾਨ ਕੀਤਾ। ਇਹ ਵੀ ਆਖਿਆ ਕਿ ਅਮਰੀਕਾ ਤੋਂ ਵੀ ਵੱਡੇ ਦੇਸ਼ ਕੈਨੇਡਾ ਨੂੰ ਇੱਕ ਸੂਬੇ ਵਜੋਂ ਅਮਰੀਕਾ ਦੇ ਨਾਲ ਮਿਲਾ ਲਿਆ ਜਾਵੇਗਾ। ਤੇਲ ਦੌਲਤ ਨਾਲ ਮਾਲਾਮਾਲ ਮੁਲਕ ਵੈਨੇਜ਼ੁਏਲਾ ਉੱਤੇ ਨਸ਼ਿਆਂ ਦੇ ਵਪਾਰੀ ਹੋਣ ਦਾ ਇਲਜ਼ਾਮ ਲਾ ਕੇ ਉਨ੍ਹਾਂ ਦੇ ਰਾਸ਼ਟਰਪਤੀ ਮਾਦੁਰੋ ਨੂੰ ਘਰੋਂ ਜਬਰੀ ਚੁੱਕ ਕੇ ਗ੍ਰਿਫ਼ਤਾਰ ਕਰ ਕੇ ਅਮਰੀਕਾ ਲੈ ਆਂਦਾ। ਉਨ੍ਹਾਂ ਦੇ ਤੇਲ ਉੱਤੇ ਕਬਜ਼ੇ ਦਾ ਐਲਾਨ ਕੀਤਾ। ਕਿਊਬਾ ਮੈਕਸਿਕੋ ਕੋਲੰਬੀਆ ਉੱਤੇ ਵੀ ਛੇਤੀ ਹਮਲੇ ਕਰਕੇ ਮਰਜ਼ੀ ਦੀਆਂ ਸਰਕਾਰਾਂ ਬਣਾ ਲੈਣ ਦੀ ਗੱਲ ਆਖੀ।

ਅਸਲ ਵਿੱਚ ਇਜ਼ਰਾਈਲ ਦੀ ਲੰਮੇ ਸਮੇਂ ਤੋਂ ਯੋਜਨਾ ਸੀ ਕਿ ਅਮਰੀਕਾ ਕਿਸੇ ਬਹਾਨੇ ਇਰਾਨ ਉੱਤੇ ਆਪ ਤਬਾਹਕੁਨ ਹਮਲਾ ਕਰੇ। ਦੂਜੇ ਬੰਨੇ ਅਮਰੀਕਾ ਲਈ ਇਰਾਨ ਹੀ ਇੱਕ ਐਸਾ ਦੇਸ਼ ਸੀ ਜੋ ਉਸ ਦੀ ਧੌਂਸ ਮੰਨਣ ਤੋਂ ਇਨਕਾਰੀ ਸੀ। ਇਕ ਅਮਰੀਕੀ ਪੱਤਰਕਾਰ ਨੇ ਵੀ ਦੁਹਾਈ ਪਾਈ ਹੈ ਕਿ ਇਸ ਹਮਲੇ ਨਾਲ ਇਜ਼ਰਾਈਲ ਨੇ ਅਮਰੀਕਾ ਨੂੰ ਛਲਾਵੇ ਵਿੱਚ ਲੈ ਕੇ ਆਪਣਾ ਹਿੱਤ ਸਾਧਿਆ ਹੈ। ਇਜ਼ਰਾਈਲ ਦੀ ਪੂਰੇ ਫਲਸਤੀਨ ਅਤੇ ਖਿੱਤੇ ਦੇ ਹੋਰ ਇਲਾਕਿਆਂ ਉੱਤੇ ਕਬਜ਼ੇ ਦੀ ਮਨਸ਼ਾ ਵੀ ਹੈ। ਇਸ ਨੂੰ ਨੇਤਨਯਾਹੂ ‘ਗਰੇਟਰ ਇਜ਼ਰਾਈਲ’ ਬਣਾਉਣਾ ਕਹਿੰਦਾ ਹੈ ਤੇ ਇਰਾਨ ਦੀ ਮਜ਼ਬੂਤੀ ਉਸ ਨੂੰ ਇਸ ਰਾਹ ਵਿੱਚ ਅੜਿੱਕਾ ਦਿਖਾਈ ਦਿੰਦੀ ਹੈ।

ਕਤਰ, ਸੰਯੁਕਤ ਅਰਬ ਅਮੀਰਾਤ, ਜੌਰਡਨ, ਬਹਿਰੀਨ, ਇਰਾਕ, ਕੁਵੈਤ, ਸਾਊਦੀ ਅਰਬ, ਓਮਾਨ, ਤੁਰਕੀ ਵਿੱਚ ਵੱਡੇ ਅਮਰੀਕੀ ਫੌਜੀ ਅੱਡੇ ਹਨ ਅਤੇ ਇਸ ਤੇਲ ਖਿੱਤੇ ਉੱਤੇ ਕਬਜ਼ੇ ਵਰਗਾ ਦਬਦਬਾ ਹੈ। ਇਹ ਡਰੀਆਂ ਹੋਈਆਂ ਅਰਬ ਹਕੂਮਤਾਂ ਹਨ ਜਿਨ੍ਹਾਂ ਗਾਜ਼ਾ ਵਿੱਚ 80 ਹਜ਼ਾਰ ਮੌਤਾਂ, ਡੇਢ ਲੱਖ ਜ਼ਖਮੀ ਅਤੇ ਤਬਾਹੀ ਵੇਖ ਕੇ ਅਮਰੀਕਾ ਦਾ ਸਾਥ ਨਹੀਂ ਛੱਡਿਆ ਤੇ ਹੁਣ ਇਰਾਨ ਉੱਤੇ ਹਮਲੇ ਮਗਰੋਂ ਵੀ ਅਮਰੀਕਾ ਤੇ ਇਜ਼ਰਾਈਲ ਦੇ ਨਾਲ ਹਨ। ‘ਇਕ ਧਰਮ’ ਵਾਲੀ ਸਾਂਝ ਹੋਣ ਦਾ ਭਰਮ ਸੰਸਾਰ ਭਰ ਵਿੱਚ ਹਰ ਪਾਸੇ ਟੁੱਟ ਚੁੱਕਾ ਹੈ। ਸਗੋਂ ਮਜ਼ਹਬੀ ਕੱਟੜਤਾ ਇਨਸਾਨੀ ਸੋਚ ਦੀ ਸਭ ਤੋਂ ਵੱਡੀ ਦੁਸ਼ਮਣ ਬਣ ਗਈ ਦਿੱਸ ਰਹੀ ਹੈ।

ਇਸ ਪਰਖ ਦੇ ਮੌਕੇ ਭਾਰਤ ਸਰਕਾਰ ਇਰਾਨ ਉੱਤੇ ਹਮਲੇ ਅਤੇ ਕਤਲਾਂ ਬਾਰੇ ਚੁੱਪ ਹੀ ਰਹੀ ਹੈ, ਸਗੋਂ ਹਮਲੇ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਇਜ਼ਰਾਈਲ ਦੌਰੇ ਮੌਕੇ ਨੇਤਨਯਾਹੂ ਨੂੰ ‘ਮੇਰਾ ਪੱਕਾ ਯਾਰ’ ਕਹਿੰਦੇ ਨਜ਼ਰ ਆਏ। ਭਾਰਤੀ ਲੋਕ ਹੈਰਾਨ ਪ੍ਰੇਸ਼ਾਨ ਹਨ ਕਿ ਇਸ ਨਾਜ਼ੁਕ ਮੌਕੇ ਪ੍ਰਧਾਨ ਮੰਤਰੀ ਨੇ ਅਜਿਹਾ ਕਿਉਂ ਕੀਤਾ? ਕੀ ਸਾਡੀ ਕੋਈ ਕਮਜ਼ੋਰ ਨਸ ਅਮਰੀਕਾ ਦੇ ਹੱਥ ਆਈ ਹੈ? ਸਸਤੇ ਤੇਲ ਗੈਸ ਤਾਂ ਅਸੀਂ ਇਰਾਨ ਅਤੇ ਰੂਸ ਤੋਂ ਲੈਂਦੇ ਰਹੇ ਹਾਂ। ਇਰਾਨ ਹੌਸਲੇ ਨਾਲ ਹਮਲੇ ਦਾ ਮੁਕਾਬਲਾ ਕਰ ਰਿਹਾ ਹੈ। ਸਭ ਅਮਰੀਕੀ, ਇਜ਼ਰਾਇਲੀ ਤੇ ਹੋਰ ਅਮਰੀਕੀ ਮਦਦਗਾਰਾਂ ਉੱਤੇ ਮੋੜਵਾਂ ਵਾਰ ਕਰ ਰਿਹਾ ਹੈ। ਇਰਾਨ ਦਾ ਐਲਾਨ ਹੈ ਕਿ ਉਹ ਅਰਬ ਦੇਸ਼ਾਂ ਉੱਤੇ ਨਹੀਂ ਸਗੋਂ ਇਨ੍ਹਾਂ ਦੇਸ਼ਾਂ ਵਿੱਚ ਸਿਰਫ਼ ਅਮਰੀਕੀ ਹਿੱਤਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਸਊਦੀ ਅਰਬ ਵਿੱਚ ਜਿਸ ਬਹੁਤ ਵੱਡੀ ਤੇਲ ਕੰਪਨੀ ‘ਰਾਸ ਤਨੂਰਾ (ਅਰਾਮਕੋ) ਉੱਤੇ ਵਾਰ ਵਾਰ ਹਮਲੇ ਹੋਣ ਦੀਆਂ ਖ਼ਬਰਾਂ ਹਨ, ਇਹ ਵੀ ਅਸਲ ਵਿੱਚ ਅਮਰੀਕੀ ਕੰਪਨੀ (ਰਿਫਾਇਨਰੀ) ਹੈ, ਜੋ 1933 ਵਿੱਚ ਬਣੀ ਸੀ। ਇਸ ਦਾ ਪਹਿਲਾ ਨਾਮ ‘ਸਟੈਂਡਰਡ ਆਇਲ ਕੰਪਨੀ ਆਫ ਕੈਲੇਫੋਰਨੀਆ’ (ਸੋਕਾਲ) ਸੀ। 1988 ਵਿੱਚ ਨਾਮ ਬਦਲ ਕੇ ‘ਸਾਊਦੀ ਅਰਾਮਕੋ’ ਰੱਖ ਦਿੱਤਾ ਗਿਆ। ਇਸ ਦਾ ਸਾਊਦੀ ਤੇਲ ਤੰਤਰ ਉੱਤੇ ਸਭ ਤੋਂ ਵੱਧ ਕੰਟਰੋਲ ਹੈ। ਭਾਰਤ ਦੀ ਤੇਲ ਦਰਾਮਦ ਦਾ 20 ਫ਼ੀਸਦੀ ਹਿੱਸਾ ਇਸ ਕੰਪਨੀ ਤੋਂ ਹੀ ਆਉਂਦਾ ਹੈ। ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ ਨੂੰ ਮਲੀਆਮੇਟ ਕਰਨ ਲਈ ਬਹੁਤ ਵੱਡੇ ਹਮਲੇ ਜਾਰੀ ਹਨ। ਇਰਾਨ ਮੋੜਵੇਂ ਮਿਜ਼ਾਈਲ ਹਮਲੇ ਕਰ ਰਿਹਾ ਤੇ ਝੁਕਣ ਤੋਂ ਇਨਕਾਰੀ ਹੈ। ਨੁਕਸਾਨ ਦੋਵੇਂ ਪਾਸੇ ਹੋ ਰਿਹਾ ਹੈ। ਅਮਰੀਕਾ ਤੇ ਇਜ਼ਰਾਈਲ ਆਪਣੇ ਹਮਲਿਆਂ ਨਾਲ ਇਰਾਨ ਸਰਕਾਰ ਨੂੰ ਨਹੀਂ ਬਦਲ ਸਕੇ ਤੇ ਜਾਪਦਾ ਹੈ ਕਿ ਬਦਲ ਸਕਦੇ ਵੀ ਨਹੀਂ। ਪਹਿਲੇ ਦਿਨ ਦੇ ਹਮਲੇ ਵਿੱਚ 165 ਸਕੂਲੀ ਬੱਚੀਆਂ ਅਤੇ ਮੁੱਖ ਲੀਡਰਸ਼ਪ ਦੇ ਮਾਰੇ ਜਾਣ ਮਗਰੋਂ ਇਰਾਨ ਸਗੋਂ ਹੋਰ ਇਕਜੁੱਟ ਹੋ ਗਿਆ ਹੈ। ਸਰਕਾਰ ਵਿਰੋਧੀ ਅੰਦਰਲੀਆਂ ਸੁਰਾਂ ਮੱਧਮ ਹੋ ਗਈਆਂ ਹਨ ਤੇ ਇਕਜੁੱਟਤਾ ਵਧੀ ਹੈ। ਪ੍ਰਮਾਣੂ ਰੋਕ ਅਤੇ ਮਿਜ਼ਾਈਲ ਵਿਕਾਸ ਮੁੱਦਿਆਂ ਉੱਤੇ ਗੱਲਬਾਤ ਬੰਦ ਹੋ ਗਈ ਹੈ। ਫਿਲਹਾਲ ਸਿਰਫ ਫ਼ੌਜੀ ਮੁਕਾਬਲਾ ਹੋ ਰਿਹਾ ਹੈ। ਹਜ਼ਾਰ ਤੋਂ ਉੱਪਰ ਇਰਾਨੀ ਮੌਤਾਂ ਦੀ ਖ਼ਬਰ ਹੈ। ਕੁਝ ਅਮਰੀਕੀ ਮੌਤਾਂ ਵੀ ਹੋਈਆਂ ਹਨ।

ਅਮਰੀਕਾ ਨੂੰ ਉਮੀਦ ਨਹੀਂ ਸੀ ਕਿ ਜ਼ੋਰਦਾਰ ਮੋੜਵੇਂ ਇਰਾਨੀ ਹਮਲਿਆਂ ਕਾਰਨ ਉਸ ਨੂੰ ਇੰਨੀ ਜਲਦੀ ਸਾਰੇ ਅਰਬ ਮੁਲਕਾਂ ਵਿੱਚਲੀਆਂ ਆਪਣੀਆਂ ਅੰਬੈਸੀਆਂ ਬੰਦ ਕਰਨੀਆਂ ਪੈਣਗੀਆਂ ਅਤੇ ਇਨ੍ਹਾਂ ਦੇਸ਼ਾਂ ਵਿੱਚ ਤਾਇਨਾਤ ਅਮਰੀਕੀ ਫ਼ੌਜ ਤੇ ਅਮਰੀਕੀ ਨਾਗਰਿਕਾਂ ਨੂੰ ਕੱਢਣ ਲਈ ਜੱਦੋ-ਜਹਿਦ ਕਰਨੀ ਪਵੇਗੀ। ਇਜ਼ਰਾਈਲ ਆਪਣੀ ਉਮੀਦ ਅਨੁਸਾਰ ਇਰਾਨ ਦੇ ਹਮਲਿਆਂ ਦਾ ਜਵਾਬ ਦੇਣ ਵਿੱਚ ਸਫ਼ਲ ਨਹੀਂ ਹੋ ਸਕਿਆ। ਇਸ ਸਾਰੇ ਦ੍ਰਿਸ਼ ਵਿੱਚ ਇੱਕ ਗੱਲ ਅਟੱਲ ਹੈ ਕਿ ਏਸ਼ੀਆ ਦਾ ਇਹ ਪੂਰਾ ਖਿੱਤਾ ਜੰਗ ਵਿੱਚ ਝੁਲਸੇਗਾ। ਮਹਿੰਗਾਈ ਵਧੇਗੀ, ਆਰਥਿਕਤਾ ਲੜਖੜਾਏਗੀ ਤੇ ਹਥਿਆਰਾਂ ਦੀ ਬੇਲੋੜੀ ਦੌੜ ਤੇਜ਼ ਹੋਵੇਗੀ। ਲਗਦਾ ਹੈ ਕਿ ਅਖੀਰ ਜੰਗ ਉਪਰੰਤ ਇਰਾਨ ਦਾ ਆਧਾਰ/ਆਰਥਿਕ ਢਾਂਚਾ ਤਾਂ ਵੱਡਾ ਨੁਕਸਾਨ ਉਠਾਵੇਗਾ ਪਰ ਉਸ ਦਾ ਸਿਆਸੀ ਤੇ ਫ਼ੌਜੀ ਵੱਕਾਰ ਹੋਰ ਬੁਲੰਦ ਹੋਵੇਗਾ।

ਅਮਰੀਕੀ ਟੈਰਿਫ/ ਵੈਨੇਜ਼ੁਏਲਾ/ ਗਰੀਨਲੈਂਡ/ ਕੈਨੇਡਾ/ ਇਰਾਨ ਨਾਲ ਸਬੰਧਤ ਵਰਤਾਰਿਆਂ ਨੇ ਅਮਰੀਕਾ ਨੂੰ ਯੂਰੋਪ ਅਤੇ ਨਾਟੋ ਸਹਿਯੋਗੀਆਂ ਤੋਂ ਵੀ ਅੰਦਰੋਂ/ਮਨੋਂ ਦੂਰ ਕਰ ਦਿੱਤਾ ਹੈ। ਨਾਟੋ ਯੂਰੋਪ ਸਮੇਤ ਕੁੱਲ ਸੰਸਾਰ ਵਿੱਚ ਅਮਰੀਕਾ ਉੱਤੇ ਸੰਪੂਰਨ ਬੇਵਿਸ਼ਵਾਸੀ ਦਾ ਆਲਮ ਹੈ। ਭਾਰਤ ਬਚ ਬਚਾ ਕੇ ਚੱਲ ਰਿਹਾ ਲਗਦਾ ਹੈ। ਇਸ ਵਕਤ ਅਮਰੀਕਾ ਅਤੇ ਇਜ਼ਰਾਈਲ ਦਾ ਇਕ ਵੀ ਹੋਰ ਮੁਲਕ ਤਨੋਂ ਮਨੋਂ ਪੱਕਾ ਬੇਲੀ ਨਹੀਂ ਜਾਪਦਾ। ਇਹ ਅਮਰੀਕੀ ਕੂਟਨੀਤੀ ਦੀ ਵੱਡੀ ਹਾਰ ਹੈ, ਜਿਸ ਦੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਦਿੱਸਣਗੇ। ਸਾਰੀ ਦੁਨੀਆ ਵਿੱਚ ਤੇਜ਼ੀ ਨਾਲ ਨਵੇਂ ਸਿਰਿਓਂ ਗੱਠਜੋੜ ਬਣ ਰਹੇ ਹਨ।

ਇਰਾਨ ਉੱਤੇ ਮੌਜੂਦਾ ਹਮਲੇ ਦੇ ਸਾਰੇ ਬਹਾਨੇ ਝੂਠੇ ਹਨ। ਸੱਚ ਉਹ ਹੈ ਜੋ ਇਕ ਅਮਰੀਕੀ ਪੱਤਰਕਾਰ ਦੇ ਸਵਾਲ ਦੇ ਜਵਾਬ ਵਿੱਚ ਟਰੰਪ ਦੇ ਮੂੰਹੋਂ ਸੁਭੈਕੀ ਨਿਕਲ ਗਿਆ, ‘ਤੁਸੀਂ ਫਿਕਰ ਨਾ ਕਰੋ, ਥੋੜ੍ਹੇ ਦਿਨਾਂ ਬਾਅਦ ਵੈਨੇਜ਼ੁਏਲਾ ਦੀ ਤਰ੍ਹਾਂ ਇਰਾਨੀ ਤੇਲ ਵੀ ਸਾਡਾ ਹੋਵੇਗਾ।’ ਪਰ ਦੁਨੀਆ ਤਾਂ ਇਸ ਗੱਲੋਂ ਵੀ ਫ਼ ?ਕਰਮੰਦ ਹੈ ਕਿ ਇਨ੍ਹਾਂ ਬੌਰੇ ਜਿਹੇ ਸਵਾਰਥੀ ਅਨਸਰਾਂ ਦੀਆਂ ਅਜਿਹੀਆਂ ਹਰਕਤਾਂ ਕਿਤੇ ਸਾਨੂੰ ਵਿਸ਼ਵ ਜੰਗ ਵੱਲ ਨਾ ਤੋਰ ਦੇਣ।

## ਅਮਰੀਕਾ ਦਾ ਭਰਮ-ਭੁਲੇਖਾ

ਅਮਰੀਕੀ ਪ੍ਰਸ਼ਾਸਨ ਨੇ ਭਾਰਤ ਨੂੰ ਰੂਸ ਤੋਂ ਇਕ ਮਹੀਨੇ ਤੱਕ ਤੇਲ ਖ਼ਰੀਦਣ ਦੀ ?ਜੋ ਕਥਿਤ ਛੋਟ ਦਿੱਤੀ ਹੈ, ਉਸ ਤੋਂ ਇਹ ਪ੍ਰਤੀਤ ਹੋ ਰਿਹਾ ਹੈ ਕਿ ਇਹ ਤੈਅ ਕਰਨ ਦਾ ?ਹੱਕ ਉਸ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ ਕਿ ਕਿਹੜਾ ਮੁਲਕ ਕਿਸ ਤੋਂ, ਕਦੋਂ ਤੇਲ ਖ਼ਰੀਦ ਸਕਦਾ ਹੈ ਅਤੇ ਕਿਹੜਾ ਨਹੀਂ? ਉਸ ਕੋਲ ਅਜਿਹਾ ਕੋਈ ਅਧਿਕਾਰ ਨਾ ਤਾਂ ਸੀ, ਨਾ ਹੈ ਅਤੇ ਨਾ ਹੀ ਹੋ ਸਕਦਾ ਹੈ ਪਰ ਯੂਕਰੇਨ ਜੰਗ ਖ਼ਤਮ ਕਰਵਾਉਣ ਦੇ ਬਹਾਨੇ ਉਹ ਲੰਬੇ ਸਮੇਂ ਤੋਂ ਭਾਰਤ ’ਤੇ ਰੂਸ ਤੋਂ ਤੇਲ ਨਾ ਖ਼ਰੀਦਣ ਦਾ ਦਬਾਅ ਪਾ ਰਿਹਾ ਹੈ। ਉਸ ਨੇ ਭਾਰਤ ’ਤੇ ਰੂਸ ਤੋਂ ਤੇਲ ਖ਼ਰੀਦਣ ਕਾਰਨ 25 ਪ੍ਰਤੀਸ਼ਤ ਵਾਧੂ ਟੈਰਿਫ ਵੀ ਥੋਪਿਆ ਪਰ ਭਾਰਤ ਨੇ ਇਸ ਦੀ ਪਰਵਾਹ ਨਹੀਂ ਕੀਤੀ। ਆਖ਼ਰਕਾਰ ਉਸ ਨੇ ਆਪਣੇ ਪੱਧਰ ’ਤੇ ਹੀ ਭਾਰਤ ਨਾਲ ਅੰਤਰਿਮ ਵਪਾਰ ਸਮਝੌਤੇ ’ਤੇ ਸਹਿਮਤੀ ਬਣ ਜਾਣ ਦਾ ਐਲਾਨ ਕਰਦੇ ਹੋਏ ਪਰਸਪਰ ਟੈਰਿਫ 25 ਤੋਂ ਘਟਾ ਕੇ 18 ਫ਼ੀਸਦ ਕਰ ਦਿੱਤਾ ਅਤੇ ਰੂਸ ਤੋਂ ਤੇਲ ਖ਼ਰੀਦਣ ਕਾਰਨ ਲਗਾਏ ਗਏ ਵਾਧੂ 25 ਫ਼ੀਸਦੀ ਟੈਰਿਫ ਨੂੰ ਖ਼ਤਮ ਕਰ ਦਿੱਤਾ। ਦਰਅਸਲ, ਉਹ ਅਜਿਹਾ ਕਰਨ ਲਈ ਮਜਬੂਰ ਹੋਇਆ ਕਿਉਂਕਿ ਭਾਰਤ ਨੇ ਯੂਰਪੀ ਸੰਘ ਨਾਲ ਸਾਰੇ ਵਪਾਰ ਸਮਝੌਤਿਆਂ ਦੀ ਮਾਂ ਮੰਨਿਆ ਜਾਣ ਵਾਲਾ ਵਪਾਰ ਸਮਝੌਤਾ ਕਰ ਕੇ ਉਸ ਨੂੰ ਇਹ ਸੰਦੇਸ਼ ਦਿੱਤਾ ਕਿ ਉਸ ਕੋਲ ਹੋਰ ਵੀ ਬਦਲ ਹਨ। ਹਕੀਕਤ ਇਹ ਵੀ ਹੈ ਕਿ ਭਾਰਤ ਨੇ ਰੂਸ ਤੋਂ ਤੇਲ ਖ਼ਰੀਦਣਾ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ। ਜਨਵਰੀ ਤੇ ਫਰਵਰੀ ਮਹੀਨੇ ਵਿਚ ਵੀ ਉਸ ਨੇ ਰੂਸ ਤੋਂ ਤੇਲ ਖ਼ਰੀਦਿਆ। ਇਸ ਤੋਂ ਇਲਾਵਾ ਭਾਰਤ ਵਾਰ-ਵਾਰ ਇਹ ਵੀ ਦੁਹਰਾਉਂਦਾ ਰਿਹਾ ਹੈ ਕਿ ਉਹ ਆਪਣੇ ਊਰਜਾ ਹਿੱਤਾਂ ਦੀ ਰਾਖੀ ਲਈ ਰੂਸ ਸਮੇਤ ਕਿਤਿਓਂ ਵੀ ਤੇਲ ਖ਼ਰੀਦਣ ਲਈ ਆਜ਼ਾਦ ਹੈ। ਆਖ਼ਰ ਜਦ ਭਾਰਤ ਰੂਸ ਤੋਂ ਤੇਲ ਖ਼ਰੀਦ ਹੀ ਰਿਹਾ ਹੈ ਤਾਂ ਫਿਰ ਅਮਰੀਕਾ ਦੇ ਇਹ ਕਹਿਣ ਦਾ ਕੀ ਮਤਲਬ ਹੈ ਕਿ ਉਹ ਭਾਰਤ ਨੂੰ ਉਸ ਤੋਂ 30 ਦਿਨਾਂ ਲਈ ਤੇਲ ਖ਼ਰੀਦਣ ਦੀ ਛੋਟ ਦੇ ਰਿਹਾ ਹੈ? ਅਮਰੀਕਾ ਨੇ ਕਥਿਤ ਉਦਾਰਤਾ ਦਿਖਾਉਂਦੇ ਹੋਏ ਭਾਰਤ ਨੂੰ ਰੂਸ ਤੋਂ ਤੇਲ ਖ਼ਰੀਦਣ ਦੀ ਜੋ ਮਨਜ਼ੂਰੀ ਦਿੱਤੀ, ਉਹ ਉਸ ਦੀ ਮਜਬੂਰੀ ਦਾ ਹੀ ਪ੍ਰਤੀਕ ਹੈ। ਉਹ ਜਾਣਦਾ ਹੈ ਕਿ ਈਰਾਨ ਨਾਲ ਜੰਗ ਕਾਰਨ ਪੱਛਮੀ ਏਸ਼ੀਆ ਤੋਂ ਤੇਲ ਅਤੇ ਗੈਸ ਦੀ ਸਪਲਾਈ ਵਿਚ ਅੜਿੱਕਾ ਪੈ ਰਿਹਾ ਹੈ ਅਤੇ ਉਨ੍ਹਾਂ ਦੇ ਭਾਅ ਵੀ ਵਧ ਰਹੇ ਹਨ। ਇਸ ਨਾਲ ਸਮੁੱਚੇ ਆਲਮੀ ਅਰਥਚਾਰੇ ਦੇ ਅੱਗੇ ਜੋ ਸੰਕਟ ਪੈਦਾ ਹੋਵੇਗਾ, ਉਸ ਦੇ ਮਾੜੇ ਅਸਰਾਂ ਤੋਂ ਉਹ ਵੀ ਨਹੀਂ ਬਚ ਸਕੇਗਾ। ਇਸ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਤੇਲ ਅਤੇ ਗੈਸ ਦੀ ਸਪਲਾਈ ਦਾ ਜੋ ਆਲਮੀ ਸੰਕਟ ਖੜ੍ਹਾ ਹੋ ਗਿਆ ਹੈ, ਉਸ ਲਈ ਮੁੱਖ ਤੌਰ ’ਤੇ ਅਮਰੀਕਾ ਹੀ ਜ਼ਿੰਮੇਵਾਰ ਹੈ। ਜੇ ਉਹ ਇਜ਼ਰਾਈਲ ਨਾਲ ਮਿਲ ਕੇ ਈਰਾਨ ’ਤੇ ਹਮਲਾ ਨਹੀਂ ਕਰਦਾ ਤਾਂ ਹੋਰਮੁਜ਼ ਜਲ ਮਾਰਗ ਤੋਂ ਤੇਲ ਦੀ ਸਪਲਾਈ ਵਿਚ ਅੜਿੱਕਾ ਨਾ ਪੈਂਦਾ। ਇਹ ਅਮਰੀਕਾ ਦੀ ਜ਼ਿੰਮੇਵਾਰੀ ਹੈ ਕਿ ਉਹ ਉਕਤ ਜਲ ਮਾਰਗ ਤੋਂ ਪੱਛਮੀ ਏਸ਼ਿਆਈ ਦੇਸ਼ਾਂ ਤੋਂ ਆਉਣ ਵਾਲੇ ਤੇਲ ਦੀ ਸਪਲਾਈ ਦੀਆਂ ਰੁਕਾਵਟਾਂ ਨੂੰ ਦੂਰ ਕਰੇ ਪਰ ਫ਼ਿਲਹਾਲ ਉਹ ਇਸ ਵਿਚ ਸਮਰੱਥ ਨਹੀਂ ਦਿਸ ਰਿਹਾ ਕਿਉਂਕਿ ਈਰਾਨ ਹਾਰ ਮੰਨਣ ਲਈ ਤਿਆਰ ਨਹੀਂ ਹੈ। ਉਸ ਨੇ ਅਮਰੀਕਾ ਤੇ ਇਜ਼ਰਾਈਲ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਭਾਵੇਂ ਈਰਾਨ ਨੂੰ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ ਪਰ ਅਮਰੀਕਾ ਤੇ ਉਸ ਦੇ ਜੋਟੀਦਾਰ ਇਜ਼ਰਾਈਲ ਨੂੰ ਵੀ ਜੰਗ ਦਾ ਕਾਫ਼ੀ ਸੇਕ ਲੱਗ ਰਿਹਾ ਹੈ। ਚੰਗਾ ਹੋਵੇ ਜੇ ਅਮਰੀਕਾ ?ਇਸ ਭਰਮ-ਭੁਲੇਖੇ ਤੋਂ ਬਾਹਰ ਆਵੇ ਕਿ ਉਹ ਹਰ ਮਾਮਲੇ ਵਿਚ ਨਾ ਤਾਂ ਆਪਣੀ ਹੀ ਚਲਾ ਸਕਦਾ ਹੈ ਅਤੇ ਨਾ ਹੀ ਕੌਮਾਂਤਰੀ ਊਰਜਾ ਵਪਾਰ ’ਤੇ ਆਪਣੀ ਅਜ਼ਾਰੇਦਾਰੀ ਕਾਇਮ ਕਰ ਸਕਦਾ ਹੈ। ਉਸ ਨੂੰ ਇਹ ਵੀ ਅਹਿਸਾਸ ਹੋ ਜਾਵੇ ਤਾਂ ਚੰਗਾ ਹੋਵੇਗਾ ਕਿ ਈਰਾਨ ਵੈਨੇਜ਼ੁਏਲਾ ਨਹੀਂ ਹੈ।

# ਜੀਵਨ ਦਾਨ ਵਾਂਗ ਮੌਤ ਦਾਨ ਸੰਭਵ ਹੈ !



ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਨਾਲ ਇਕ ਪੁਰਾਣੀ ਬਹਿਸ ਫਿਰ ਸ਼ੁਰੂ ਹੋ ਗਈ ਹੈ। ਇਸ ਮਾਮਲੇ 'ਚ ਪਿਛਲੇ 13 ਸਾਲਾਂ ਤੋਂ ਇਕ ਨੌਜਵਾਨ ਮਰਨ ਕਿਨਾਰੇ ਪਿਆ ਸੀ ਅਤੇ ਠੀਕ ਹੋਣ ਦੀ ਉਮੀਦ ਨਹੀਂ ਸੀ। ਮਾਪਿਆਂ ਵੱਲੋਂ ਉਸ ਲਈ ਮੌਤ ਮੰਗੀ ਗਈ, ਜਿਸ ਨੂੰ ਸਵੀਕਾਰ ਕਰ ਲਿਆ ਗਿਆ। ਸਵਾਲ ਇਹ ਹੈ ਕਿ ਕੀ ਸਾਰੇ ਬਦਲ, ਜਿਵੇਂ ਆਯੁਰਵੇਦ ਅਤੇ ਯੂਨਾਨੀ, ਹੋਮਿਓਪੈਥੀ ਅਤੇ ਕੁਦਰਤੀ ਜਾਂ ਕਿਸੇ ਵੀ ਹੋਰ ਇਲਾਜ ਨਾਲ ਰੋਗ ਮੁਕਤ ਨਹੀਂ ਹੋ ਸਕਦਾ ਸੀ? ਇਸ ਦਾ ਉੱਤਰ ਡਾਕਟਰ ਜਾਂ ਮੌਤ ਦਾਨ ਪ੍ਰਾਪਤ ਵਿਅਕਤੀ ਦੇ ਪਰਿਵਾਰਕ ਮੈਂਬਰ ਹੀ ਦੇ ਸਕਦੇ ਹਨ। ਇਸ ਵਿਸ਼ੇ 'ਤੇ ਚਰਚਾ ਹੋਣੀ ਚਾਹੀਦੀ ਹੈ।

**ਮੌਤ ਅਤੇ ਪੁਨਰ ਜਨਮ :** ਭਾਰਤ 'ਚ ਸਰਕਾਰੀ ਅੰਕੜਿਆਂ ਮੁਤਾਬਕ ਮੌਜੂਦਾ ਸਮੇਂ 'ਚ ਔਸਤ ਉਮਰ 65 ਤੋਂ 75 ਸਾਲ ਤੱਕ ਦੀ ਆਂਕੀ ਗਈ ਹੈ। ਆਜ਼ਾਦੀ ਵੇਲੇ ਇਹ 31-32 ਸਾਲ ਅਤੇ 50 ਸਾਲ ਪਹਿਲਾਂ ਜਾਂ 1975 'ਚ 50 ਸਾਲ ਸੀ। 80 ਤੱਕ ਪਹੁੰਚ ਗਏ ਤਾਂ ਜਸ਼ਨ, 90 ਦੇ ਹੋ ਗਏ ਤਾਂ ਈਸ਼ਵਰ ਦੀ ਵਿਸ਼ੇਸ਼ ਕਿਰਪਾ ਅਤੇ ਇਸ ਤੋਂ ਵੱਧ ਉਮਰ ਵਾਲੇ ਕਦੇ ਵੀ ਅੰਤਿਮ ਯਾਤਰਾ ਲਈ ਤਿਆਰ ਅਤੇ 100 ਪੂਰੇ ਕਰ ਲਏ ਤਾਂ ਵਿਰਲੇ ਹੋ ਗਏ। ਹਰ ਕੋਈ ਇੰਨੀ ਲੰਬੀ ਉਮਰ ਦਾ ਰਾਜ਼ ਜਾਣਨ ਲਈ ਉਤਸੁਕ ਹੈ ਅਤੇ ਜੇਕਰ ਕੋਈ ਗੰਭੀਰ ਬਿਮਾਰੀ ਨਾ ਹੋਈ ਤਾਂ ਦੁਨੀਆ 'ਚ ਨਿਰਾਲੇ ਵਿਅਕਤੀ ਹਨ। ਹਰ ਕੋਈ ਮਿਲ ਕੇ ਉਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪੜਾਵਾਂ ਬਾਰੇ ਜਾਣਨਾ ਚਾਹੁੰਦਾ ਹੈ।

ਅੱਸੀ ਪਾਰ ਕਰ ਲੈਣ ਦਾ ਤਜਰਬਾ ਮੈਨੂੰ ਹੈ। ਮੇਰੀ ਉਮਰ ਦੇ ਸੰਗੀ-ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਦੇ ਜਾਣ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ। ਮੌਤ ਭਾਵ ਹੁਣ ਕੋਈ ਧਨ ਨਾਲ ਨਹੀਂ, ਮਹਿਲ-ਮੁਨਾਰੇ, ਜ਼ਮੀਨ-ਜਾਇਦਾਦ ਜਾਂ ਦੌਲਤ ਜਮ ?ਾ ਕੀਤੀ ਹੋਵੇ, ਆਪਣੀ ਨਹੀਂ ਰਹੀ। ਖਾਲੀ ਹੱਥ ਆਏ ਤਾਂ ਇੰਝ ਹੀ ਜਾਣਾ ਹੈ। ਇਸ ਨੂੰ ਦਿਹਾਂਤ ਵੀ ਕਹਿੰਦੇ ਹਨ, ਮਤਲਬ ਹੱਡ-ਮਾਸ ਦੇ ਇਸ ਸਰੀਰ ਜਾਂ ਦੇਹ ਦਾ ਅੰਤ ਹੋ ਗਿਆ। ਇਸੇ ਤਰ੍ਹਾਂ ਮੌਤ ਲਈ ਕਈ ਸ਼ਾਲੀਨ ਸ਼ਬਦਾਂ ਦੀ ਵਰਤੋਂ ਹੁੰਦੀ ਹੈ, ਜਿਵੇਂ ਸਵਰਗਵਾਸ, ਪਰਲੋਕ ਗਮਨ ਜਾਂ ਮਹਾਪ੍ਰਯਾਣ। ਲੋਕ ਕਹਿੰਦੇ ਹਨ ਕਿ ਸਵਰਗ-ਨਰਕ ਤਾਂ ਇੱਥੇ ਰਹਿ ਕੇ ਹੀ ਭੋਗਣੇ ਹੁੰਦੇ ਹਨ, ਭਾਵ ਚੰਗੇ ਕਰਮ ਕੀਤੇ ਤਾਂ ਉਨ੍ਹਾਂ ਦਾ ਫਲ ਆਪਣੀਆਂ ਇੱਛਤ ਵਸਤੂਆਂ ਪ੍ਰਾਪਤ ਕਰਨ ਤੋਂ ਹੈ ਅਤੇ ਬੁਰੇ ਕੀਤੇ, ਉਦੋਂ ਤਾਂ ਕਲਪਨਾ ਦੇ ਨਰਕ ਵਰਗਾ ਜੀਵਨ ਜਿਊਣਾ ਹੁੰਦਾ ਹੈ। ਸੁਕਰਮ ਜਾਂ ਦੁਸ਼ਕਰਮ ਦਾ ਹਿਸਾਬ ਕਰਨਾ ਆਪਣੇ ਹੱਥ 'ਚ ਨਹੀਂ, ਇਸ ਲਈ ਉੱਪਰ ਵਾਲੇ 'ਤੇ ਛੱਡ ਦਿੰਦੇ ਹਨ, ਜਿਸ ਨੂੰ ਕਿਸੇ ਨੇ ਦੇਖਿਆ ਨਹੀਂ, ਇਕ ਅਣਪਛਾਤੀ ਸ਼ਕਤੀ ਦਾ ਨਿਆਂ ਮੰਨ ਲੈਣ 'ਚ ਕੋਈ ਹਰਜ਼ ਮਹਿਸੂਸ ਨਹੀਂ ਹੁੰਦਾ ਪਰ ਇਕ ਵਿਅਕਤੀ, ਜਿਸ ਨੇ ਹੁਣ ਤੱਕ ਕੋਈ ਕਰਮ ਨਹੀਂ ਕੀਤਾ, ਉਹ ਮੌਤ ਤੋਂ ਬਾਅਦ ਕਿੱਥੇ ਜਾਂਦਾ ਹੋਵੇਗਾ? ਹੁਣ ਇੱਥੇ ਸਮੱਸਿਆ ਇਹ ਖੜ੍ਹੀ ਹੁੰਦੀ ਹੈ ਕਿ ਸ਼੍ਰੀਮਦ ਭਗਵਦ ਗੀਤਾ 'ਚ ਪ੍ਰਭੂ ਸ਼੍ਰੀ ਕ੍ਰਿਸ਼ਨ ਕਹਿ ਗਏ ਕਿ ਜਿਸ ਦਾ ਜਨਮ ਹੋਇਆ ਹੈ ਉਸ ਦੀ ਮੌਤ ਨਿਸ਼ਚਿਤ ਹੈ ਅਤੇ ਮੌਤ ਤੋਂ ਬਾਅਦ ਜਨਮ ਵੀ ਜ਼ਰੂਰ ਹੋਵੇਗਾ। ਹਿੰਦੂ ਧਰਮ ਅਤੇ ਫਲਸਫੇ 'ਚ ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਹਨ ਜਿਵੇਂ ਸਰੀਰ ਨਾਸ਼ਵਾਨ, ਆਤਮਾ ਅਮਰ ਅਤੇ ਜੋ ਨਹੀਂ ਰਹਿੰਦਾ ਉਹ ਸਰੀਰ ਹੈ, ਆਤਮਾ ਨੇ ਤਾਂ ਪੁਰਾਣੇ ਵਸਤਰਾਂ ਨੂੰ ਤਿਆਗਣ ਵਾਂਗ ਕਿਤੇ ਨਵੀਂ ਦੇਹ 'ਚ ਪ੍ਰਵੇਸ਼ ਕਰਨਾ ਹੈ। 80-90 ਪਾਰ ਵਾਲੇ ਇਸ ਆਧਾਰ 'ਤੇ ਸੋਚਣ ਲੱਗਦੇ ਹਨ ਕਿ ਨਾ ਜਾਣੇ ਕਿੰਨਾ ਸਮਾਂ ਹੋਰ ਹੈ, ਕਾਫੀ ਜੀ ਲਿਆ, ਪਰਿਵਾਰ ਨੂੰ ਆਪਣੇ ਸਾਹਮਣੇ ਫਲਦਾ-ਫੁੱਲਦਾ ਜਾਂ ਡਿੱਗਦਾ-ਉੱਠਦਾ ਦੇਖ ਲਿਆ। ਸਾਰੀ ਤਰ੍ਹਾਂ ਦੀ ਮੋਹ ਮਾਇਆ ਤੋਂ ਦੂਰ ਰਹਿਣ ਦੀ ਗੱਲ ਮਨ 'ਚ ਆਉਣ ਲੱਗਦੀ ਹੈ।

**ਪੂਰਨ ਚੰਦ ਸਰੀਨ**

ਕਾਹਦੇ ਲਈ ਕਿਸੇ ਝੰਜਟ 'ਚ ਪੈਣਾ, ਜਿੰਨੀ ਬਚੀ ਹੈ, ਮਸਤੀ ਨਾਲ ਜੀਓ।

ਇਹ ਗੱਲ ਹਿੰਦੂ, ਜੈਨ, ਬੁੱਧ ਅਤੇ ਸਿੱਖ ਫਲਸਫੇ 'ਚ ਸਿਧਾਂਤਕ ਤੌਰ 'ਤੇ ਹੈ ਕਿ ਕਿਤੇ ਨਾ ਕਿਤੇ ਜਨਮ ਤਾਂ ਹੋਣਾ ਤੈਅ ਹੈ। ਗੱਲ ਇੱਥੇ ਹੀ ਖਤਮ ਹੋ ਜਾਂਦੀ ਤਾਂ ਵੀ ਠੀਕ ਸੀ ਕਿਉਂਕਿ ਸਭ ਇਹ ਸੋਚਦੇ ਹਨ ਕਿ ਦੁਬਾਰਾ ਕਿਤੇ ਕਿਸੇ ਦੀ ਕੁੱਖੋਂ ਪੈਦਾ ਹੋ ਜਾਣਗੇ ਪਰ ਮੁਸੀਬਤ ਇਹ ਹੈ ਕਿ ਆਤਮਾ ਕਰਮਾਂ ਅਨੁਸਾਰ 84 ਲੱਖ ਜੂਨਾਂ 'ਚ ਭਟਕਦੀ ਕਹੀ ਗਈ ਹੈ। ਹੁਣ ਇਹ ਸੋਚ ਕੇ ਤਾਂ ਕੰਬਣੀ ਛਿੜਦੀ ਹੈ ਕਿ ਇਨ੍ਹਾਂ 'ਚੋਂ ਕਿਸ ਦੇ ਘਰ ਭਾਵ ਪਸ਼ੂ-ਪੰਛੀ, ਕੀੜੇ-ਮਕੌੜੇ ਜਾਂ ਕਿਸ ਜੂਨ ਨੂੰ ਪ੍ਰਾਪਤ ਹੋਵਾਂਗੇ।

ਜੋ ਕਹਿੰਦੇ ਹਨ ਕਿ ਜੈਸਾ ਕਰੋਗੇ ਵੈਸਾ ਭਰੋਗੇ ਤਾਂ ਇੱਥੇ ਸਵਾਲ ਇਹ ਉੱਠਦਾ ਹੈ ਅਤੇ ਜਿਸ ਨੂੰ ਇਕ ਉਦਾਹਰਣ ਵਜੋਂ ਵੀ ਰੱਖਿਆ ਜਾ ਸਕਦਾ ਹੈ ਕਿ ਅੱਜ ਅਮਰੀਕਾ-ਇਜ਼ਰਾਈਲ ਅਤੇ ਈਰਾਨ ਨੇ ਆਪਣੀ ਆਪਸੀ ਦੁਸ਼ਮਣੀ ਕੱਢਣ ਲਈ ਪੂਰੀ ਦੁਨੀਆ 'ਚ ਹਾਹਾਕਾਰ ਮਚਾ ਦਿੱਤੀ ਹੈ, ਲੱਖਾਂ-ਕਰੋੜਾਂ ਲੋਕਾਂ ਦਾ ਜੀਵਨ ਸੰਕਟ 'ਚ ਪਾ ਦਿੱਤਾ ਹੈ ਤਾਂ ਇਨ੍ਹਾਂ ਦੇ ਕਰਤਾਵਾਂ-ਧਰਤਾਵਾਂ ਦੀ ਮੌਤ ਕਿਵੇਂ ਹੋਵੇਗੀ ਅਤੇ ਕਿਹੜੀ ਜੂਨ ਮਿਲੇਗੀ? ਵੈਸੇ ਟਰੰਪ ਵੀ 80 ਦੇ ਲਪੇਟੇ 'ਚ ਹਨ ਅਤੇ ਦੂਜੇ ਪਾਸੇ ਵੀ ਮਾਮਲਾ ਇਸੇ ਦੇ ਆਸ-ਪਾਸ ਹੈ। ਇਹ ਤੈਅ ਹੈ ਕਿ ਉਨ੍ਹਾਂ ਦੀ ਮੌਤ ਹੋਵੇਗੀ ਪਰ ਕਿਵੇਂ... ਕੁਝ ਨਹੀਂ ਕਹਿ ਸਕਦੇ।

**ਇੱਛਾ ਮੌਤ ਜੀਵਨ ਦਾ ਅੰਤਿਮ ਸਵਾਲ :** ਸਾਡੇ ਧਰਮਾਂ 'ਚ ਮੋਕਸ਼ ਦੀ ਵਿਵਸਥਾ ਹੈ, ਮਤਲਬ ਕਿ ਜਨਮ-ਮੌਤ ਦੇ ਚੱਕਰ ਤੋਂ ਮੁਕਤੀ ਮਿਲ ਸਕਦੀ ਹੈ। ਇਸ ਲਈ ਇਹੀ ਜਨਮ ਹੈ ਤਾਂ ਜੋ ਚਾਹੇ ਕਰ ਲਓ। ਇਸ ਤੋਂ ਬਾਅਦ 'ਮੈਂ ਬ੍ਰਹਮ ਹਾਂ' ਦੀ ਗੱਲ ਵੀ ਕਹੀ ਗਈ ਹੈ। ਈਸਾਈ, ਯਹੂਦੀ, ਇਸਲਾਮ 'ਚ ਮੋਕਸ਼ ਦੀ ਗੱਲ ਦੂਜੇ ਢੰਗ ਨਾਲ ਕਹੀ ਗਈ ਹੈ ਅਤੇ ਜਨਮ ਅਤੇ ਮੌਤ ਦੇ ਚੱਕਰ ਤੋਂ ਬਾਹਰ ਨਿਕਲਿਆ ਜਾ ਸਕਦਾ ਹੈ। ਪਾਪ ਤੋਂ ਮੁਕਤੀ ਅਤੇ ਈਸ਼ਵਰ ਦੇ ਸਦੀਵੀ ਰੂਪ ਦੀ ਮਾਨਤਾ ਹੈ।

ਸਾਡੇ ਇੱਥੇ ਮੋਕਸ਼ ਹੈ ਤਾਂ ਉਨ੍ਹਾਂ ਦੇ ਇੱਥੇ ਮੁਕਤੀ ਜਾਂ ਉੱਦਾਰ ਹੈ। ਅਸਲੀ ਮੁੱਦਾ ਇਹ ਹੈ ਕਿ ਜਦੋਂ ਅਸੀਂ ਉਸ ਉਮਰ ਦੇ ਦੌਰ 'ਚ ਹਾਂ, ਜਦੋਂ ਕਦੇ ਵੀ ਅੱਖ ਬੰਦ ਹੋ ਸਕਦੀ ਹੈ, ਤਾਂ ਆਪਣੀ ਵਸੀਅਤ ਜ਼ਰੂਰ ਬਣਾ ਲਈਏ ਅਤੇ ਜਦੋਂ ਇਹ ਤੈਅ ਹੈ ਕਿ ਨਾ-ਮਾਲੂਮ ਕਦੋਂ ਤੱਕ ਜੀਵਾਂਗੇ, ਉਦੋਂ ਤੱਕ ਲਈ ਆਪਣੇ ਲਈ ਲੋੜੀਂਦੀਆਂ ਚੀਜ਼ਾਂ, ਜਿਵੇਂ ਰਹਿਣ ਨੂੰ ਆਪਣਾ ਘਰ ਅਤੇ ਰੋਜ਼ਾਨਾ ਦੇ ਖਰਚੇ ਲਈ ਜੇਬ ਜਾਂ ਬੈਂਕ 'ਚ ਲੋੜੀਂਦੇ ਪੈਸੇ ਰੱਖੀਏ, ਤਾਂ ਜੋ ਕਿਸੇ ਤੋਂ ਕੁਝ ਮੰਗਣ ਦੀ ਨੌਬਤ ਨਾ ਆਵੇ, ਭਾਵੇਂ ਇਸ ਲਈ ਆਪਣਿਆਂ ਤੋਂ ਬਹਿਸ ਜਾਂ ਮਨ-ਮੁਟਾਅ ਵੀ ਝੱਲਣਾ ਪਵੇ। ਆਪਣੀ ਆਜ਼ਾਦੀ ਬਣਾਈ ਰੱਖੀਏ, ਇੰਨਾ ਹੀ ਕਾਫੀ ਹੈ।

ਸਾਡੇ ਧਾਰਮਿਕ ਗ੍ਰੰਥਾਂ, ਕਹਾਣੀਆਂ ਅਤੇ ਪੌਰਾਣਿਕ ਕਥਾਵਾਂ 'ਚ ਇੱਛਾ ਮੌਤ ਦਾ ਵਰਦਾਨ ਪ੍ਰਾਪਤ ਹੋਣ ਦੀ ਗੱਲ ਕਹੀ ਗਈ ਹੈ। ਅਨੇਕਾਂ ਪਵਿੱਤਰ ਆਤਮਾਵਾਂ ਨੂੰ ਆਪਣੀ ਇੱਛਾ ਅਨੁਸਾਰ ਮੌਤ ਦੀ ਚੋਣ ਕਰਨ ਦੀ ਸ਼ਕਤੀ ਪ੍ਰਾਪਤ ਸੀ। ਅੱਜ ਇਸ ਦੀ ਇਜਾਜ਼ਤ ਮਾਣਯੋਗ ਸੁਪਰੀਮ ਕੋਰਟ ਨੇ ਆਪਣੇ ਫੈਸਲਿਆਂ 'ਚ ਦਿੱਤੀ ਹੈ। ਇਸ ਅਨੁਸਾਰ ਅਸਾਧ ਰੋਗਾਂ ਤੋਂ ਪੀੜਤ ਅਤੇ ਜੀਵਨ ਦੀ ਕੋਈ ਵੀ ਉਮੀਦ ਗੁਆ ਚੁੱਕੇ ਵਿਅਕਤੀਆਂ ਨੂੰ ਉਨ੍ਹਾਂ ਦਾ ਲਾਈਫ ਸਪੋਰਟ ਸਿਸਟਮ ਹਟਾਉਣ ਨੂੰ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਹੈ। ਇਸ ਦੀਆਂ ਵੀ ਦੋ ਕਿਸਮਾਂ ਹਨ, ਇਕ ਤਾਂ ਰੋਗੀ ਨੂੰ ਦਵਾਈ ਦੇ ਰੂਪ 'ਚ ਜ਼ਹਿਰ ਵਰਗਾ ਕੁਝ ਦੇ ਦਿੱਤਾ ਜਾਵੇ ਜਾਂ ਫਿਰ ਜੀਵਨਦਾਇਨੀ ਮਸ਼ੀਨਾਂ ਦਾ ਪਲੱਗ ਕੱਢ ਕੇ ਆਫ ਕਰ ਦਿੱਤਾ ਜਾਵੇ। ਸਵਾਲ ਹੈ ਕਿ ਕਿਸੇ ਪਰਿਵਾਰਕ ਜਾਂ ਰਾਜਨੀਤਿਕ ਝਗੜੇ 'ਚ ਕੋਈ ਅਜਿਹਾ ਵਿਅਕਤੀ, ਜਿਸ ਦੇ ਨਾ ਰਹਿਣ 'ਤੇ ਨਿੱਜੀ ਲਾਭ ਹੋਵੇ ਤਾਂ ਜੇਕਰ ਇਲਾਜ ਦੇ ਨਾਲ ਮਿਲੀਭੁਗਤ ਕਰ ਕੇ ਮੌਤ ਦਾਨ ਦੇ ਦਿੱਤਾ ਜਾਂਦਾ ਹੈ ਤਾਂ ਉਸ ਦੇ ਲਈ ਕਾਨੂੰਨ 'ਚ ਕੀ ਵਿਵਸਥਾ ਹੈ?

# ਬੇਲਗਾਮ ਸੋਸ਼ਲ ਮੀਡੀਆ ਸਮਾਜ ਲਈ ਖ਼ਤਰੇ ਦੀ ਘੰਟੀ

ਅਸੀਂ ਅਕਸਰ ਹੀ ਸੁਣਦੇ ਹੁੰਦੇ ਸੀ ਕਿ ਫਲਾਣੀ ਫ਼ਿਲਮ 'ਚ ਕੁਝ ਸਮਾਜ ਜਾਂ ਧਰਮ ਵਿਰੋਧੀ ਦ੍ਰਿਸ਼ ਹੋਣ ਕਾਰਨ ਭਾਰਤੀ ਸੈਂਸਰ ਬੋਰਡ ਨੇ ਫ਼ਿਲਮ ਦੇ ਸੰਬੰਧਿਤ ਦ੍ਰਿਸ਼ ਕਟਵਾ ਦਿੱਤੇ ਜਾਂ ਫਿਰ ਕੁਝ ਸਮਾਜਿਕ ਕਲੇਸ਼ ਵਧਣ ਦੇ ਡਰ ਤੋਂ ਬਚਣ ਲਈ ਕਿਸੇ ਫ਼ਿਲਮ ਜਾਂ ਗਾਣੇ ਦੇ ਗ਼ਲਤ ਸੰਵਾਦ ਹੋਣ ਕਾਰਨ ਸੈਂਸਰ ਬੋਰਡ ਨੇ ਫ਼ਿਲਮ ਜਾਂ ਗਾਣਿਆਂ ਦੇ ਸਮਾਜਕ 'ਚ ਆਉਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਪਰ ਅਜੋਕੇ ਸਮੇਂ ਜਦੋਂ ਹਰ ਘਰ ਸਮਾਰਟ ਫ਼ੋਨ ਹੈ ਅਤੇ ਇਨ੍ਹਾਂ ਨੂੰ ਵਰਤਣ ਵਾਲਿਆਂ 'ਚ ਬੱਚਿਆਂ ਦੀ ਵੱਡੀ ਗਿਣਤੀ ਹੈ, ਉੱਥੇ ਯੂਟਿਊਬ, ਫੇਸਬੁੱਕ, ਇੰਸਟਾਗ੍ਰਾਮ, ਵੱਟਸਐਪ, ਸਨੈਪਚੈਟ, ਟੈਲੀਗ੍ਰਾਮ ਜਿਹੇ ਪਲੇਟਫਾਰਮਾਂ 'ਤੇ ਬਗੈਰ ਕਿਸੇ ਰੋਕ-ਟੋਕ ਦੇ ਕੁਝ ਅਰਾਜਕ ਤੱਤ ਦਿਨ-ਰਾਤ ਧਰਮ ਤੇ ਜਾਤ ਦੇ ਅਧਾਰ 'ਤੇ ਨਫ਼ਰਤੀ ਟਿੱਪਣੀਆਂ ਕਰ ਕੇ ਸਮਾਜ ਅੰਦਰ ਜ਼ਹਿਰ ਘੋਲ ਰਹੇ ਹਨ ਅਤੇ ਪੈਸੇ ਕਮਾਉਣ ਲਈ ਵੱਡੀ ਪੱਧਰ 'ਤੇ ਅਸ਼ਲੀਲਤਾ ਵੀ ਪਰੋਸ ਰਹੇ ਹਨ। ਪਤਾ ਨਹੀਂ ਹੁਣ ਭਾਰਤੀ ਸੈਂਸਰ ਬੋਰਡ ਕਿੱਥੇ ਲੁਕ ਗਿਆ ਹੈ ਜਾਂ ਕਿਸੇ ਡੂੰਘੀ ਸਾਜਿਸ਼ ਅਧੀਨ ਸਮਾਜ ਨੂੰ ਜਾਗੂਰਕ ਕਰਨ ਤੋਂ ਰੋਕਣ ਲਈ ਸ਼ਰੇਆਮ ਜ਼ਿਆਦਾਤਰ ਗੰਦ ਲੋਕਾਂ ਸਾਹਮਣੇ ਪਰੋਸਣ ਦੀ ਭਾਰਤੀ ਸੈਂਸਰ ਬੋਰਡ ਵਲੋਂ ਖੁੱਲ੍ਹ ਦਿੱਤੀ ਜਾ ਰਹੀ ਹੈ।

ਸਮੇਂ ਦੀਆਂ ਸਰਕਾਰਾਂ ਵਲੋਂ ਇਸ ਵਿਰੁੱਧ ਕੋਈ ਢੁਕਵਾਂ ਕਾਨੂੰਨ ਨਾ ਬਣਾਉਣਾ ਵੀ ਕਈ ਸਵਾਲ ਖੜ੍ਹੇ ਕਰਦਾ ਹੈ। ਕਿਸੇ ਸਮੇਂ ਕੁਝ ਪ੍ਰਵਾਨਿਤ ਅਖ਼ਬਾਰ, ਰੇਡੀਓ, ਟੀ.ਵੀ. ਚੈਨਲ ਹੀ ਹੁੰਦੇ ਸਨ, ਜੋ ਪੂਰੀ ਜ਼ਿੰਮੇਵਾਰੀ ਨਾਲ ਖ਼ਬਰਾਂ ਆਦਿ ਦਾ ਪ੍ਰਸਾਰ ਕਰਦੇ ਸਨ ਅਤੇ ਮਨੋਰੰਜਨ ਵੀ ਕਰਦੇ ਸਨ, ਪਰ ਅੱਜ ਤਾਂ ਗਲੀ-ਗਲੀ ਲੋਕ ਆਪੋ-ਆਪਣਾ ਨਿੱਜੀ ਚੈਨਲ ਜਾਂ ਪੇਜ ਬਣਾ ਕੇ ਨਫ਼ਰਤ ਫੈਲਾ ਰਹੇ ਹਨ। ਲੋਕ ਵੀ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਅਵੇਸਲੇ ਹੋ ਕੇ ਇਨ੍ਹਾਂ ਨੂੰ ਵੇਖ-ਸੁਣ ਰਹੇ ਹਨ। ਮੁੱਠੀ ਭਰ ਲੋਕ ਇਕ-ਦੂਜੇ ਦੇ ਧਰਮਾਂ ਅਤੇ ਜਾਤਾਂ ਵਿਰੁੱਧ ਗ਼ਲਤ ਬਿਆਨਬਾਜ਼ੀ ਕਰਦੇ ਹਨ ਫਿਰ ਆਪ ਹੀ ਬਣੇ ਯੂਟਿਊਬਰ ਚੈਨਲ ਦੇ ਪੱਤਰਕਾਰ ਸਮਾਜ ਦੀ ਸ਼ਾਂਤੀ ਭੰਗ ਕਰਨ ਵਾਲੇ ਉਕਤ ਬਿਆਨ ਲੱਖਾਂ ਲੋਕਾਂ ਤੱਕ ਪਹੁੰਚਾ ਦਿੰਦੇ ਹਨ, ਜਿਸ ਤੋਂ ਬਾਅਦ ਸ਼ੁਰੂ ਹੁੰਦੇ ਹਨ ਧਾਰਮਿਕ ਅਤੇ ਸਮਾਜਿਕ ਦੰਗੇ। ਪਰ ਬੜੀ ਹੈਰਾਨੀ ਹੁੰਦੀ ਹੈ ਕਿ ਅਜਿਹੇ ਬਿਆਨ ਦੇਣ ਵਾਲੇ ਅਖੌਤੀ ਧਰਮ, ਜਾਤ ਦੇ ਠੇਕੇਦਾਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਉਲਟ ਜਾ ਕੇ ਸਮੇਂ ਦੀਆਂ ਸਰਕਾਰਾਂ ਇਨ੍ਹਾ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕਰਦੀਆਂ ਹਨ ਅਤੇ ਅਜਿਹੇ ਪੱਤਰਕਾਰਾਂ ਖ਼ਿਲਾਫ਼ ਵੀ ਕੋਈ ਕਾਰਵਾਈ ਨਹੀਂ ਹੁੰਦੀ।



ਇਨ੍ਹਾਂ ਤੋਂ ਇਲਾਵਾ ਕਈ ਯੂਟਿਊਬ ਚੈਨਲਾਂ ਰਾਹੀਂ ਕਈ ਨੀਮ-ਹਕੀਮ ਅਤੇ ਘਰ-ਘਰ ਬੈਠੇ ਕਈ ਲੋਕ ਬਗੈਰ ਕਿਸੇ ਡਿਗਰੀ ਦੇ ਡਾਕਟਰ ਬਣ ਲੱਖਾਂ ਰੁਪਏ ਕਮਾਉਣ ਲਈ ਵੱਖ-ਵੱਖ ਦਵਾਈਆਂ ਦਾ ਪ੍ਰਚਾਰ ਕਰਦੇ ਹਨ, ਜਿਨ੍ਹਾਂ ਪਿੱਛੇ ਲਗ ਕੇ ਲੱਖਾਂ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਆਰਥਿਕ ਲੁੱਟ ਵੀ ਕਰਵਾ ਲੈਂਦੇ ਹਨ ਪਰ ਕੋਈ ਵੀ ਸਿਹਤ ਵਿਭਾਗ ਇਨ੍ਹਾਂ ਨੂੰ ਕੋਈ ਸਵਾਲ-ਜਵਾਬ ਨਹੀਂ ਕਰਦਾ। ਇਸ ਤੋਂ ਇਲਾਵਾ ਕਈ ਲੋਕ ਬੈਗਾਨੀਆਂ ਧੀਆਂ-ਭੈਣਾਂ ਜਾਂ ਕਈ ਵਾਰ ਚੰਗੇ ਸਮਾਜਿਕ ਰੁਤਬੇ ਵਾਲੇ ਲੋਕਾਂ ਦੀਆਂ ਗ਼ਲਤ ਤਰੀਕੇ ਨਾਲ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਪਰ ਵਾਇਰਲ ਕਰ ਦਿੰਦੇ ਹਨ, ਜਿਸ ਕਾਰਨ ਸੰਬੰਧਿਤ ਵਿਅਕਤੀ ਜਾਂ ਪਰਿਵਾਰ ਭਾਰੀ ਮਾਨਸਿਕ ਪ੍ਰੇਸ਼ਾਨੀਆਂ 'ਚ ਚਲੇ ਜਾਂਦੇ ਹਨ ਅਤੇ ਕਈ ਵਾਰ ਅਜਿਹੇ ਪੀੜਤ ਮੌਤ ਨੂੰ ਗਲੇ ਲਗਾ ਲੈਂਦੇ ਹਨ। ਬਹੁਤ ਸਾਰੇ ਲੋਕ ਅਜਿਹੇ ਵੀ ਹਨ, ਜੋ ਪੈਸੇ

**ਮਾਸਟਰ ਹਰਪ੍ਰੀਤ ਸਿੰਘ**

ਕਮਾਉਣ ਲਈ ਅਸ਼ਲੀਲਤਾ ਭਰਪੂਰ ਫ਼ਿਲਮਾਂ ਅਤੇ ਦੂਹਰੇ ਅਰਥਾਂ ਵਾਲੀਆਂ ਰੀਲਾਂ ਜਬਰੀ ਘਰ-ਘਰ ਪਹੁੰਚਾ ਰਹੇ ਹਨ। ਇਨ੍ਹਾਂ ਅਸ਼ਲੀਲਤਾ ਫੈਲਾਉਣ ਵਾਲੇ ਅਨਸਰਾਂ 'ਤੇ ਵੀ ਪਾਬੰਦੀ ਲਗਾ ਕੇ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਹੁਣ ਵੱਡੀ ਹੱਦ ਤੱਕ ਬੱਚੇ ਵੀ ਇਨ੍ਹਾਂ ਦੀ ਲਪੇਟ 'ਚ ਆ ਰਹੇ ਹਨ।

ਇਕ ਹੋਰ ਅਤਿ ਗੰਭੀਰ ਮੁੱਦਾ ਮੋਬਾਈਲ ਗੇਮਾਂ ਦੇ ਨਾਂਅ 'ਤੇ ਆਨਲਾਈਨ ਜੂਆ ਘਰ-ਘਰ ਪੁੱਜਦਾ ਕਰਨ ਦਾ ਹੈ। ਦੇਸ਼ ਦੇ ਕਈ ਮਸ਼ਹੂਰ ਖਿਡਾਰੀ ਅਤੇ ਅਦਾਕਾਰ ਇਸ ਤਰ੍ਹਾਂ ਦੇ ਜੂਏ ਦੀ ਮਸ਼ਹੂਰੀ ਕਰ ਰਹੇ ਹਨ। ਲੋਕਾਂ ਨੂੰ ਇਹ ਆਨਲਾਈਨ ਗੇਮਾਂ ਖੇਡ ਕੇ ਲੱਖਾਂ ਰੁਪਏ ਕਮਾਉਣ ਦਾ ਲਾਲਚ ਦਿੱਤਾ ਜਾਂਦਾ ਹੈ ਪਰ ਸੱਚ ਇਹ ਕਿ ਇਸ ਆਨਲਾਈਨ ਜੂਏ ਨੇ ਕਈ ਘਰ ਉਜਾੜ ਦਿੱਤੇ ਹਨ। ਪਿੱਛੇ ਜਿਹੇ ਇਕ ਵਿਅਕਤੀ ਨੇ ਆਨਲਾਈਨ ਗੇਮ 'ਚ ਕੰਗਾਲ ਹੋਣ 'ਤੇ ਪੂਰੇ ਪਰਿਵਾਰ ਸਮੇਤ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ ਸੀ। ਇਕ ਪੁੱਤ ਨੇ ਆਪਣੇ ਪਿਤਾ ਨੂੰ ਇਸ ਕਰਕੇ ਮਾਰ ਦਿੱਤਾ ਕਿ ਪਿਤਾ ਘਰ ਦੇ 25 ਲੱਖ ਰੁਪਏ ਦਾ ਹਿਸਾਬ ਮੰਗਦਾ ਸੀ, ਜੋ ਕਿ ਉਸ (ਪੁੱਤ) ਨੇ ਆਨਲਾਈਨ ਜੂਏ 'ਚ ਗੁਆ ਦਿੱਤਾ ਸੀ। ਇਕ ਪਾਸੇ ਤਾਂ ਪੁਲਿਸ ਦਾਅਵੇ ਕਰਦੀ ਹੈ ਕਿ ਉਸ ਨੇ ਫਲਾਣੇ ਪਾਰਕ 'ਚ ਜੂਆ ਖੇਡਦੇ ਹੋਏ ਸੱਤ ਜੁਆਰੀਏ ਪੈਸਿਆਂ ਸਮੇਤ ਫੜੇ ਪਰ ਦੂਜੇ ਪਾਸੇ ਇਸ ਤਰ੍ਹਾਂ ਦਾ ਜੂਆ ਘਰ-ਘਰ ਪਹੁੰਚਾਇਆ ਜਾ ਰਿਹਾ ਹੈ, ਜਿਸ 'ਤੇ ਪੁਲਿਸ ਦੀ ਚੁੱਪੀ ਵੀ ਕਈ ਸਵਾਲ ਖੜ੍ਹੇ ਕਰਦੀ ਹੈ?

ਅਜੋਕੇ ਵਿਗਿਆਨਕ ਯੁੱਗ 'ਚ ਸਮਾਰਟ ਫ਼ੋਨ ਨੌਕਰੀ ਅਤੇ ਪੜ੍ਹਾਈ-ਲਿਖਾਈ ਲਈ ਜ਼ਰੂਰੀ ਹੋਣ ਕਰਕੇ ਮਾਪਿਆਂ ਅਤੇ ਬੱਚਿਆਂ ਲਈ ਰੱਖਣਾ ਜ਼ਰੂਰੀ ਹੋ ਗਿਆ ਹੈ ਪਰ ਇਸ ਸਮਾਰਟ ਫ਼ੋਨ 'ਤੇ ਚਲ ਰਹੇ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ ਜਿਹੇ ਪਲੇਟਫਾਰਮਾਂ ਨੂੰ ਸਰਕਾਰਾਂ ਜਾਂ ਕਾਨੂੰਨ ਦੇ ਰਖਵਾਲੇ ਬੇਲਗਾਮ ਕਿਉਂ ਹੋਣ ਦੇ ਰਹੇ ਹਨ? ਇਹ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮ ਬਹੁਤਿਆਂ ਘਰਾਂ 'ਚ ਕਲੇਸ਼, ਤਲਾਕ ਜਾਂ ਪਰਿਵਾਰਕ ਮਾਣ-ਸਨਮਾਨ ਦੇ ਟੁੱਟਣ ਦਾ ਕਾਰਨ ਬਣ ਚੁੱਕੇ ਹਨ। ਪਿੱਛੇ ਜਿਹੇ ਇਕ ਪੰਜਾਬੀ ਗਾਇਕ ਤੇ ਉਸ ਦੀ ਮਹਿਲਾ ਮਿੱਤਰ ਹਰ ਰੋਜ ਸ਼ੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਇਕ-ਦੂਜੇ ਦੇ ਅਤਿ ਸ਼ਰਮਨਾਕ ਰਾਜ਼ ਖੋਲ੍ਹਦੇ ਹੋਏ ਇਕ-ਦੂਜੇ ਨੂੰ ਗੰਦੀਆਂ-ਗੰਦੀਆਂ ਗਾਲਾਂ ਕੱਢਦੇ ਰਹੇ, ਜਿਸ ਨੂੰ ਵੇਖ-ਸੁਣ ਕੇ ਦਿਲ ਕਰਦਾ ਸੀ ਕਿ ਕਿਸੇ ਦੇ ਵੀ ਬੱਚੇ ਜਾਂ ਔਰਤ ਕੋਲ ਫ਼ੋਨ ਨਹੀਂ ਹੋਣਾ ਚਾਹੀਦਾ। ਸਰਕਾਰਾਂ ਨੂੰ ਵਿਧਾਨ ਸਭਾ 'ਚ ਕਾਨੂੰਨ ਪਾਸ ਕਰਕੇ ਇਸ ਬੇਲਗਾਮ ਸੋਸ਼ਲ ਮੀਡੀਆ ਨੂੰ ਨਿਯਮਤ ਕਰਨਾ ਚਾਹੀਦਾ ਹੈ।

ਸਭ ਤੋਂ ਜ਼ਰੂਰੀ ਹੈ ਕਿ ਬਗੈਰ ਕਿਸੇ ਰਜਿਸਟ੍ਰੇਸ਼ਨ ਜਾਂ ਮਾਨਤਾ ਦੇ ਪੱਤਰਕਾਰੀ ਦੇ ਗ਼ੈਰ-ਜ਼ਿੰਮੇਵਰਾਨਾ ਢੰਗ ਨਾਲ ਚਲ ਰਹੇ ਸਮਾਜ ਵਿਰੋਧੀ ਚੈਨਲਾਂ ਅਤੇ ਪੇਜਾਂ 'ਤੇ ਵੀ ਰੋਕ ਲੱਗਣੀ ਚਾਹੀਦੀ ਹੈ। ਠੀਕ ਹੈ ਕਿ ਇੰਟਰਨੈੱਟ ਅਤੇ ਸਮਾਰਟ ਫ਼ੋਨ ਸਮਾਜ ਲਈ ਆਧੁਨਿਕ ਯੁੱਗ 'ਚ ਬਹੁਤੇ ਲਾਹੇਵੰਦ ਹਨ ਪਰ ਇਨ੍ਹਾਂ ਦੇ ਬ਼ਗੈਰ ਕਿਸੇ ਨਿਯਮ ਜਾਂ ਕਾਨੂੰਨੀ ਲਗਾਮ ਦੇ ਬੇਪਰਵਾਹ ਹੋ ਕੇ ਚੱਲਣ ਨਾਲ ਸਮਾਜ ਦਾ ਬਹੁਤ ਨੁਕਸਾਨ ਵੀ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ 'ਚ ਇਹ ਸਮਾਜ ਲਈ ਖ਼ਤਰੇ ਦੀ ਘੰਟੀ ਸਾਬਤ ਹੋ ਸਕਦੇ ਹਨ।

# ਗਿੱਧੇ ਦਾ ਵਿਧਾਵੀ ਰੂਪ ਤਮਾਸ਼ਾ



ਭੋਲਾ ਸਿੰਘ ਸ਼ਮੀਰੀਆ

ਗਿੱਧਾ ਸਾਡੀ ਸੱਭਿਆਚਾਰਕ ਪਰੰਪਰਾ ਦਾ ਗੂੜ੍ਹਾ ਹਸਤਾਖਰ ਹੈ। ਹਰ ਖ਼ੁਸ਼ੀ ਦੇ ਮੌਕੇ ’ਤੇ ਨੱਚੇ ਜਾਣ ਵਾਲੇ ਇਸ ਨਾਚ ਨੂੰ ਕੁਝ ਅਰਸਾ ਪਹਿਲਾਂ ਸਿਰਫ਼ ਔਰਤਾਂ ਦਾ ਨਾਚ ਹੀ ਮੰਨਿਆ ਜਾਂਦਾ ਸੀ। ਹੁਣ ਇਸ ਨਾਚ ਵਿੱਚ ਮਰਦਾਂ ਦੀ ਸ਼ਮੂਲੀਅਤ ਵੀ ਹੋਣੀ ਸ਼ੁਰੂ ਹੋ ਗਈ ਹੈ। ਹੁਣ ਇਸ ਵਿਧਾ ਵਿੱਚ ਮਰਦ ਵੀ ਬੋਲੀਆਂ ਪਾ ਦਿੰਦੇ ਹਨ। ਮਰਦ ਨੱਚ ਵੀ ਲੈਂਦੇ ਹਨ। ਕਿਸੇ ਫਿਲਮਾਂਕਣ ਸਮੇਂ ਗਿੱਧੇ ਦੀ ਪੇਸ਼ਕਾਰੀ ਵਿੱਚ ਔਰਤਾਂ ਤੇ ਮਰਦਾਂ ਦੀ ਸ਼ਮੂਲੀਅਤ ਇਕੱਠੀ ਵੀ ਹੋਣੀ ਸ਼ੁਰੂ ਹੋ ਗਈ ਹੈ। ਇਸ ਤਰ੍ਹਾਂ ਸਟੇਜੀ ਰੂਪ ਵਿੱਚ ਗਿੱਧਾ ਦਰਸਾਇਆ ਤਾਂ ਜਾ ਸਕਦਾ ਹੈ, ਪਰ ਇਸ ਸਟੇਜੀ ਗਿੱਧੇ ਰਾਹੀਂ ਔਰਤਾਂ ਦੇ ਅੰਦਰੂਨੀ ਵਲਵਲਿਆਂ ਦੀ ਤਹਿ ਤੀਕ ਨਹੀਂ ਪੁੱਜਿਆ ਜਾ ਸਕਦਾ।

ਗਿੱਧਾ ਸਿਰਫ਼ ਨੱਚਣ ਜਾਂ ਖ਼ੁਸ਼ੀ ਦੇ ਪ੍ਰਗਟਾਵੇ ਦਾ ਹੀ ਇੱਕ ਜ਼ਰੀਆ ਨਹੀਂ ਹੁੰਦਾ, ਇਹ ਔਰਤਾਂ ਦੇ ਦੱਬੇ-ਘੁੱਟੇ ਜਜ਼ਬਾਤਾਂ ਦੇ ਪ੍ਰਗਟਾਵੇ ਦਾ ਸਬੱਬ ਵੀ ਬਣਦਾ ਹੈ। ਇਸ ਪਿੜ ਵਿੱਚ ਔਰਤਾਂ ਦੀਆਂ ਅਧੂਰੀਆਂ ਸੱਧਰਾਂ ਨੂੰ ਜੀਭ ਲੱਗਦੀ ਹੈ। ਉਨ੍ਹਾਂ ਦੇ ਟੁੱਟੇ ਹੋਏ ਅਰਮਾਨ ਤੇ ਅਧੂਰੀਆਂ ਖਾਹਿਸ਼ਾਂ ਗਿੱਧੇ ਦੇ ਪਿੜ ਵਿੱਚ ਮੇਹਣੋ-ਮੇਹਣੀ ਹੁੰਦੀਆਂ ਹਨ, ਪਰ ਇਸ ਤਰ੍ਹਾਂ ਦਾ ਪ੍ਰਗਟਾਵਾ ਤਦ ਹੀ ਸਾਕਾਰ ਹੁੰਦਾ ਹੈ ਜੇ ਇਸ ਨੂੰ ਇਕੱਲੀਆਂ ਔਰਤਾਂ (ਮਰਦਾਂ ਦੀ ਗ਼ੈਰ-ਹਾਜ਼ਰੀ ਵਿੱਚ) ਹੀ ਨੱਚਣ। ਆਪਣੀਆਂ ਅੰਦਰੂਨੀ ਪੀੜਾਂ ਜਾਂ ਅਧੂਰੀਆਂ ਕਾਮਿਕ ਪ੍ਰਵਿਰਤੀਆਂ ਦਾ ਖੁਲਾਸਾ ਔਰਤਾਂ ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਰਾਹੀਂ ਖੁੱਲ੍ਹ ਕੇ ਕਰਦੀਆਂ ਹਨ। ਇਸ ਸਮੇਂ ਗਿੱਧਾ ਪੈਰਾਂ ਦੀ ਤਾਲ ਤੇ ਹੱਥਾਂ ਦੀਆਂ ਤਾੜੀਆਂ ਤੱਕ ਹੀ ਸੀਮਤ ਨਹੀਂ ਰਹਿੰਦਾ, ਸਰੀਰਕ ਮੁਦਰਾਵਾਂ ਨੂੰ ਵੀ ਇਸ ਦਾ ਹਿੱਸਾ ਬਣਾਇਆ ਜਾਂਦਾ ਹੈ।

ਗਿੱਧੇ ਰਾਹੀਂ ਔਰਤਾਂ ਆਪਣੀ ਅੰਦਰੂਨੀ ਪੀੜਾ ਦਾ ਪ੍ਰਗਟਾਵਾ ਕਰਦੀਆਂ ਹਨ, ਪਰ ਕਈ ਵਾਰ ਉਸ ਪੀੜ ਦਾ ਵਿਸਥਾਰ ਸਾਹਿਤ ਵਿਸ਼ਲੇਸ਼ਣ ਕਰਨ ਦੇ ਮੰਤਵ ਨਾਲ ਗਿੱਧੇ ਵਿੱਚ ਤਮਾਸ਼ੇ ਦੀ ਵਿਧਾ ਰਾਹੀਂ ਸਥਿਤੀ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦਾ ਤਮਾਸ਼ਾ ਮਰਦਾਂ ਦੀ ਗ਼ੈਰ-ਹਾਜ਼ਰੀ ਵਿੱਚ ਕੀਤਾ ਜਾਂਦਾ ਹੈ। ਤਮਾਸ਼ਾ ਕਿਸੇ ਭਾਵਨਾ ਨੂੰ ਉਜਾਗਰ ਕਰਨ ਦਾ ਸਿਖਰ ਹੁੰਦਾ ਹੈ। ਇਸ ਤਮਾਸ਼ੇ ਵਿੱਚ ਜ਼ਿਆਦਾ ਕਰਕੇ ਵਿਆਹੀਆਂ ਹੋਈਆਂ ਔਰਤਾਂ ਹੀ ਸ਼ਾਮਲ ਹੁੰਦੀਆਂ ਹਨ ਕਿਉਂਕਿ ਇਹ ਦੁਖਦੀਆਂ ਰਗਾਂ ਦਾ ਹਕੀਕੀ ਰੂਪ ਸਿਰਫ਼ ਵਿਆਹੀਆਂ ਔਰਤਾਂ ਦੇ ਹੀ ਅਨੁਭਵ ਖੇਤਰ ਨਾਲ ਸਬੰਧਿਤ ਹੁੰਦਾ ਹੈ। ਇਸ ਨਾਚ ਨੂੰ ਔਰਤਾਂ ਜ਼ਿਆਦਾ ਕਰਕੇ ਜੰਨ ਚੜ੍ਹ ਜਾਣ ਤੋਂ ਬਾਅਦ ਹੀ ਆਪਣੇ ਵਿਹੜੇ ਵਿੱਚ ਨੱਚਦੀਆਂ ਹਨ ਕਿਉਂਕਿ ਮਰਦ ਮੈਂਬਰ ਸਾਰੇ ਹੀ ਬਰਾਤ ਚਲੇ ਜਾਂਦੇ ਹਨ ਤੇ ਇਕੱਲੀਆਂ ਔਰਤਾਂ ਗਿੱਧੇ ਵਿੱਚ ਤਮਾਸ਼ੇ ਦੀ ਵਿਧਾ ਰਾਹੀਂ ਆਪਣੇ ਗੁੱਭ-ਗਲਾਟ ਕੱਢਦੀਆਂ ਹਨ।

ਤਮਾਸ਼ਾ ਕੋਈ ਵੱਖਰਾ ਨਾਚ ਨਹੀਂ ਹੈ। ਇਹ ਗਿੱਧੇ ਦਾ ਹੀ ਇੱਕ ਹਿੱਸਾ ਹੈ। ਤਮਾਸ਼ੇ ਵਿੱਚ ਲੋਕ-ਕਾਵਿ, ਨਾਚ ਅਤੇ ਨਾਟਕੀ ਅੰਦਾਜ਼ (ਅਭਿਨੈ) ਮਿਸ਼ਰਤ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ। ਕੁਝ ਨਾ ਦੱਸਣਯੋਗ ਜਾਂ ਮਰਿਆਦਾ ਦੇ ਉਲਟ ਸਮਝੀਆਂ ਜਾਣ ਵਾਲੀਆਂ ਗੱਲਾਂ ਨੂੰ ਤਮਾਸ਼ੇ ਦੇ ਰੂਪ ਵਿੱਚ ਦਰਸਾ ਕੇ ਔਰਤਾਂ ਆਪਣੇ ਮਨ ਨੂੰ ਹੌਲਾ ਕਰਦੀਆਂ ਹਨ। ਇਸ ਅਦਾਕਾਰੀ ਵਿੱਚ ਇੱਕ ਔਰਤ ਗਿੱਧੇ ਦੇ ਗੋਲ-ਘੇਰੇ ਵਿੱਚ ਅੱਗੇ ਆਉਂਦੀ ਹੈ ਤੇ ਇੱਕ ਹੋਰ ਔਰਤ ਉਸ ਦੀ ਵਾਰਤਾਲਾਪ ਦਾ ਹੁੰਗਾਰਾ ਭਰਦੀ ਹੋਈ ਉਸ ਦਾ ਸਹਿਯੋਗ ਦਿੰਦੀ ਹੈ। ਇਸ ਪ੍ਰਸੰਗ ਵਿੱਚ ਸਮੁੱਚਾ ਪੰਡਾਲ ਤੋੜੇ ਦੇ ਰੂਪ ਵਿੱਚ ਇਕੱਠਾ ਹੀ ਉਸ ਦਾ ਸਾਥ ਦਿੰਦਾ ਹੈ। ਇਸ ਤਮਾਸ਼ੇ ਰਾਹੀਂ ਸਮੁੱਚੇ ਬਿਰਤਾਂਤ ਦੇ ਮੁਖ ਮਨੋਰਥ ਨੂੰ ਉਭਾਰਿਆ ਜਾਂਦਾ ਹੈ। ਜਿਵੇਂ ਇੱਕ ਔਰਤ ਆਪਣੇ ਪਤੀ ਤੋਂ ਖੱਟੇ ਨਿੰਬੂ ਮੰਗਵਾਉਂਦੀ ਹੈ। ਔਰਤ ਖੱਟਾ ਕਦੋਂ ਖਾਂਦੀ ਹੈ, ਇਹ ਇੱਕ ਸੰਕੇਤਕ ਇਸ਼ਾਰਾ ਵੀ ਦਿੱਤਾ ਜਾਂਦਾ ਹੈ। ਜਦੋਂ ਉਸ ਦਾ ਪਤੀ ਉਸ ਦਾ ਇਸ਼ਾਰਾ ਨਹੀਂ ਸਮਝਦਾ ਤਾਂ ਉਸ ਨੂੰ ਖਿਝ ਚੜ੍ਹਦੀ ਹੈ। ਉਹ ਹੋਰ ਖਿਝ ਕੇ ਬੋਲਦੀ ਹੈ। ਜਿਵੇਂ;

**ਇੱਕ ਔਰਤ:** ਵੇ ਰਾਮੇ ਦੇ ਭਾਈਆ

**ਸਾਰਾ ਪੰਡਾਲ:** ਹਾਂ ਜੀ (ਇਕੱਠੀਆਂ ਇੱਕੋ ਰਾਗ ਵਿੱਚ ਬੋਲਦੀਆਂ ਹਨ)

**ਪਹਿਲੀ ਔਰਤ:** ਵੇ ਦੋ ਖੱਟੇ ਲਿਆ ਦੇ (ਜ਼ਮੀਨ ’ਤੇ ਲੇਟ ਕੇ ਮੇਲ੍ਹਦੀ ਹੈ)

**ਸਾਰਾ ਪੰਡਾਲ:** ਹਾਂ ਜੀ (ਇਕੱਠੀਆਂ ਹੀ ਬੋਲਦੀਆਂ ਹਨ)

**ਪਹਿਲੀ ਔਰਤ:** ਵੇ ਮੇਰੇ ਪੀੜ ਕਲੇਜੇ

**ਸਾਰਾ ਪੰਡਾਲ:** ਹਾਂ ਜੀ।

**ਪਹਿਲੀ ਔਰਤ:** ਵੇ ਤੇਰੀ ਸੜ ਜੇ ਹਾਂ ਜੀ (ਹੋਰ ਖਿਝਦੀ ਹੋਈ ਬੋਲਦੀ ਹੈ)

**ਸਾਰਾ ਪੰਡਾਲ:** ਹਾਂ ਜੀ (ਇਕੱਠੀਆਂ ਹੀ ਸਾਰੀਆਂ ਬੋਲਦੀਆਂ ਹਨ)

**ਪਹਿਲੀ ਔਰਤ:** ਵੇ ਜਿੰਦ ਨਿਕਲ ਚੱਲੀ (ਹੋਰ ਖਿਝੀ ਤੇ ਗੁੱਸੇ ਦੇ ਭਾਵ ਵਿੱਚ)

**ਸਾਰਾ ਪੰਡਾਲ :** ਹਾਂ ਜੀ।

**ਪਹਿਲੀ ਔਰਤ:** ਵੇ ਮੈਂ ਮਰਦੀ ਜਾਂਦੀ (ਭੁੰਜੇ ਲੇਟੀ ਹੋਈ ਹੋਰ ਖਿਝਦੀ ਹੈ)

**ਸਾਰਾ ਪੰਡਾਲ :** ਹਾਂ ਜੀ।

**ਪਹਿਲੀ ਔਰਤ:** ਵੇ ਤੈਨੂੰ ਅਕਲ ਨਾ ਆਂਦੀ (ਮੱਥੇ ਨੂੰ ਕੱਸਦੀ ਹੋਈ ਹੋਰ ਖਿਝਦੀ ਹੈ)

**ਸਾਰਾ ਪੰਡਾਲ :** ਹਾਂ ਜੀ।

**ਪਹਿਲੀ ਔਰਤ:** ਵੇ ਦੋ ਖੱਟੇ ਲਿਆ ਦੇ ਵੇ, ਮੇਰੇ ਉੱਠੀ ਕਲੇਜੇ ਪੀੜ।

ਇੱਥੇ ਸਾਰਾ ਹੀ ਪੰਡਾਲ ਤੋੜੇ ਦੇ ਰੂਪ ਵਿੱਚ ਉਸ ਦੇ ਨਾਲ ਬੋਲ ਉੱਠਦਾ ਹੈ। ਇਸ ਤਰ੍ਹਾਂ ਇਹ ਤਮਾਸ਼ਾ ਔਰਤ ਵੱਲੋਂ ਗਰਭਵਤੀ ਹੋਣ ਦਾ ਪ੍ਰਮਾਣ ਬਣਦਾ ਹੈ। ਔਰਤ ਵੱਲੋਂ ਖੱਟਾ ਖਾਣ ਤੋਂ ਭਾਵ ਉਸ ਨੂੰ (ਆਪਣੇ ਪਤੀ) ਆਪਣੀ ਗਰਭ ਅਵਸਥਾ ਦਾ ਸੰਕੇਤ ਦੇਣਾ ਹੁੰਦਾ ਹੈ। ਇਨ੍ਹਾਂ ਤਮਾਸ਼ਿਆਂ ਰਾਹੀਂ ਔਰਤ ਆਪਣੀ ਸੱਸ ਜਾਂ ਨਣਦ ਵਰਗੇ ਰਿਸ਼ਤਿਆਂ ਨੂੰ ਵੀ ਖੁੱਲ੍ਹ ਕੇ ਚੁਣੌਤੀ ਦਿੰਦੀ ਹੈ ਕਿਉਂਕਿ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਦਾ ਔਰਤਾਂ ਕੋਲ ਇਹੀ ਸਮਾਂ ਹੁੰਦਾ ਹੈ ਜਦੋਂ ਉਨ੍ਹਾਂ ਦੇ ਅੰਦਰ ਘੁੱਟਿਆ ਹੋਇਆ ਅਰਮਾਨਾਂ ਦਾ ਲਾਵਾ ਬਾਹਰ ਨਿਕਲਦਾ ਹੈ। ਕਿਸੇ ਔਰਤ ਦੇ ਘਰ ਦਾ ਕਲੇਸ਼ ਗੁਆਂਢਣਾਂ ਦੇ ਕੰਨੀ ਪੈਂਦਾ ਹੈ ਤੇ ਗੁਆਂਢਣ ਉਸ ਤੋਂ ਰਾਤ ਦੇ ਰੌਲੇ-ਰੱਪੇ ਬਾਰੇ ਨਾਟਕੀ ਅੰਦਾਜ਼ ਵਿੱਚ ਪੁੱਛਦੀ ਹੈ ਜੋ ਤਮਾਸ਼ੇ ਦੀ ਪੇਸ਼ਕਾਰੀ ਬਣਦੀ ਹੈ। ਇਨ੍ਹਾਂ ਤਮਾਸ਼ਿਆਂ ਰਾਹੀ ਔਰਤਾਂ ਦੇ ਆਪਣੇ ਤਨ ’ਤੇ ਹੰਢਾਏ ਦੁਖਾਂਤ ਵੀ ਚਿਤਰੇ ਜਾਂਦੇ ਹਨ।

ਕਲਾਤਮਿਕ ਬਣਤਰ ਦੇ ਪੱਖੋਂ ਗਿੱਧੇ ਦੀ ਇਹ ਵਿਧਾ ਸਾਂਭਣ ਦੀ ਮੰਗ ਕਰਦੀ ਹੈ ਕਿਉਂਕਿ ਤਮਾਸ਼ਾ ਕਾਵਿਮਈ, ਸੰਗੀਤਮਈ, ਅਦਾਕਾਰੀ ਤੇ ਪੇਸ਼ਕਾਰੀ ਦੇ ਪੱਖ ਤੋਂ ਦਿਲਖਿੱਚਵੀਂ ਵਿਧਾ ਦੇ ਰੂਪ ਵਿੱਚ ਸਾਡੇ ਰੂਬਰੂ ਹੁੰਦਾ ਹੈ। ਜਿੱਥੇ ਇਹ ਪੇਸ਼ ਕੀਤੇ ਜਾ ਰਹੇ ਬਿਰਤਾਂਤ ਦਾ ਕੇਂਦਰ-ਬਿੰਦੂ ਬਣਦਾ ਹੈ, ਉੱਥੇ ਇਹ ਗਿੱਧੇ ਦੇ ਵਿਚਕਾਰਲੇ ਪੱਖ ਦਾ ਵੀ ਕੇਂਦਰ-ਬਿੰਦੂ ਬਣਦਾ ਹੋਇਆ ਹਾਸ-ਰਸ ਦੀ ਵੰਨਗੀ ਵਜੋਂ ਵੀ ਪੇਸ਼ ਹੁੰਦਾ ਹੈ। ਸਾਡਾ ਇਹ ਲੋਕਧਰਾਈ ਰੂਪ ਸਮੇਂ ਦੀ ਧੂੜ ਵਿੱਚ ਗੁੰਮ ਹੁੰਦਾ ਜਾ ਰਿਹਾ ਹੈ। ਸੋ ਅਜਿਹੀ ਵਿਧਾ ਨੂੰ ਸਾਂਭਣ ਦੀ ਲੋੜ ਹੈ।






# ਤੋਹਫਿਆਂ ਦੀ ਰੇਲ

ਘਰਵਾਲੀ ਦਾ ਫ਼ਰਮਾਨ ਸੁਣੋ ਅੱਧੇ ਘੰਟੇ ਵਾਸਤੇ ਆਪਣਾ ਫੋਨ ਕਰੋ ਬੰਦ ਤੇ ਡਾਇਨਿੰਗ ਟੇਬਲ ’ਤੇ ਬੈਠੋ। ਅੱਜ ਆਪਣੇ ਤੋਹਫ਼ੇ ਖੋਲ੍ਹ ਕੇ ਦੇਖੋ, ਪੰਜ ਸੱਤ ਤਾਂ ਪਿਛਲੇ ਸਾਲ ਵਾਲੇ ਵੀ ਉਵੇਂ ਹੀ ਪਏ। ਇਨ੍ਹਾਂ ਤੋਂ ਪੁਰਾਣੀਆਂ ਸਲਿਪਾਂ ਲਾਹੋ, ਨਵੀਆਂ ਲਾਵੋ। ਜੀਹਦਾ ਕਾਗਜ਼ ਵਧੀਆ, ਉਹ ਰੱਖ ਲਓ। ਪੈਕ ਕਰਨ ਵਾਲਾ ਨਵਾਂ ਸਮਾਨ ਲੈ ਆਈ ਹਾਂ। ਜਿਹੜੇ-ਜਿਹੜੇ ਬੰਦਿਆਂ ਨੂੰ ਦੀਵਾਲੀ ਦੇ ਤੋਹਫ਼ੇ ਦੇਣੇ ਨੇ, ਉਸ ਹਿਸਾਬ ਨਾਲ ਪੈਕ ਕਰੀ ਜਾਓ ਤੇ ਆਹ ਨਵੀਆਂ ਸਲਿਪਾਂ ਲਿਖੀ ਜਾਓ। ਉਹ ਇੱਕੋ ਸਾਹ ਇੰਨਾ ਕੁਝ ਕਹਿ ਗਈ ਕਿ ਮੇਰੀ ਪਹਿਲੀ ਪੀਤੀ ਚਾਹ ਲਹਿ ਗਈ।

ਮੇਰੇ ਕੋਲ ਟਾਲ-ਮਟੋਲ ਦਾ ਹੋਰ ਕੋਈ ਬਹਾਨਾ ਨਹੀਂ ਸੀ। ਮੈਂ ਸਤਿ ਬਚਨ ਕਹਿ ਕੇ ਮੇਜ਼ ’ਤੇ ਕੂਹਣੀਆਂ ਰੱਖ ਕੇ ਬਹਿ ਗਿਆ ਤੇ ਕੰਮ ਦੀ ਸ਼ੁਰੂਆਤ ਦਾ ਆਸਰਾ ਲੈ ਕੇ ਕਿਹਾ, “ਲੈ ਫਿਰ ਮੈਨੂੰ ਅੱਧਾ ਕੱਪ ਕਰੜੀ ਜਿਹੀ ਚਾਹ ਹੋਰ ਪਿਆ ਦੇ। ਮੈਂ ਬਣਾਉਣਾ ਤੋਹਫਿਆਂ ਦੀ ਰੇਲ।”ਤੇ ਨਾਲ ਹੀ ਵੱਡੇ ਆਕਾਰ ਦਾ ਪੁਰਾਣਾ ਪੈਕ ਤੋਹਫਾ ਹੱਥੀਂ ਉਗਾਸ ਕੇ ਕਿਹਾ, “ਆਹਾ ਤਾਂ ਕੱਚ ਦੇ ਭਾਂਡੇ ਲੱਗਦੇ ਨੇ ਭਾਰੇ ਜਿਹੇ।” ਪਤਨੀ ਨੇ ਚਾਹ ਧਰਦਿਆਂ ਕਿਹਾ, “ਆਹੋ। ਆਹਾ ਡੌਂਗੇ ਤੇ ਕੌਲੀਆਂ ਰਮਨ ਕੇ ਦੇ ਆਓ, ਉਹ ਆਪ ਹਰ ਦੀਵਾਲੀ ਨੂੰ ਪੱਕਾ ਆਉਂਦੈ। ਐਤਕੀਂ ਲੇਟ ਆ। ਆਹਾ ਲੰਮੇ-ਲੰਮੇ ਗਲਾਸ ਤੇ ਜੱਗ ਬਲਜੀਤ ਕੇ ਦੇ ਗਏ ਸੀ ਪਿਛਲੇ ਸਾਲ, ਇਹ ਕੁਲਦੀਪ ਨੂੰ ਆਏ ਨੂੰ ਫੜਾ ਦਿਓ। ਕੁਰਾਲੀ ਕਿਹੜਾ ਜਾਊ। ਦੀਵਾਲੀ ਕਰ ਕੇ ਸੜਕਾਂ ’ਤੇ ਲੋਕ ਇਉਂ ਫਿਰਦੇ ਜਿਵੇਂ ਭੌਣ ’ਤੇ ਕੀੜੇ!”ਮੈਂ ਵਿਅੰਗ ਜਿਹੇ ਨਾਲ ਕਿਹਾ, “ਕੁਲਦੀਪ ਨੂੰ ਗਲਾਸ ਕਿਵੇਂ?”ਕਹਿੰਦੀ, “ਉਵੇਂ ਹੀ ਬਾਪੂ ਬੇਬੇ ਸਿਆਲ ’ਚ ਦੁੱਧ ਚਾਹ ਪੀਆ ਕਰਨਗੇ।” “ਨਾਲ ਹੀ ਦੋਨੋਂ ਮੱਘ ਪਾ ਦਿਓ।” ਮੈਂ ਪੈਂਦੀ ਸੱਟੇ ਕਿਹਾ, “ਫਿਰ ਬੀਬੀਆਂ ਰਹਿ ਗਈਆਂ, ਉਨ੍ਹਾਂ ਦਾ ਵੀ ਪਾਓ ਕੁਸ।” “ਹਾਂ ਘਰ ਦਾ ਬਣਿਆ ਕੇਕ ਹੈ, ਮਖਾਣੇ ਪਾ ਦਿੰਦੀ ਹਾਂ। ਗੁੱਗੂ ਪੜ੍ਹਦੀ ਆ, ਦਿਮਾਗ ਤੇਜ਼ ਰਹੂ ਕੁੜੀ ਦਾ।”

“ਤੇ ਬਾਬਾ ਜੀ ਦੀ ਫੋਟੋ ਸਲਿਪ ਲਾਹ ਕੇ ਜਰਨੈਲ ਨੂੰ ਦੇ ਆਇਓ, ਸੇਬ ਲੈ ਜਾਇਓ। ਉਹ ਕਦੇ ਖਾਲੀ ਨਹੀਂ ਆਇਆ।”

“ਆਹਾ ਇੱਕ ਹੋਰ ਆ ਪਹਿਲਾਂ ਚਾਹ ਪੀਓ ਬਲਜੀਤ ਹੋਰੀਂ ਹਰ ਸਾਲ ਦੋ ਤਿੰਨ ਨਗ ਲੈ ਕੇ ਆਉਂਦੇ। ਸੱਚ ਐਤਕੀਂ ਤਾਂ ਉਨ੍ਹਾਂ ਦੀਵਾਲੀ ਨਹੀਂ ਮਨਾਉਣੀ ਬਾਪੂ ਕਰ ਕੇ ਇਹ ਵੀ ਆ ਹਾਂ! ਬਾਪੂ ਤੁਰ ਗਿਆ ਸੀ ਲੋਹੜੀ ਦੇ ਲੱਗਭਗ ਜੇ।”

ਮੈਂ ਕਿਹਾ, “ਇਸ ਤਰ੍ਹਾਂ ਕਰਾਂਗੇ, ਉਨ੍ਹਾਂ ਨੇ ਵੱਡੀ ਗੱਡੀ ਨਵੀਂ ਖਰੀਦੀ ਆ, ਵਧਾਈ ਦੇ ਆਵਾਂਗੇ, ਨਾਲੇ ਘਰ ਦੇ ਬਣੇ ਬਿਸਕੁਟ ਲੈ ਚੱਲਾਂਗੇ।” ਪਤਨੀ ਨੇ ਗੱਲ ਪੂਰੀ ਕੀਤੀ, “ਜਿਹਦੇ ਕੁਝ ਦੇਣਾ, ਅੱਜ ਹੀ ਨਿਬੇੜੋ।” ਅਗਲਾ ਪਹਿਲਾਂ ਨਾ ਆ ਜਾਵੇ।



ਮੈਂ ਚਾਹ ਪੀਂਦੇ-ਪੀਂਦੇ ਕਿਹਾ, “ਆਪਾਂ ਅੰਦਰ ਬੈਠ ਕੇ ਪੈਕਿੰਗ ਕਰਦੇ ਆਂ, ਕੋਈ ਆ ਈ ਜਾਂਦਾ। ਕਹਿੰਦੀ, “ਤੁਹਾਡੀ ਮਰਜ਼ੀ ਕਿਤੇ ਬੈਠੋ, ਬੈਠ ਤਾਂ ਜਾਓ। ਐਨਾ ਚੱਕਰ ਨਹੀਂ ਹੁੰਦਾ, ਸਭ ਇਹੀ ਕੰਮ ਕਰਦੇ ਨੇ। ਐਨੇ ਭਾਂਡੇ, ਫੋਟੋਆਂ, ਗਿਫਟ ਕਿੱਥੇ ਧਰੀਏ। ਆਪਣੇ ਤਾਂ ਅਜੇ ਆਉਣੇ ਬਥੇਰੇ। ਤੁਹਾਡਾ ਬੈਂਸ ਸਾਹਿਬ ਜ਼ਰੂਰ ਪਹੁੰਚੂਗਾ

**ਗੁਰਮੇਲ ਸਿੰਘ ਸਿੱਧੂ**

ਪਰ ਐਤਕੀਂ ਬਿਮਾਰ ਹੈ, ਹੁਣ ਉਮਰ ਵੀ ਹੋਗੀ। ਭੋਲੀ ਦੱਸਦੀ ਸੀ ਫੋਨ ’ਤੇ ਕਹਿੰਦੀ ਫੁੱਫੜ ਜੀ ਢਿੱਲੇ ਨੇ, ਹੁਣ ਤਾਂ ਘਰ ’ਚ ਹੀ ਰਹਿੰਦੇ ਨੇ। ਆਪਾਂ ਵੀ ਨਹੀਂ ਗਏ। ਤੁਸੀਂ ਸਿਆਣੇ ਬੰਦਿਆਂ ਵੱਲ ਆਪ ਜਾ ਆਇਓ। ਤੁਹਾਡੇ ਦਫ਼ਤਰ ਵਾਲੇ ਸੁਪਰਡੈਂਟ ਦਾ ਮੁੰਡਾ ਉਨ੍ਹਾਂ ਤੋਂ ਬਾਅਦ ਵੀ ਪੱਕਾ ਆਉਂਦਾ ਹਰ ਤਿੱਥ ਤਿਉਹਾਰ। ਆਪਾਂ ਚਲਾਂਗੇ, ਨਾਲੇ ਆਂਟੀ ’ਕੱਲੀ ਆ, ਵਿਚਾਰੀ ਨੂੰ ਮਿਲ ਆਵਾਂਗੇ।

“ਬਾਕੀ ਆਹਾ ਵਿਨੋਦ ਕੇ ਡਾਕਟਰ ਕਪਿਲ ਤੇ ਤੁਹਾਡੀ ਯੂਨੀਅਨ ਵਾਲੇ ਇੱਕ ਹੋਰ ਨਵੇਂ ਚੇਲੇ ਚਾਚਾ ਜੀ, ਚਾਚਾ ਜੀ ਵਾਲੇ। ਉਹ ਗੋਲੂ ਜਿਹਾ ਕਟੋਚ, ਕਟੋਚ ਕਰਦੇ ਹੋਂ ਤੇ ਤੋਕੀ ਦਾ ਮੁੰਡਾ ਹਰ ਸਾਲ ਆਉਂਦਾ। ਪਰਮਿੰਦਰ ਮੋਟਾ। ਜਸਵੀਰ ਹੋਰੀਂ ਸੱਚ ਓਧਰ ਬਾਬਾ ਜੀ ਦੇ 48 ਸੈਕਟਰ ਵੀ ਜਾਣਾ। ਬਸ ਐਂ ਹੀ ਸਿਲਸਿਲਾ ਚੱਲਦਾ, ਜਦੋਂ ਦੇ ਤਿੰਨ ਚਾਰ ਦਹਾਕਿਆਂ ਤੋਂ ਪਰਿਵਾਰ ਸਮੇਤ ਚੰਡੀਗੜ੍ਹ ਰਹਿਣ ਲੱਗੇ ਹਾਂ। ਥੋੜ੍ਹਾ ਹੋਰ ਯਾਦ ਕਰ ਲਓ, ਫਿਰ ਮੈਨੂੰ ਕਹੀ ਜਾਓਗੇ ਯਾਦ ਨਹੀਂ ਕਰਵਾਇਆ। ਆਹਾ ਸੁਸਾਇਟੀ ’ਚ ਤੁਸੀਂ ਇੱਕ ਨਵਾਂ ਭਾਲਿਆ ਜਿਹਦੇ ਕਾਲਜ ਤੇ ਹਸਪਤਾਲ ਦੱਸਦੇ ਹੋ, ਤੇ ਤਿੰਨ ਚਾਰ ਪਾਣੀ ਵਾਲੇ ਜਹਾਜ਼, ਜਿਨ੍ਹਾਂ ਦਾ ਮੁੰਡਾ ਸਰਦਾਰ ਆ, ਮੋਟੂ ਜਾ, ਐਡੇ ਵੱਡੇ ਜੂੜੇ ਵਾਲਾ।” ਪਤਨੀ ਨੇ ਅੱਧੇ ਘੰਟੇ ’ਚ ਮੇਰੇ ਮਨ ਉੱਪਰ 48 ਘੰਟਿਆਂ ਦਾ ਬੋਝ ਪਾ ਦਿੱਤਾ। ਮੈਂ ‘ਹਾਂ-ਹਾਂ’ ਕਰੀ ਜਾਵਾਂ।

“ਸੱਚ ਆਹਾ ਤਰਲੋਚਨ ਬਾਬਾ।”

ਮੈਂ ਕਿਹਾ, “ਕਿਹੜਾ ਤਰਲੋਚਨ?” ਕਹਿੰਦੀ, “ਆਪਣੀ ਸੁਸਾਇਟੀ ਵਾਲਾ ਫੌਜੀ, ਤੁਸੀਂ ਸੋਚਦੇ ਹੋ ਤੁਹਾਡਾ ਅਖਬਾਰਾਂ ਵਾਲਾ! ਉਹ ਤਾਂ ਕਿੱਥੇ ਆਉਂਦਾ ਕਿਸੇ ਦੇ, ਤੁਸੀਂ ਜ਼ਰੂਰ ਜਾਂਦੇ ਹੋ ਹਰ ਸਾਲ। ਹੁਣ ਤੁਸੀਂ ਵੀ ਨਹੀਂ ਗਏ ਪਿਛਲੇ ਸਾਲ ਤੋਂ।”ਮੈਂ ਕਿਹਾ, “ਹਾਂ ਉਹ ਆਪ ਤਾਂ?” ਉਹ ਵਿੱਚੋਂ ਬੋਲੀ, “ਜਾਂਦਾ ਹੋਊ ਪਰ ਵੱਡਿਆਂ ਦੇ।” ਮੈਂ ਕਿਹਾ, “ਚੜ੍ਹਦੇ ਸੂਰਜ ਨੂੰ ਸਲਾਮਾਂ ਨੇ।”

ਅਸੀਂ ਨਾਲ-ਨਾਲ ਤੋਹਫ਼ੇ ਪੈਕ ਕਰੀ ਜਾਂਦੇ ਸੀ। ਹਾਸੇ ਦੀ ਗੱਲ ਯਾਦ ਆਈ- ਇੱਕ ਵਾਰ ਮੇਰਾ ਦੋਸਤ ਬਚਿੱਤਰ ਦੱਸੇ ਪਟਿਆਲੇ ਵਾਲਾ, ਕਹਿੰਦਾ ਜਿਹੜਾ ਗਿਫਟ ਮੈਂ ਆਪਣੇ ਮਹੱਲੇ ਵਿੱਚ ਕਿਸੇ ਦੋਸਤ ਨੂੰ ਦੇ ਕੇ ਆਇਆ ਸੀ। ਉਹ ਦੂਜੇ ਤੀਜੇ ਦਿਨ ਨਵੀਂ ਪੈਕਿੰਗ ਵਿੱਚ ਸਾਡੇ ਘਰ ਹੀ ਵਾਪਸ ਆ ਗਿਆ।

ਇਹ ਰੁਝਾਨ, ਰਿਵਾਜ਼ ਮਾੜਾ ਨਹੀਂ, ਸਾਲਾਨਾ ਪੰਜ-ਸੱਤ ਹਜ਼ਾਰ ਖਰਚ ਕੇ ਤੁਸੀਂ ਨਵੇਂ ਰਿਸ਼ਤੇ ਗੰਢ ਸਕਦੇ ਹੋ, ਪੁਰਾਣੇ ਰਿਸ਼ਤੇ ਸੰਢ ਸਕਦੇ ਹੋ, ਤੋਹਫਿਆਂ ਦੀ ਬਾਜ਼ਾਰੂ ਕੀਮਤ ਨਹੀਂ ਦੇਖੀ ਜਾਂਦੀ। ਆਂਢ-ਗੁਆਂਢ ਨਾਲ ਚੰਗੇ ਸਬੰਧ, ਦੋਸਤੀ, ਰਿਸ਼ਤੇਦਾਰੀ ਦਾ ਮੋਹ, ਅਪੱਣਤ ਦੀ ਭਾਵਨਾ ਬੇਸ਼ਕੀਮਤੀ ਹੁੰਦੀ ਹੈ। ਆਪਸੀ ਸਬੰਧਾਂ ਦਾ ਨਵੀਨੀਕਰਨ ਹੋ ਜਾਂਦਾ ਹੈ। ਤੋਹਫ਼ੇ ਧੜਕਦੀ ਜ਼ਿੰਦਗੀ ਦਾ ਪ੍ਰਤੀਕ ਹੁੰਦੇ। ਅੱਗੇ ਬੱਚਿਆਂ ਨਾਲ ਬੱਚੇ ਮਿਲ ਕੇ ਸਮਾਜਿਕ ਸਾਂਝ ਬਣ ਜਾਂਦੀ ਹੈ। ਚਾਹ ਪੀਂਦੇ-ਪੀਂਦੇ ਪੜ੍ਹਾਈ ਬਾਰੇ, ਰੁਜ਼ਗਾਰ ਬਾਰੇ, ਕਈ ਵਾਰ ਬੜੀ ਉਪਯੋਗੀ ਗੱਲ ਪਤਾ ਲੱਗਦੀ ਹੈ।

# ਅਲੋਪ ਹੋ ਗਿਐ ਘੁੰਡ ਕੱਢਣ ਦਾ ਰਿਵਾਜ

ਪੁਰਾਣੇ ਸਮਿਆਂ ਵਿਚ ਜਦ ਮੁਗ਼ਲ ਅਫ਼ਗਾਨ ਅਹਿਮਦਸ਼ਾਹ ਅਬਦਾਲੀ ਵਰਗੇ ਲੁਟੇਰੇ ਭਾਰਤ ਨੂੰ ਲੁਟ ਕੇ ਲਿਜਾਂਦੇ ਸਨ ਤਾਂ ਉਹ ਜਾਂਦੇ ਜਾਂਦੇ ਭਾਰਤ ਦੀਆਂ ਸੋਹਣੀਆਂ ਬਹੂ ਬੇਟੀਆਂ ਨੂੰ ਫੜ ਬੰਧਕ ਬਣਾ ਕੇ ਨਾਲ ਲੈ ਜਾਂਦੇ ਸਨ। ਉਦੋਂ ਭਾਰਤ ਗ਼ੁਲਾਮੀ ਦਾ ਝੰਬਿਆ ਹੋਇਆ ਸੀ ਤੇ ਲੋਕਾਂ ਦੀਆਂ ਸੁਨੱਖੀਆਂ ਧੀਆਂ ਭੈਣਾਂ ਮੁਗ਼ਲਾਂ ਤੋਂ ਡਰਦਿਆਂ ਸਿਰ ਦੀ ਚੁੰਨੀ ਆਦਿ ਨਾਲ ਮੂੰਹ ਢੱਕ ਕੇ ਲੁਕਾਉਣ ਲਈ ਪੜਦਾ ਕਰ ਲੈਂਦੀਆਂ ਸਨ ਤਾਕਿ ਉਨ੍ਹਾਂ ’ਤੇ ਲੁਟੇਰਿਆਂ ਦੀ ਨਜ਼ਰ ਨਾ ਪਵੇ।



ਉਸ ਵੇਲੇ ਤੋਂ ਲੜਕੀਆਂ ਖ਼ਾਸ ਕਰ ਕੇ ਸਜ ਵਿਆਹੀਆਂ ਮੂੰਹ ’ਤੇ ਪਰਦਾ ਪਾਉਣ ਲੱਗ ਪਈਆਂ ਤੇ ਇਸੇ ਪਿਰਤ ਨੂੰ ਜਾਰੀ ਰੱਖ ਕੇ ਅਪਣੇ ਸਹੁਰੇ ਜੇਠ ਆਦਿ ਤੋਂ ਵੀ ਪਰਦਾ ਕਰਨ ਲੱਗ ਪਈਆਂ ਜਿਸ ਨੂੰ ਘੁੰਡ ਜਾਂ ਘੁੰਗਟ ਕਹਿਣ ਲੱਗ ਪਏ। ਬਾਅਦ ਵਿਚ ਕੁੜੀਆਂ ਕਤਰੀਆਂ ਤੇ ਆਮ ਔਰਤਾਂ ਸਿਰ ਨੂੰ ਸਭਿਅਕ ਦ੍ਰਿਸ਼ਟੀ ਤੋਂ ਅਪਣਾ ਸਿਰ ਢਕ ਕੇ ਰਖਦੀਆਂ ਤੇ ਚੁੰਨੀ (ਦੁਪੱਟਾ) ਨਹੀਂ ਲਾਹੁੰਦੀਆਂ ਸਨ। ਵਿਆਹ ਦੇ ਸਮੇਂ ਦੁਲਹਨ ਨੂੰ ਕੀਮਤੀ ਕਪੜੇ ਅਤੇ ਗਹਿਣੇ ਪਾ ਕੇ ਸਿਰ ਦੇ ਉਪਰ ਦੋਸੜਾ ਦਿਤਾ ਜਾਂਦਾ। ਸਹੇਲੀਆਂ, ਰਿਸ਼ਤੇਦਾਰ, ਭਰਜਾਈਆਂ ਡੋਲੀ ਵਿਚ ਬਿਠਾਉਂਦੀਆਂ ਸੀ।

ਫਿਰ ਸਹੁਰੇ ਘਰ ਆ ਕੇ ਕਿੰਨੇ ਚਾਵਾਂ ਦੇ ਨਾਲ ਵਿਆਹੁਲੀ ਨੂੰ ਗੱਡੀ ਵਿਚੋਂ ਉਸ ਦੀ ਜਠਾਣੀ ਉਤਾਰਦੀ ਹੁੰਦੀ ਸੀ। ਔਰਤਾਂ ਨੇ ਗੀਤ ਗਾਉਣੇ ਸਿੱਠਣੀਆਂ ਦੇਣੀਆਂ। ਹਫ਼ਤੇ ਬਾਅਦ ਮਿੱਠੀਆਂ ਰੋਟੀਆਂ ਲਹਾਈਆਂ ਜਾਂਦੀਆਂ ਅਤੇ ਸਾਰੇ ਹੀ ਸ਼ਗਨ ਬੜੇ ਚਾਵਾਂ ਨਾਲ ਕੀਤੇ ਜਾਂਦੇ ਸਨ। ਜੋ ਵੀ ਥਾਂ ਸਿਰ ਲਗਦਾ ਉਸ ਤੋਂ ਨਵੀਂ ਵਹੁਟੀ ਘੁੰਡ ਕੱਢ ਕੇ ਰਖਦੀ ਸੀ। ਖ਼ਾਸ ਕਰ ਕੇ ਜੇਠ ਤੋਂ, ਪਰ ਜੇਠ ਨੂੰ ਤਾਂ ਘਰ ਖੰਘੂਰਾ ਮਾਰ ਕੇ ਹੀ ਆਉਣਾ ਪੈਂਦਾ ਸੀ। ਘੁੰਡ ਨਾਲ ਕਈ ਲੋਕ ਬੋਲੀਆਂ ਵੀ ਜੁੜੀਆਂ ਹੋਈਆਂ ਹਨ ਜਿਵੇਂ

**ਘੁੰਡ ਕੱਢ ਲੈ ਪਤਲੀਏ ਨਾਰੇ,**
**ਨੀ ਸਹੁਰਿਆਂ ਦਾ ਪਿੰਡ ਆ ਗਿਆ**

ਭੁੱਲਗੀ ਮੈਂ ਘੁੰਡ ਕਢਣਾ ਜੇਠਾ ਵੇ ਮੁਆਫ਼ ਕਰੀਂ ਸਮੇਂ ਨੇ ਅਜਿਹੀ ਕਰਵਟ ਲਈ ਹੈ ਕਿ ਅੱਜ ਕਲ ਤਾਂ ਵਿਆਹ ਤੋਂ ਪਹਿਲਾਂ ਕੁੜੀ ਮੁੰਡੇ ਦੀ ਫ਼ੋਟੋ ਮੋਬਾਈਲ ਉਤੇ ਵਟਸਐਪ ਕਰ ਦਿਤੀ ਜਾਂਦੀ ਹੈ, ਫਿਰ ਪ੍ਰੀਵੈਡਿੰਗ ਤੇ ਕਿੰਨਾ ਖ਼ਰਚ ਕੀਤਾ ਜਾਂਦਾ ਹੈ। ਕਪੜੇ ਵੀ ਅੱਧੇ ਹੀ ਰਹਿ ਗਏ ਹਨ, ਘੁੰਡ ਕੱਢਣ ਦਾ ਰਿਵਾਜ ਤਾਂ ਅਲੋਪ ਹੀ ਹੋ ਗਿਆ ਹੈ।

**-ਸੂਬੇਦਾਰ ਜਸਵਿੰਦਰ ਸਿੰਘ**

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਚੁੰਨੀ ਕਾਸ਼ਨੀ

ਚੁੰਨੀ ਕਾਸ਼ਨੀ ਤੇ ਅੱਖ ਟੂਣੇਹਾਰੀ ਨੀਂ
ਦੂਜਾ ਪਾ ਲਿਆ ਸੂਟ ਨਸਵਾਰੀ ਨੀਂ
ਤੇਰੀ ਤੋਰ ਨੇ ਤਾਂ ਪੱਟੇ ਪਟਵਾਰੀ ਨੀਂ
ਪੱਬ ਰੱਖੇਂ ਬੋਚ ਬੋਚ ਕੇ।
ਉੱਡਦੇ ਪਰਿੰਦੇ ਲਾਹੇਂ ਥੱਲੇ,
ਅੰਬਰਾਂ ਤੋਂ ਸੋਚ ਸੋਚ ਕੇ।

ਤੈਨੂੰ ਚੜ੍ਹੀ ਹੈ ਜਵਾਨੀ ਵਾਲ ਾ ਲੋਰ ਨੀਂ
ਪੈਰੀਂ ਝਾਂਜਰ ਪਾਉਂਦੀ ਹੈ ਡਾਢਾ ਸ਼ੋਰ ਨੀਂ
ਦਿਲ ਚੋਬਰਾਂ ਦੇ ਖੋਹਦੀ ਨਾਲ ਜ਼ੋਰ ਨੀਂ
ਰਸੀ ਹੈਂ ਸੰਧੂਰੀ ਅੰਬ ਵਾਂਗਰਾਂ।
ਲਾਲ ਚੂੜਾ ਵੀਣੀ ਵਿੱਚ ਖਣਕੇ,
ਗਲੀ ਗਲੀ ਪੈਣ ਚਾਂਗਰਾਂ।

ਗੁੱਤ ਨਾਗਨੀ ਮੋਢਿਆਂ 'ਤੇ ਮੇਹਲੇ ਨੀਂ
ਕਾਲੀ ਲਟ ਗੋਰੀ ਗਰਦਨ 'ਤੇ ਖੇਲੇ ਨੀਂ
ਜ਼ੰਜੀਰੀ ਮਿੱਤਰਾਂ ਦੀ ਹਿੱਕ ਉੱਤੇ ਠੇਲ੍ਹੇ ਨੀਂ
ਡੰਡੀਆਂ ਹੁਲਾਰੇ ਲੈਂਦੀਆਂ।
ਕੋਕਾ ਨੱਕ ਤੋਂ ਸੈਨਤਾਂ ਮਾਰੇ
ਕਲੇਜਾ ਝੱਟ ਕੱਢ ਲੈਂਦੀਆਂ।

ਗੋਰਾ ਰੰਗ ਠੋਡੀ ਉੱਤੇ ਕਾਲਾ ਤਿਲ ਨੀ
ਟੇਢੀ ਤੱਕਦੀਏਂ ਤਾਂ ਕੱਢ ਲੈਂਦੀ ਦਿਲ ਨੀਂ
ਵਿਛੋੜਾ ਵੱਢ ਵੱਢ ਖਾਵੇ ਛੇਤੀ ਮਿਲ ਨੀਂ
ਤੁਰੇਂ ਮੋਰਨੀ ਦੀ ਤੋਰ ਬੱਲੀਏ ।
ਨੈਣੀਂ ਕਜਲਾ ਪਾ ਮਟਕਾਵੇਂ
ਉੱਤੇ ਹੁਸਨਾਂ ਦਾ ਸ਼ੋਰ ਬੱਲੀਏ।

ਸੇਵਾ ਸਿੰਘ 'ਨੂਰਪੁਰੀ'

## ਬਾਬਾ ਦੀਪ ਸਿੰਘ ਸ਼ਹੀਦ

ਦੀਪ ਸਿੰਘ ਨੇ ਵਿੱਚ ਸ਼ਹੀਦਾਂ, ਵੱਡਾ ਰੁਤਬਾ ਪਾਇਆ।
ਭਾਈ ਭਗਤਾ ਦਾ ਬਲੀ ਬੇਟਾ ਸੀ, ਜੀਊਣੀ ਮਾਂ ਦਾ ਜਾਇਆ॥
ਸਿੰਘ ਸੂਰਮਾ ਸਿਰਲੱਥ ਜੰਮਿਆ, ਯੋਧਾ ਤੇ ਵਿਦਵਾਨ।
ਗੁਣੀ-ਗਿਆਨੀ, ਸੰਤ-ਸਿਪਾਹੀ, ਦੀਪਾ ਮੁੱਢਲਾ ਨਾਮ॥
ਛਕ ਅੰਮ੍ਰਿਤ ਦਸ਼ਮੇਸ਼ ਪਿਤਾ ਤੋਂ, ਗੁਰੂ ਤੋਂ ਲਈ ਅਸੀਸ।
ਹਰਿਮੰਦਰ ਦੀ ਰੱਖਿਆ ਖਾਤਰ, ਤਲੀ ਤੇ ਰੱਖਿਆ ਸੀਸ॥
ਗੁਰੂ ਦੀ ਸੈਨਾ ਵਿੱਚ ਰਹਿ ਉਸਨੇ, ਕੀਤੇ ਯੁੱਧ ਅਨੇਕ।
ਸੱਚੇ ਪਰਵਦਗਾਰ ਤੇ ਉਸਨੇ, ਰੱਖੀ ਹਮੇਸ਼ਾ ਟੇਕ॥
ਸਾਬੋ ਕੀ ਤਲਵੰਡੀ ਆਇਆ, ਗੁਰੂ ਦੀ ਸਿੱਖਿਆ ਧਾਰੀ।
ਖ਼ੁਸ਼ ਹੋ ਉਹਦੀ ਸੇਵਾ ਤੋਂ ਗੁਰ, ਸੌਂਪੀ ਸੀ ਜੱਥੇਦਾਰੀ॥
ਗੁਰੂ ਗ੍ਰੰਥ ਸਾਹਿਬ ਦੇ ਬਾਬੇ, ਕੀਤੇ ਚਾਰ ਉਤਾਰੇ।
ਉਹਦੇ ਕੌਤਕ ਅਜਬ-ਅਨੋਖੇ, ਜਾਵਾਂ ਮੈਂ ਬਲਿਹਾਰੇ॥
ਬਾਬਾ ਜੀ ਨੇ ਵਿੱਚ ਤਲਵੰਡੀ, ਖੂਹ ਸੀ ਇੱਕ ਲਗਵਾਇਆ।
ਠੰਡੇ-ਮਿੱਠੇ ਪਾਣੀ ਦਾ ਪਿਆ, ਵਗੇ ਅਜੇ ਸਰਮਾਇਆ॥
ਭੋਰੇ ਬੈਠ ਤਪੱਸਿਆ ਕੀਤੀ, ਉਸ ਬਹਾਦਰ ਸੂਰੇ।
ਬੁਰਜ ਉਸਦੀ ਯਾਦ 'ਚ ਅੱਜ ਤੱਕ, ਪਿਆ ਵੈਰੀ ਨੂੰ ਘੂਰੇ॥
ਮਿਲ ਕੇ ਨਾਲ 'ਬਹਾਦਰ ਬੰਦੇ', ਦੁਸ਼ਮਣ ਸਨ ਕਈ ਸੋਧੇ।
ਕੋਈ ਮੁਗ਼ਲ ਨਾ ਟਿਕਿਆ ਸਾਹਵੇਂ, ਏਸ ਬਹਾਦਰ ਯੋਧੇ॥
ਕਰਕੇ ਇੱਕਮੁੱਠ ਸਿੱਖਾਂ ਨੂੰ ਉਸ, 'ਮਿਸਲ ਸ਼ਹੀਦ' ਬਣਾਈ।
ਥਰ-ਥਰ ਜ਼ਾਲਮ ਕੰਬਣ ਲੱਗੇ, ਐਸੀ ਧਾਕ ਜਮਾਈ॥
ਅਬਦਾਲੀ ਨੇ ਹਮਲਾ ਕਰਕੇ, ਹਿੰਦੋਸਤਾਨ ਡਰਾਇਆ।
ਬਾਬਾ ਨੇ ਫ਼ ?ਰ ਬੋਲ ਕੇ ਹੱਲਾ, ਔਰਤਾਂ ਨੂੰ ਛੁਡਵਾਇਆ॥
ਖਾਨ ਜਹਾਨ ਬੇਅਦਬੀ ਕੀਤੀ, ਸਾਡੇ ਅੰਮ੍ਰਿਤ-ਸਰ ਦੀ।
ਪੂਰ ਦਿੱਤਾ ਉਸ ਪਾਕ ਸਰੋਵਰ, ਜੀਭ ਆਖਣੋਂ ਡਰਦੀ॥
ਸੁਣੀ ਖ਼ਬਰ ਜਦ ਦੀਪ ਸਿੰਘ ਨੇ, ਖਾਧਾ ਖ਼ੂਨ ਉਬਾਲੇ।
ਸਿੰਘ ਝੱਈਆਂ ਲੈ ਉੱਠੇ, ਸਨ ਜੋ ਮਰਨ-ਮਾਰਨ ਨੂੰ ਕਾਹਲੇ॥
ਅੱਗੇ ਵਧ ਕੇ ਦੀਪ ਸਿੰਘ ਨੇ, ਖਿੱਚੀ ਇੱਕ ਲਕੀਰ।
'ਜਾਨ ਵਾਰਨੀ ਜਾਣੇ ਜਿਹੜਾ, ਵਧੇ ਅੱਗੇ ਉਹ ਵੀਰ'॥
ਅੰਮ੍ਰਿਤਸਰ ਤੋਂ ਕੁਝ ਦੂਰੀ ਤੇ, ਸਖ਼ਤ ਟਾਕਰਾ ਹੋਇਆ।
ਵੇਖ ਮੁਗ਼ਲ ਦੀ ਫ਼ੌਜ ਵਡੇਰੀ, ਜ਼ਰਾ ਨਾ ਧੀਰਜ ਖੋਇਆ॥
ਰੋਹ ਵਿੱਚ ਆ ਕੇ ਬਾਬੇ ਨੇ ਫ਼ਿਰ, ਉਹ ਖੜਕਾਇਆ ਖੰਡਾ।
ਏਦੂੰ ਪਾਰੋਂ ਓਸ ਪਾਰ ਉਸ, ਕੀਤਾ ਦੁਸ਼ਮਣ ਠੰਡਾ॥
ਘਮਸਾਣ ਮੱਚਿਆ ਉਸ ਲੜਾਈ ਦੇ ਵਿੱਚ, ਸਿੰਘ ਜ਼ਰਾ ਨਾ ਡੋਲੇ।
ਹੱਸ-ਹੱਸ ਦੇਣ ਸ਼ਹੀਦੀ ਜੰਗ ਵਿੱਚ, ਗਾਉਂਦੇ ਗੁਰੂ ਦੇ ਸੋਹਲੇ॥
ਸਿੰਘ ਸੂਰਮੇ ਰਣ-ਭੂਮੀ ਵਿੱਚ, ਸ਼ੇਰਾਂ ਵਾਂਗੂੰ ਗੱਜੇ।
ਸੀਸ ਤਲੀ ਤੇ ਰੱਖ ਕੇ ਬਾਬੇ, ਵੈਰੀ ਲਾ ਲਿਆ ਅੱਗੇ॥
ਸੀਸ ਭੇਟ ਕਰ ਗੁਰ-ਚਰਨਾਂ ਵਿੱਚ, ਅੰਤਿਮ ਫ਼ਤਹਿ ਬੁਲਾਈ।
ਬਾਬਾ ਦੀਪ ਸਿੰਘ ਨੇ ਏਦਾਂ, ਸਿੱਖੀ ਤੋੜ ਨਿਭਾਈ॥
ਪ੍ਰੀਤ ਦੀ ਰੀਤ ਨਿਭਾਉਣੀ ਔਖੀ, ਸੌਖਾ ਬੜਾ ਹੈ ਕਹਿਣਾ।
ਦਰ ਦਾਤੇ ਦੇ ਢਹਿ ਪੈ ਬੰਦਿਆ, ਚਾਹਵੇਂ ਜੇ ਕੁਝ ਲੈਣਾ॥
ਖੰਨਿਓਂ ਤਿੱਖੀ, ਵਾਲੋਂ ਨਿੱਕੀ, ਪਾਕ-ਪਵਿੱਤਰ ਸਿੱਖੀ।
ਹੋ ਨਤਮਸਤਕ ਦੀਪ ਸਿੰਘ ਨੂੰ, 'ਐਨ.ਐਸ.' ਕਵਿਤਾ ਲਿਖੀ॥

- ਪ੍ਰੋ. ਨਵ ਸੰਗੀਤ ਸਿੰਘ
9417692015

## ਬੋਲੀ ਸਾਡੀ ਪੰਜਾਬੀ

ਦੁਨੀਆਂ ਦੀਆਂ ਸੱਤ ਹਜ਼ਾਰ ਭਾਸ਼ਾਵਾਂ ਵਿੱਚੋਂ ਦਸਵਾਂ ਸਥਾਨ,
ਭਾਰਤ ਦੀਆਂ ਲਗਭਗ 23 ਭਾਸ਼ਾਵਾਂ ਵਿੱਚ ਇਸ ਦੀ ਸ਼ਾਨ।
ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਇਸ ਦੀਆਂ,
ਪੁਰਾਤਨਤਾ ਇਸ ਦੀ ਸੰਸਕ੍ਰਿਤ ਜਿੰਨੀ,
ਲਿਖੀ ਵਿੱਚ ਵੇਦ ਪੁਰਾਣ।
ਓ ਬਾਬੇ ਨਾਨਕ ਉਚਾਰੀ ਬੋਲੀ ਪੰਜਾਬੀ,
ਬਾਬਾ ਫਰੀਦ, ਭਗਤ ਰਵਿਦਾਸ ਵਿਚਾਰੀ ਪੰਜਾਬੀ।
ਸੂਫੀ ਕਵੀਆਂ ਬਾਰਵੀਂ ਸਦੀ ਵਿੱਚ, ਅਜ਼ਮਾਈ ਪੰਜਾਬੀ,
ਫਰੀਦ ਗੰਜ ਸ਼ਕਰ, ਬੁਲੇ ਸ਼ਾਹ, ਦਮੋਦਰ ਸ਼ਾਹ ਸ਼ਿੰਗਾਰੀ ਪੰਜਾਬੀ।
ਬਾਬੇ ਨਾਨਕ ਦਾ ਫ਼ੁਰਮਾਨ ਚੰਗਿਆਂ ਤੇ ਜਗਿਆਸੂਆਂ ਨੂੰ,
ਚੰਗਿਆਂ ਨੂੰ ਕਿਹਾ ਵਸਦੇ ਰਹੋ,
ਜਗਿਆਸੂਆਂ ਨੂੰ ਦਿੱਤਾ ਪਰਵਾਸ।
ਪਰਵਾਸੀ ਗਏ ਪੱਛਮ ਮੁਲਕਾਂ ਤੇ ਟਾਪੂਆਂ ਨੂੰ,
ਕੋਈ ਖਿੱਤਾ ਨਹੀਂ ਛੱਡਿਆ ਪੰਜਾਬੀਆਂ,
ਜਿੱਥੇ ਕੀਤਾ ਨਾ ਹੋਵੇ ਆਵਾਸ।
ਗਾਇਕ, ਨਾਚ-ਮੰਡਲੀਆਂ, ਫਿਲਮਾਂ ਰੱਜ-ਵੱਜ ਕੇ ਹੋਏ ਮਸ਼ਹੂਰ,
ਸ਼ਬਦ-ਗਾਇਨ ਵਿੱਚ ਵੀ ਕੀਰਤਨੀਏ, ਗੁਰਬਾਣੀ ਰਸ ਨਾਲ ਭਰਪੂਰ।
ਮਾਖਿਓਂ ਮਿੱਠੀ ਬੋਲੀ ਖਿੱਚ ਪਾਉਂਦੀ, ਹਰ ਕੋਈ ਸੁਣਦਾ ਜ਼ਰੂਰ,
ਲਿਖਣੀ ਭਾਵੇਂ ਕੁਝ ਤਬਕਾ ਨ੍ਹੀਂ ਜਾਣਦਾ,
ਸੁਣ ਕੇ ਆਉਂਦਾ ਵਿੱਚ ਗਰੂਰ।
ਸਮੇਂ ਨਾਲ ਪੰਜਾਬੀ ਬੋਲੀ ਹੋ ਚੁੱਕੀ ਬਹੁਤ ਅਮੀਰ,
ਉਰਦੂ, ਫਾਰਸੀ, ਅਰਬੀ, ਹਿੰਦੀ, ਸੰਸਕ੍ਰਿਤ,
ਅੰਗਰੇਜ਼ੀ ਨਾਲ ਪਾਉਂਦੀ ਸੀਰ।
ਦੁਨੀਆਂ ਦੇ ਹਰ ਖਿੱਤੇ ਵਿੱਚ ਪਹੁੰਚੇ, ਇਸ ਦੇ ਸਫੀਰ,
ਭਾਸ਼ਾ ਦੀ ਮਿਠਾਸ ਨਾਲ ਜੁੜੇ ਨੇ,
ਮੀਰ, ਪੀਰ, ਕਵੀ, ਗਾਇਕ ਤੇ ਫਕੀਰ।
ਮਾਂ-ਬੋਲੀ ਪੰਜਾਬੀ ਗਿਆਨ ਤੇ ਸੱਭਿਆਚਾਰ ਨਾਲ ਜੁੜੀ ਹੈ,
ਕੁਝ ਤੰਗ-ਦਿਲ ਲੋਕ ਧਰਮਾਂ ਦੀ ਕੱਟੜਤਾ ਨਾਲ ਜੋੜਦੇ,
ਇਸ ਕਰਕੇ ਥੁੜੀ ਹੈ।
ਖੁਸ਼ੀ, ਗਮੀ, ਵਣਜ, ਵਪਾਰ, ਕਾਰੋਬਾਰ ਨਾਲ ਜੁੜੀ ਹੈ,
ਸਕੂਨ ਮਿਲਦਾ ਮਨ ਨੂੰ, ਹਰ ਸਮੇਂ ਸਾਡੇ ਨਾਲ ਖੜ੍ਹੀ ਹੈ,
ਮਾਂ-ਬੋਲੀ ਨਾਲ ਜਦੋਂ ਜੁੜਦੇ,
ਲੱਗਦੈ ਸਾਡੀ ਸੁਨਹਿਰੀ ਤਕਦੀਰ ਘੜੀ ਹੈ।

ਅਮਰਜੀਤ ਸਿੰਘ ਤੂਰ

## ਮੈਂ ਹੋ ਗਿਆ ਪਾਸ

ਰੱਖੀ ਸੀ ਮਿਹਨਤ 'ਤੇ ਆਸ।
ਮੰਮੀ ਜੀ ਮੈਂ ਹੋ ਗਿਆ ਪਾਸ।

ਸਾਰਿਆਂ ਤੋਂ ਵੱਧ ਨੰਬਰ ਮੇਰੇ ਆਏ ਨੇ।
ਵੱਡੇ ਭੈਣ ਜੀਆਂ ਨੇ ਪੜ੍ਹ ਕੇ ਸੁਣਾਏ ਨੇ।
ਦੂਜੇ ਨੰਬਰ 'ਤੇ ਆਇਆ ਮੇਰਾ ਆੜੀ ਦਾਸ।
ਮੰਮੀ ਜੀ ਮੈਂ ਹੋ ਗਿਆ ਪਾਸ।

ਜਾ ਕੇ ਬਾਜ਼ਾਰੋਂ, ਲੱਡੂ ਹੁਣ ਲਿਆਵਾਂਗੇ।
ਆਂਢ ਤੇ ਗੁਆਂਢ ਵੰਡ ਕੇ ਵੀ ਆਵਾਂਗੇ।
ਗੁਰੂ ਘਰ ਆਪਾਂ ਕਰਾਂਗੇ ਅਰਦਾਸ।
ਮੰਮੀ ਜੀ ਮੈਂ ਹੋ ਗਿਆ ਪਾਸ।

ਨਵੀਂ ਜਮਾਤ ਵਿੱਚ ਹੁਣ ਮੈਂ ਜਾਊਂਗਾ।
ਨਵੀਆਂ ਕਿਤਾਬਾਂ ਵੀ ਲੈ ਕੇ ਆਊਂਗਾ।
ਨਵੇਂ ਸਾਥੀ, ਨਾਲੇ ਨਵੀਂ ਮਿਲੂਗੀ ਕਲਾਸ ?।
ਮੰਮੀ ਜੀ ਮੈਂ ਹੋ ਗਿਆ ਪਾਸ।

ਬਾਹਲਾ ਪੜ੍ਹ ਕੇ ਮੈਂ ਨਾਂ ਚਮਕਾਵਾਂਗਾ।
ਫਿਰ ਮੈਂ ਵੱਡਾ ਅਫਸਰ ਬਣ ਜਾਵਾਂਗਾ।
ਰੁਤਬਾ ਲੈਣਾ, ਜਿਹੜਾ ਹੁੰਦਾ 'ਪੱਤੋ' ਖਾਸ।
ਰੱਖੀ ਸੀ ਮਿਹਨਤ ਤੇ ਆਸ।
ਮੰਮੀ ਜੀ ਮੈਂ ਹੋ ਗਿਆ ਪਾਸ।

ਹਰਪ੍ਰੀਤ ਪੱਤੋ
94658-21417

## ਗ਼ਜ਼ਲ

ਜਿਨ੍ਹਾਂ ਨੇ ਲਾ ਲਿਆ ਹੈ ਰੱਟਾ ਬਾਣੀ ਨੂੰ,
ਉਹ ਮੂਰਖ ਸਮਝਦੇ ਨੇ ਹਰ ਪ੍ਰਾਣੀ ਨੂੰ।
ਉਨ੍ਹਾਂ ਨੇ ਅਮਲ ਕਰਨਾ ਕੀ ਇਦ੍ਹੇ ਉੱਤੇ,
ਜੋ ਸਮਝਣ ਆਮਦਨ ਦਾ ਜ਼ਰੀਆ ਬਾਣੀ ਨੂੰ।
ਵਿਖਾਈ ਵੈਰੀਆਂ ਨਾ' ਲੜਨ ਦੀ ਹਿੰਮਤ,
ਕਿਵੇਂ ਭੁੱਲੀਏ ਅਸੀਂ ਝਾਂਸੀ ਦੀ ਰਾਣੀ ਨੂੰ।
ਕਿਤੇ ਇਹ ਸੁੱਟਿਆ ਹੈ ਜਾ ਰਿਹਾ ਐਵੇਂ,
ਕਿਤੇ ਤਰਸੇ ਕੋਈ ਇਕ ਬੂੰਦ ਪਾਣੀ ਨੂੰ।
ਬਦਲਣੇ ਨ੍ਹੀ ਉਦੋਂ ਤੱਕ ਭਾਗ ਲੋਕਾਂ ਦੇ,
ਜਦੋਂ ਤੱਕ ਸਹਿਣਗੇ ਉਹ ਵੰਡ ਕਾਣੀ ਨੂੰ।
ਇਦ ?ਹੇ ਵਿੱਚ ਹੋਣ ਨਾ ਨਸ਼ਈ ਕਿਤੇ 'ਮਾਨਾ',
ਪਰਖ ਲੈ ਆਪਣੀ ਤੂੰ ਯਾਰਾਂ ਦੀ ਢਾਣੀ ਨੂੰ।

ਮਹਿੰਦਰ ਸਿੰਘ ਮਾਨ
9915803554

ਸ਼ਹੀਦੀ ਦਿਹਾੜੇ ਤੇ ਵਿਸ਼ੇਸ਼

## ਮੈਂ ਸਤਲੁਜ ਕੰਢਿਉਂ ਬੋਲਦਾਂ..!

ਮੈਂ ਸੱਤਲੁਜ ਕੰਢਿਓਂ ਬੋਲਦਾਂ, ਅੱਜ ਭਗਤ ਸਿੰਘ ਸਰਦਾਰ।
ਓਏ ਸੁਣਿਓਂ ਵਾਰਸ ਮੇਰਿਓ, ਮੇਰੀ ਰੂਹ ਦੀ ਕੂਕ ਪੁਕਾਰ।

ਮੈਂ ਏਸ ਅਜ਼ਾਦੀ ਦੇ ਲਈ, ਨਾ ਵਾਰੀ ਆਪਣੀ ਜਾਨ,
ਜਿੱਥੇ ਸੱਚ ਬੋਲਣ ਦੇ ਲਈ, ਕਰਨੀ ਪਏ ਜਿੰਦ ਕੁਰਬਾਨ।

ਮੇਰਾ ਸੁਪਨਾ ਸੁਹਣੇ ਵਤਨ ਦਾ, ਕਰ ਦਿੱਤਾ ਚਕਨਾਚੂਰ,
ਅੱਜ ਕਿਰਤੀ ਵੀਰਾ ਹੋ ਗਿਆ, ਖੁਦਕਸ਼ੀਆਂ ਲਈ ਮਜਬੂਰ।

ਅੱਜ ਧੀਆਂ ਭੈਣਾਂ ਰੋਂਦੀਆਂ, ਕੋਈ ਪੁੱਛਦਾ ਨਹੀਉਂ ਬਾਤ,
ਅੱਜ ਵਤਨ ਮੇਰੇ ਵਿੱਚ ਹੋ ਰਹੀ, ਹੈ ਨਸ਼ਿਆਂ ਦੀ ਬਰਸਾਤ।

ਮੇਰੇ ਰੰਗਲੇ ਦੇਸ ਪੰਜਾਬ ਤੇ, ਅੱਜ ਵਰਸ ਗਿਆ ਕੋਈ ਕਹਿਰ,
ਇਹਦੇ ਪੰਜ ਆਬਾਂ ਵਿੱਚ ਘੋਲਿਆ, ਹੈ ਕਿਸ ਸ਼ਾਤਰ ਨੇ ਜ਼ਹਿਰ?

ਅੱਜ ਹੱਥੀਂ ਫੜ ਕੇ ਡਿਗਰੀਆਂ, ਜੇ ਮਿਲਦਾ ਨਹੀਂ ਰੁਜ਼ਗਾਰ,
ਤਾਂ ਹੀ ਤਾਂ ਗੱਭਰੂ ਏਸ ਦੇ, ਸਭ ਗਏ ਉਡਾਰੀ ਮਾਰ।

ਅੱਜ ਮਜ਼ਹਬਾਂ ਪਾਈਆਂ ਵੰਡੀਆਂ, ਦਿੱਤਾ ਫਿਰਕੂ ਰੰਗ ਖਿਲਾਰ।
ਤੱਕ ਰੂਹ ਮੇਰੀ ਹੈ ਤੜਫਦੀ, ਇਹ ਕਾਹਦਾ ਦੇਸ਼ ਪਿਆਰ?

ਹੁਣ ਸੋਨੇ ਦੀ ਇਸ ਚਿੜੀ ਦੇ, ਲਏ ਖੰਭ ਨੇ ਸਾਰੇ ਨੋਚ,
ਮੇਰੀ ਟੋਪੀ, ਪਿਸਟਲ ਸਾਂਭਿਆ, ਮੇਰੀ ਭੁੱਲ ਗਈ ਹੈ ਸੋਚ।

ਮੇਰੀ ਨਾਲ ਕਿਤਾਬਾਂ ਦੋਸਤੀ, ਹੈ ਦਿੱਤੀ ਤੁਸਾਂ ਵਿਸਾਰ।
ਉਂਜ ਬੁੱਤ ਮੇਰੇ ਤੇ ਪਾਂਵਦੇ, ਹੋ ਨਿੱਤ ਫੁੱਲਾਂ ਦੇ ਹਾਰ।

ਹੁਣ ਜਾਗੋ ਬਾਂਕੇ ਦੂਲਿਓ, ਤੇ ਪਗੜੀ ਲਓ ਸੰਭਾਲ।
ਰਲ਼ ਬੈਠੋ 'ਦੀਸ਼' ਅਜੇ ਵੀ, ਤਾਂ ਹੋਏ ਨਾ ਵਿੰਗਾ ਵਾਲ।

ਗੁਰਦੀਸ਼ ਕੌਰ ਗਰੇਵਾਲ- 'ਕੈਲਗਰੀ'
ਸੰਪਰਕ: +1 403 404 1450

## ਗ਼ਜ਼ਲ

ਜੀਵਨ ਹੈ ਪਰ ਫਿਰ ਵੀ, ਰੰਗ ਬੇਰੰਗ ਬੜੇ ਨੇ
ਚਿਹਰੇ ਉੱਤੇ ਚੜ੍ਹਕੇ ਫਿੱਟੇ ਰੰਗ ਬੜੇ ਨੇ

ਬਾਗੀਂ ਕੋਇਲ ਚਹਿਕੇ ਮਹਿਕੇ ਫੁੱਲ ਤੇ ਕਲੀਆਂ
ਮਾਨਣ ਦੇ ਜੀਵਨ ਨੂੰ ਸੋਹਣੇ ਢੰਗ ਬੜੇ ਨੇ

ਬਿਨ ਮਤਲਬ ਸਭ ਨਾਲ ਰਲ ਮਿਲਕੇ ਜੋ ਹੈ ਚਲਦਾ
ਕਦਮ ਕਦਮ ਤੇ ਮਿਲਦੇ ਉਸਨੂੰ ਸੰਗ ਬੜੇ ਨੇ

ਅਪਣਾ ਅੱਗਾ ਤਾਂ ਆਪੇ ਸੰਵਾਰ ਹੀ ਸਕਦੇ
ਚਲਦੇ ਰਹਿਣ ਸਰੀਰ ਦੇ ਸਾਬਤ ਅੰਗ ਬੜੇ ਨੇ

ਆਸੇ ਪਾਸੇ ਦੇਖੋ ਔਲਾਦ ਨਿਕੰਮੀ ਨੇ
ਸੂਲੀ ਉੱਤੇ ਦਿੱਤੇ ਮਾਪੇ ਟੰਗ ਬੜੇ ਨੇ

ਅਗਲੀ ਪੀੜ੍ਹੀ ਦਾ ਹੈ ਹੁਣ ਰੱਬ ਹੀ ਰਾਖਾ ਜੀ
ਜੰਮਦੇ ਬੱਚਿਆਂ ਦੇ ਉੱਗ ਪਏ ਫੰਘ ਬੜੇ ਨੇ

ਮੁਰਸ਼ਦ ਦੇ ਸੰਗ ਤਰ ਹੀ ਜਾਂਦੇ ਸਿਦਕ ਦੇ ਪੱਕੇ
ਅਧਵਾਟੇ ਕੱਚੇ ਹੁੰਦੇ ਵੇਖੇ ਭੰਗ ਬੜੇ ਨੇ

ਘਰ ਤੋਂ ਉੱਝ ਤੇ ਰੱਜੇ-ਪੁੱਜੇ ਫਿਰ ਵੀ ਦੇਖੇ
ਹੌਲੇ ਦਿਲ ਦੇ ਨੀਤ ਦੇ ਮਾੜੇ ਨੰਗ ਬੜੇ ਨੇ

ਕਦਮਾਂ ਦੇ ਸੰਗ ਕਦਮ ਮਿਲਾ ਕੇ ਵੱਧਦੇ ਜਾਈਏ
ਤੱਕਦੇ ਤੱਕਦੇ ਰਹਿਣੇ ਲੋਕੀਂ ਦੰਗ ਬੜੇ ਨੇ

ਦੂਰ ਦੇ ਢੋਲ ਸੁਹਾਉਂਦੇ ਹੁੰਦੇ ਸੁਣਿਆਂ ਅਕਸਰ
ਨੇੜਿਓਂ ਪਾਸਾ ਵੱਟ ਕੇ ਜਾਂਦੇ ਲੰਘ ਬੜੇ ਨੇ

ਅੱਜ ਕੱਲ੍ਹ ਰਾਂਝੇ ਗਲੀਆਂ ਦੇ ਵਿੱਚ ਰੁੱਲਦੇ ਫਿਰਦੇ
ਹੀਰ ਦੇ ਚਾਚੇ ਕੈਦੋਂ, ਵੇਲੇ, ਝੰਗ ਬੜੇ ਨੇ

ਬੰਦਾ ਕੋਈ ਤਿਆਰ ਨਹੀਂ ਇਮਦਾਦ ਦੀ ਖਾਤਿਰ
ਇਮਦਾਦ ਖ਼ੁਦਾ ਤੋਂ ਲੋਕ ਰਹੇ ਮੰਗ ਬੜੇ ਨੇ

ਨਿੰਮ ਦਾ ਬੂਟਾ, ਪਾਲ ਪੋਸ ਕੇ ਰੁੱਖ ਬਣਾਇਆ
ਛਾਂਵੇਂ ਬੈਠੇ ਝੜੇ ਪੱਤਾਂ ਤੋਂ ਤੰਗ ਬੜੇ ਨੇ

'ਪ੍ਰੀਤ' ਖਿਆਲੀ ਦਮ ਖਮ ਰੱਖਣ ਵਾਲੇ ਜਿਹੜੇ
ਹੱਕਾਂ ਦੇ ਲਈ ਲੜਦੇ ਕੱਲੇ ਜੰਗ ਬੜੇ ਨੇ। -ਪਰਮ 'ਪ੍ਰੀਤ'

## ਹਸ਼ਰ ਹੰਕਾਰਿਆਂ ਦਾ

ਕੁੱਦ ਪੈਂਦਾ ਏ ਅਕਸਰ ਹੀ ਹਾਕਮਾਂ ਨੂੰ
ਆਕੜ ਅਤੇ ਹੰਕਾਰ ਦਾ ਝੱਲ ਭਾਈ।
ਜਿੱਤਦਾ ਜਾਪਦਾ ਹੁੰਦਾ ਹੈ ਕੁਫਰ ਭਾਵੇਂ
ਰਹਿੰਦਾ ਆਖਰ ਨੂੰ ਸੱਚ ਅਟੱਲ ਭਾਈ।
ਜ਼ੁਲਮੋਂ ਸਿਤਮ ਦਾ ਚੱਲ ਰਿਹਾ ਦੌਰ ਹੋਵੇ
ਲੱਗੇ 'ਮਾਨਵਤਾ' ਸੀਨੇ 'ਤੇ ਸੱਲ ਭਾਈ।
ਅਣਖੀ ਲੋਕ ਤਾਂ ਕਦੇ ਵੀ ਝੱਲਦੇ ਨਹੀਂ
ਠੋਸੀ ਧੌਂਸ ਦੇ ਨਾਲ ਕੋਈ ਗੱਲ ਭਾਈ।
ਉਹ ਝੱਲੇ ਗਾ 'ਬੋਝ' ਸ਼ਰਮਿੰਦਗੀ ਦਾ
ਝੂਠ ਬੋਲ ਜੋ ਦੁਨੀਆਂ ਨੂੰ ਚਾਰਿਆ ਜੀ।
ਦੇਖੋ ਫੋਲ ਇਤਿਹਾਸ ਇਹ 'ਕੂਕਦਾ' ਐ
ਜਾਂਦਾ ਅੰਤ ਹੰਕਾਰਿਆ ਮਾਰਿਆ ਜੀ।



-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

## ਮਾਂ ਬੋਲੀ ਪੰਜਾਬੀ

ਵੈਸਟਰਨ ਕਲਚਰ ਦਾ ਅਸੀ, ਧਾਰ ਲਿਆਂ ਅਵਤਾਰ,
ਭੁੱਲੀ ਜਾਨੇ ਆ ਅੱਜ ਅਸੀਂ, ਆਪਣਾ ਸਭਿੱਆਚਾਰ!
ਪਰਾਈਆਂ ਭਾਸ਼ਾਵਾਂ ਦੇ ਉੱਤੇ, ਐਵੇਂ ਡੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ, ਅੱਜ ਭੁੱਲਦੇ ਜਾਨੇ ਆ!

ਦੂਸਰੀਆਂ ਭਾਸ਼ਾਵਾਂ ਸਾਨੂੰ ਅੱਜ, ਲੱਗਣ ਲੱਗ ਪਈਆਂ ਨਰਮ,
ਆਪਣੀ ਬੋਲੀ ਬੋਲਣ ਚ, ਸਾਨੂੰ ਆਉਣ ਲੱਗ ਪਈ ਸ਼ਰਮ!
ਵਾਂਗ ਸ਼ੁਦਾਈਆਂ ਦੇ ਅਸੀਂ, ਰੁਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀ, ਅੱਜ ਭੁੱਲਦੇ ਜਾਨੇ ਆ!

ਪੰਜਾਬੀ ਦਾ ਕਰਦੇ ਆ, ਗੂਗਲ ਤੋਂ ਜਾ ਕੇ ਅਨੁਵਾਦ,
ਉੜਾ-ਐੜਾ ਵੀ ਨਹੀਂ ਅੱਜ ਹੈਗਾ, ਕਿਸੇ ਨੂੰ ਵੀ ਯਾਦ!
ਕੱਟੀ ਪਤੰਗ ਦੇ ਵਾਂਗ, ਅਸੀਂ ਝੂੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ,ਅੱਜ ਭੁੱਲਦੇ ਜਾਨੇ ਆ!

ਪੰਜਾਬੀ ਦੁਨੀਆਂ ਦੀ ਸਭ ਤੋਂ ਭਾਸ਼ਾ ਏ ਆਸਾਨ,
ਸਿੱਖਣ ਚ ਅਸਮਰੱਥ ਨੀ ਰਹਿਦਾਂ, ਜਿਨਾਂ ਮਰਜ਼ੀ ਕੋਈ ਹੋਵੇ ਨਾਦਾਨ!
ਰੰਗਲੇ ਪੰਜਾਬ ਨੂੰ ਭੁਲਾ ਕੇ, ਬਾਹਰਲੇ ਰੰਗਾਂ ਵਿੱਚ ਘੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ, ਅੱਜ ਭੁੱਲਦੇ ਜਾਨੇ ਆ!

ਅੰਗਰੇਜ਼ੀ ਬੋਲਣ ਵਾਲੇ ਨੂੰ, ਦੱਸਦੇ ਆ ਪੜ੍ਹਿਆਂ-ਲਿਖਿਆਂ,
ਪੰਜਾਬੀ ਦਾ ਨਾ ਹੋਵੇ ਭਾਵੇਂ, ਇਕ ਅੱਖਰ ਵੀ ਸਿੱਖਿਆਂ!
ਹਵਾ ਦੇ ਵਿੱਚ ਆ ਕੇ, ਐਵੇ ਫੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀਂ, ਅੱਜ ਭੁੱਲਦੇ ਜਾਨੇ ਆ!

ਬੱਚੇ ਵੀ ਅੱਜ ਥੈਂਕ-ਯੂ, ਸੌਰੀ ਕਰਨ ਲਾਤੇ,
ਮਿਹਰਬਾਨੀ-ਸ਼ੁਕਰੀਆਂ ਮੂੰਹੋ ਅੱਜ ਸਭ ਭੁਲਾਤੇ!
'ਰਾਹੁਲ ਲੋਹੀਆਂ' ਵਾਂਗ ਰਬੜ ਦੇ ਖੁੱਲਦੇ ਜਾਨੇ ਆ,
ਆਪਣੀ ਮਾਂ-ਬੋਲੀ ਨੂੰ ਅਸੀ ਅੱਜ ਭੁੱਲਦੇ ਜਾਨੇ ਆ!

ਰਾਹੁਲ ਲੋਹੀਆਂ

## ਧਰਮ

ਸੋਹਣਾ ਤੇ ਸੁਨੱਖਾ, ਖੁਸ਼ਹਾਲ ਸੀਗਾ ਦੇਸ਼ ਮੇਰਾ
ਧਰਮਾਂ ਦੇ ਠੇਕੇਦਾਰਾਂ, ਕੋਲੋਂ ਹੋਇਆ ਝੱਲ ਨਹੀਂ

ਦਿਨੋ ਦਿਨ ਵਧੀ ਜਾਂਦਾ ਧਰਮਾਂ ਦਾ ਜ਼ਹਿਰ ਏਥੇ
ਕਰਦਾ ਮਨੁੱਖਤਾ ਦੀ, ਐਪਰ ਕੋਈ ਗੱਲ ਨਹੀਂ

ਸਿੱਧੀ ਸਾਦੀ ਗੱਲ ਨੂੰ ਵੀ ਜੋੜ ਦਿੰਦੇ ਧਰਮਾਂ ਨਾ
ਨਫ਼ਰਤਾਂ ਵੰਡੀ ਜਾਂਦੇ, ਬਹਿੰਦੇ ਮਿਲ ਰਲ ਨਹੀਂ

ਹਿੰਦੂ ਕਹਿਣ ਰਾਮ ਵੱਡਾ, ਮੁਸਲਿਮ ਅੱਲਾਹ ਨੂੰ
ਯਿਸ਼ੂ ਨੂੰ ਇਸਾਈ; ਸਿੱਖ, ਗੁਰੂ ਬਿਨਾ ਪਲ ਨਹੀਂ

ਫੁੱਲਾਂ ਨਾਲ ਹੁੰਦਾ ਸਨਮਾਨ ਇੱਥੇ ਕਾਤਲਾਂ ਦਾ
ਮਾਰਦੇ ਬੇਦੋਸ਼ਿਆਂ 'ਤੇ, ਪੈਂਦੀ ਕਿਉਂ ਠੱਲ੍ਹ ਨਹੀਂ

ਜਿੰਨਾ ਚਿਰ ਧਰਮਾਂ 'ਚ ਵੜੀ ਰਹਿਣੀ ਰਾਜਨੀਤੀ
ਓਨਾ ਚਿਰ ਦੋਸਤੋ ਹੈ ਆਉਣਾ ਚੰਗਾ ਕੱਲ੍ਹ ਨਹੀਂ

ਵੇਖ ਕੇ ਇਹ ਸਭ 'ਖੁਸ਼ੀ', ਹੁੰਦਾ ਹੈ ਬੇਚੈਨ ਮਨ
ਬੁੱਧੀਜੀਵੀ ਰਲ ਇਹਦਾ ਲੱਭਦੇ ਕਿਉਂ ਹੱਲ ਨਹੀਂ

ਖੁਸ਼ੀ ਮੁਹੰਮਦ 'ਚੱਠਾ'

# ਗਣਿਤ ਆਪਣੇ ਇਤਿਹਾਸ 'ਚ ਸਭ ਤੋਂ ਵੱਡੀ ਤਬਦੀਲੀ ਵਿੱਚੋਂ ਲੰਘ ਰਿਹਾ ਹੈ

ਗਣਿਤ ਨੂੰ ਲੰਬੇ ਸਮੇਂ ਤੋਂ ਮਨੁੱਖੀ ਤਰਕ ਦਾ ਸਭ ਤੋਂ ਸ਼ੁੱਧ ਰੂਪ ਮੰਨਿਆ ਜਾਂਦਾ ਹੈ। ਹਜ਼ਾਰਾਂ ਸਾਲਾਂ ਤੋਂ ਗਣਿਤ ਦੀਆਂ ਖੋਜਾਂ ਲਗਭਗ ਪੂਰੀ ਤਰ੍ਹਾਂ ਮਨੁੱਖੀ ਬੁੱਧੀ, ਸੂਝ ਅਤੇ ਤਰਕਸ਼ੀਲ ਸੋਚ 'ਤੇ ਨਿਰਭਰ ਕਰਦੀਆਂ ਹਨ। ਪ੍ਰਾਚੀਨ ਜਿਓਮੈਟਰੀ ਤੋਂ ਲੈ ਕੇ ਆਧੁਨਿਕ ਅਲਜਬਰਾ ਅਤੇ ਕੈਲਕੂਲਸ ਤੱਕ, ਗਣਿਤ ਵਿਗਿਆਨੀਆਂ ਨੇ ਸਿਧਾਂਤ ਅਤੇ ਸਬੂਤ ਵਿਕਸਤ ਕਰਨ ਲਈ ਧੀਰਜ ਨਾਲ ਕੰਮ ਕੀਤਾ। ਅੱਜ, ਹਾਲਾਂਕਿ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਕੰਪਿਊਟਰ-ਸਹਾਇਕ ਤਰਕ ਦੇ ਤੇਜ਼ੀ ਨਾਲ ਵਿਕਾਸ ਕਾਰਨ ਗਣਿਤ ਆਪਣੇ ਇਤਿਹਾਸ ਵਿੱਚ ਸਭ ਤੋਂ ਵੱਡੇ ਪਰਿਵਰਤਨ ਦਾ ਅਨੁਭਵ ਕਰ ਰਿਹਾ ਹੈ।

ਰਵਾਇਤੀ ਤੌਰ 'ਤੇ, ਇੱਕ ਗਣਿਤ ਦੀ ਸਮੱਸਿਆ ਨੂੰ ਹੱਲ ਕਰਨ ਲਈ ਲੰਬੇ ਸਮੇਂ ਦੀ ਗਣਨਾ, ਰਚਨਾਤਮਕਤਾ ਅਤੇ ਸਖ਼ਤ ਸਬੂਤ ਲਿਖਣ ਦੀ ਲੋੜ ਹੁੰਦੀ ਹੈ। ਗਣਿਤ ਵਿਗਿਆਨੀਆਂ ਅਕਸਰ ਸਬੂਤ ਦੇ ਹਰ ਪੜਾਅ ਦੀ ਪੁਸ਼ਟੀ ਕਰਨ ਵਿੱਚ ਸਾਲ ਬਿਤਾਉਂਦੇ ਹਨ ਤਾਂ ਜੋ ਹੋਰ ਵਿਦਵਾਨ ਇਸਦੀ ਸ਼ੁੱਧਤਾ ਦੀ ਜਾਂਚ ਕਰ ਸਕਣ। ਆਧੁਨਿਕ ਯੁੱਗ ਵਿੱਚ, ਕੰਪਿਊਟਰਾਂ ਅਤੇ ਵਿਸ਼ੇਸ਼ ਸਾਫਟਵੇਅਰ ਨੇ ਇਸ ਪ੍ਰਕਿਰਿਆ ਵਿੱਚ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ ਹੈ। ਪ੍ਰੂਫ ਅਸਿਸਟੈਂਟਸ ਵਜੋਂ ਜਾਣੀਆਂ ਜਾਂਦੀਆਂ ਪ੍ਰਣਾਲੀਆਂ ਖੋਜਕਰਤਾਵਾਂ ਨੂੰ ਇੱਕ ਰਸਮੀ ਭਾਸ਼ਾ ਵਿੱਚ ਗਣਿਤਿਕ ਸਬੂਤ ਲਿਖਣ ਦੀ ਆਗਿਆ ਦਿੰਦੀਆਂ ਹਨ ਤਾਂ ਜੋ ਇੱਕ ਕੰਪਿਊਟਰ ਹਰ ਤਰਕਪੂਰਨ ਕਦਮ ਨੂੰ ਆਪਣੇ ਆਪ ਤਸਦੀਕ ਕਰ ਸਕੇ। ਲੀਨ (ਪਰੂਫ ਅਸਿਸਟੈਂਟ) ਅਜਿਹੀ ਇੱਕ ਪ੍ਰਣਾਲੀ ਹੈ ਜੋ ਗਣਿਤ ਵਿਗਿਆਨੀਆਂ ਨੂੰ ਬਹੁਤ ਸ਼ੁੱਧਤਾ ਨਾਲ ਸਬੂਤਾਂ ਨੂੰ ਰਸਮੀ ਬਣਾਉਣ ਅਤੇ ਜਾਂਚ ਕਰਨ ਵਿੱਚ ਮਦਦ ਕਰਦੀ ਹੈ।

ਗਣਿਤ ਵਿਗਿਆਨੀਆਂ ਦੀ ਮਦਦ ਕਰਨ ਵਾਲੇ ਕੰਪਿਊਟਰਾਂ ਦਾ ਵਿਚਾਰ ਪੂਰੀ ਤਰ੍ਹਾਂ ਨਵਾਂ ਨਹੀਂ ਹੈ। 1970 ਦੇ ਦਹਾਕੇ ਤੋਂ ਪਹਿਲਾਂ, ਕੰਪਿਊਟਰਾਂ ਦੀ ਵਰਤੋਂ ਗੁੰਝਲਦਾਰ ਸਬੂਤਾਂ ਦੀ ਪੁਸ਼ਟੀ ਕਰਨ ਲਈ ਕੀਤੀ ਜਾਂਦੀ ਸੀ ਜੋ ਮਨੁੱਖਾਂ ਲਈ ਹੱਥੀਂ ਜਾਂਚ ਕਰਨਾ ਬਹੁਤ ਮੁਸ਼ਕਲ ਹੁੰਦਾ। ਇੱਕ ਮਸ਼ਹੂਰ ਉਦਾਹਰਨ ਚਾਰ ਰੰਗ ਥਿਊਰੇਮ ਦਾ ਸਬੂਤ ਹੈ, ਜਿਸ ਨੂੰ ਇਹ ਪੁਸ਼ਟੀ ਕਰਨ ਲਈ ਵਿਆਪਕ ਕੰਪਿਊਟਰ ਗਣਨਾਵਾਂ



ਦੀ ਲੋੜ ਹੁੰਦੀ ਹੈ ਕਿ ਕਿਸੇ ਵੀ ਨਕਸ਼ੇ ਨੂੰ ਸਿਰਫ਼ ਚਾਰ ਰੰਗਾਂ ਨਾਲ ਰੰਗੀਨ ਕੀਤਾ ਜਾ ਸਕਦਾ ਹੈ ਬਿਨਾਂ ਗੁਆਂਢੀ ਖੇਤਰਾਂ ਦੇ ਇੱਕੋ ਰੰਗ ਨੂੰ ਸਾਂਝਾ ਕੀਤੇ। ਅਜਿਹੇ ਕੰਪਿਊਟਰ-ਸਹਾਇਤਾ ਵਾਲੇ ਸਬੂਤਾਂ ਨੇ ਗਣਿਤ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਮੌਜੂਦਾ ਪਰਿਵਰਤਨ ਨੂੰ ਹੋਰ ਵੀ ਕਮਾਲ ਦਾ ਬਣਾਉਂਦਾ ਹੈ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਉਭਾਰ। 19 ਸਿਸਟਮ ਹੁਣ ਗੁੰਝਲਦਾਰ ਗਣਿਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ, ਸਬੂਤ ਤਿਆਰ ਕਰਨ ਅਤੇ ਨਵੇਂ ਅਨੁਮਾਨਾਂ ਦਾ ਸੁਝਾਅ ਦੇਣ ਦੇ ਯੋਗ ਹਨ। ਕੁਝ ਆਧੁਨਿਕ 19 ਟੂਲ ਉੱਨਤ ਮੁਕਾਬਲੇ-ਪੱਧਰੀ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹਨ ਅਤੇ ਖੋਜ ਦੇ ਨਵੇਂ ਖੇਤਰਾਂ ਦੀ ਪੜਚੋਲ ਕਰਨ ਵਿੱਚ ਗਣਿਤ ਵਿਗਿਆਨੀਆਂ ਦੀ ਮਦਦ ਕਰ ਸਕਦੇ ਹਨ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਇਹ ਤਕਨਾਲੋਜੀਆਂ ਆਉਣ ਵਾਲੇ ਦਹਾਕਿਆਂ ਵਿੱਚ ਗਣਿਤਿਕ ਖੋਜ ਨੂੰ ਨਾਟਕੀ ਢੰਗ ਨਾਲ ਤੇਜ਼ ਕਰਨਗੀਆਂ।

ਇੱਕ ਹੋਰ ਵੱਡੀ ਤਬਦੀਲੀ ਗਣਿਤ ਦਾ ਰਸਮੀ ਰੂਪ ਹੈ। ਗਣਿਤ ਵਿਗਿਆਨੀ ਰਵਾਇਤੀ ਗਣਿਤ ਦੇ ਗਿਆਨ ਨੂੰ ਡਿਜੀਟਲ ਰੂਪ ਵਿੱਚ ਬਦਲ ਰਹੇ ਹਨ ਤਾਂ ਜੋ ਕੰਪਿਊਟਰ ਇਸ ਦੀ ਪੁਸ਼ਟੀ ਅਤੇ ਵਿਸ਼ਲੇਸ਼ਣ ਕਰ ਸਕਣ। ਪਰੂਫ ਅਸਿਸਟੈਂਟਸ ਦੀ ਵਰਤੋਂ ਕਰਨ ਵਾਲੇ ਪ੍ਰੋਜੈਕਟਾਂ ਦਾ ਉਦੇਸ਼ ਰਸਮੀ ਤੌਰ 'ਤੇ ਪ੍ਰਮਾਣਿਤ ਗਣਿਤ ਦੀਆਂ ਵਿਸ਼ਾਲ ਲਾਇਬ੍ਰੇਰੀਆਂ ਬਣਾਉਣਾ ਹੈ। ਮਿਜ਼ਾਰ ਵਰਗੀਆਂ ਪ੍ਰਣਾਲੀਆਂ ਨੂੰ ਖਾਸ ਤੌਰ 'ਤੇ ਉਸ ਭਾਸ਼ਾ ਵਿੱਚ ਗਣਿਤਿਕ ਪਰਿਭਾਸ਼ਾਵਾਂ ਅਤੇ ਸਬੂਤ ਲਿਖਣ ਲਈ ਵਿਕਸਤ ਕੀਤਾ ਗਿਆ ਸੀ ਜੋ ਕੰਪਿਊਟਰ ਆਪਣੇ ਆਪ ਚੈੱਕ ਕਰ ਸਕਦੇ ਹਨ।

ਨਤੀਜੇ ਵਜੋਂ, ਗਣਿਤ ਵਿਗਿਆਨੀਆਂ ਦੀ ਭੂਮਿਕਾ ਵਿਕਸਤ ਹੋ ਸਕਦੀ ਹੈ। ਵਿਸਤ੍ਰਿਤ ਗਣਨਾਵਾਂ ਦੀ ਜਾਂਚ ਕਰਨ ਵਿੱਚ ਆਪਣਾ ਜ਼ਿਆਦਾਤਰ ਸਮਾਂ ਬਿਤਾਉਣ ਦੀ ਬਜਾਏ, ਗਣਿਤ ਵਿਗਿਆਨੀ ਮਹੱਤਵਪੂਰਨ ਸਵਾਲਾਂ ਨੂੰ ਤਿਆਰ ਕਰਨ, ਨਵੇਂ ਸਿਧਾਂਤ ਡਿਜ਼ਾਈਨ ਕਰਨ ਅਤੇ ਗਣਿਤਿਕ ਵਿਚਾਰਾਂ ਦੀ ਪੜਚੋਲ ਕਰਨ ਵਿੱਚ 19 ਪ੍ਰਣਾਲੀਆਂ ਦਾ ਮਾਰਗਦਰਸ਼ਨ ਕਰਨ 'ਤੇ ਵਧੇਰੇ ਧਿਆਨ ਦੇ ਸਕਦੇ ਹਨ। ਇਸ ਨਵੇਂ ਮਾਹੌਲ ਵਿੱਚ, ਮਨੁੱਖੀ ਰਚਨਾਤਮਕਤਾ ਅਤੇ ਮਸ਼ੀਨ ਦੀ ਸ਼ੁੱਧਤਾ ਗਿਆਨ ਦੀਆਂ ਸੀਮਾਵਾਂ ਨੂੰ ਵਧਾਉਣ ਲਈ ਮਿਲ ਕੇ ਕੰਮ ਕਰੇਗੀ।


ਇਸ ਲਈ ਗਣਿਤ ਦਾ ਭਵਿੱਖ ਮਨੁੱਖਾਂ ਅਤੇ ਬੁੱਧੀਮਾਨ ਮਸ਼ੀਨਾਂ ਦੇ ਸਹਿਯੋਗ ਵਿੱਚ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਗਣਿਤ ਵਿਗਿਆਨੀਆਂ ਦੀ ਥਾਂ ਨਹੀਂ ਲਵੇਗਾ, ਪਰ ਇਹ ਗਣਿਤਿਕ ਖੋਜ ਨੂੰ ਕਿਵੇਂ ਚਲਾਇਆ ਜਾਂਦਾ ਹੈ ਇਸ ਵਿੱਚ ਤਬਦੀਲੀ ਕਰੇਗਾ। ਸਬੂਤ ਦੀ ਪੁਸ਼ਟੀ ਕਰਨ ਅਤੇ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਲੋੜੀਂਦੇ ਸਮੇਂ ਨੂੰ ਘਟਾ ਕੇ, ਇਹ ਤਕਨਾਲੋਜੀਆਂ ਤੇਜ਼ ਖੋਜਾਂ ਅਤੇ ਡੂੰਘੀ ਸਮਝ ਵੱਲ ਲੈ ਜਾ ਸਕਦੀਆਂ ਹਨ।

ਸਿੱਟੇ ਲਈ, ਗਣਿਤ ਇੱਕ ਇਤਿਹਾਸਕ ਤਬਦੀਲੀ ਵਿੱਚੋਂ ਗੁਜ਼ਰ ਰਿਹਾ ਹੈ। ਕੰਪਿਊਟਰਾਂ, ਪਰੂਫ ਅਸਿਸਟੈਂਟਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਏਕੀਕਰਨ ਗਣਿਤਿਕ ਗਿਆਨ ਨੂੰ ਬਣਾਉਣ ਅਤੇ ਤਸਦੀਕ ਕਰਨ ਦੇ ਤਰੀਕੇ ਨੂੰ ਮੁੜ ਰੂਪ ਦੇ ਰਿਹਾ ਹੈ। ਜਿਸ ਤਰ੍ਹਾਂ ਕੈਲਕੂਲਸ ਦੀ ਖੋਜ ਨੇ ਸਦੀਆਂ ਪਹਿਲਾਂ ਵਿਗਿਆਨ ਵਿੱਚ ਕ੍ਰਾਂਤੀ ਲਿਆਈ ਸੀ, ਉਸੇ ਤਰ੍ਹਾਂ ਗਣਿਤ ਵਿੱਚ ਡਿਜੀਟਲ ਇਨਕਲਾਬ ਉਨ੍ਹਾਂ ਖੋਜਾਂ ਦੇ ਦਰਵਾਜ਼ੇ ਖੋਲ੍ਹ ਸਕਦਾ ਹੈ ਜੋ ਕਦੇ ਮਨੁੱਖ ਦੀ ਪਹੁੰਚ ਤੋਂ ਬਾਹਰ ਸਨ।

# ਭਾਰਤੀ ਰੋਕ ਰਹੇ ਹਨ ਵਿਦੇਸ਼ 'ਚ ਪੜ੍ਹਾਈ ਦੀਆਂ ਯੋਜਨਾਵਾਂ

ਕੰਸਲਟੈਂਟਸ ਦਾ ਕਹਿਣਾ ਹੈ ਕਿ ਅਮਰੀਕਾ 'ਚ ਸਖ਼ਤ ਵੀਜ਼ਾ ਨੀਤੀਆਂ, ਖਾਸ ਕਰਕੇ ਡੌਨਾਲਡ ਟਰੰਪ ਦੇ ਦੂਜੇ ਕਾਰਜਕਾਲ 'ਚ ਅਤੇ ਬ੍ਰਿਟੇਨ, ਕੈਨੇਡਾ ਤੇ ਆਸਟਰੇਲੀਆ 'ਚ ਇਮੀਗ੍ਰੇਸ਼ਨ ਦੇ ਸਖਤ ਨਿਯਮ ਅਤੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਘਟਦੇ ਮੌਕਿਆਂ ਦੇ ਨਾਲ-ਨਾਲ ਪੱਛਮੀ ਏਸ਼ੀਆ 'ਚ ਚੱਲ ਰਿਹਾ ਸੰਘਰਸ਼, ਕਈ ਭਾਰਤੀ ਵਿਦਿਆਰਥੀਆਂ ਨੂੰ ਆਪਣੀਆਂ ਵਿਦੇਸ਼ 'ਚ ਪੜ੍ਹਾਈ ਦੀਆਂ ਯੋਜਨਾਵਾਂ ਨੂੰ ਰੋਕਣ ਜਾਂ ਉਨ੍ਹਾਂ 'ਚ ਬਦਲਾਅ ਕਰਨ 'ਤੇ ਮਜਬੂਰ ਕਰ ਰਹੇ ਹਨ।

ਹਾਲ ਦੇ ਮਹੀਨਿਆਂ 'ਚ, ਕਈ ਵਿਦਿਆਰਥੀਆਂ ਨੇ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖਲੇ ਦੇ ਆਪਣੇ ਪਲਾਨ ਨੂੰ ਅਗਲੇ ਸੈਸ਼ਨ ਤੱਕ ਲਈ ਟਾਲ ਦਿੱਤਾ ਹੈ, ਜਦਕਿ ਗਲੋਬਲ ਅਸ਼ਾਂਤੀ ਅਤੇ ਅਨਿਸ਼ਚਿਤਤਾ ਦੇ ਵਿਚਾਲੇ ਕੁਝ ਵਿਦਿਆਰਥੀ ਆਪਣੇ ਘਰ ਦੇ ਕਰੀਬ ਜਾਂ ਜ਼ਿਆਦਾ ਸਥਿਰ ਥਾਵਾਂ 'ਤੇ ਪੜ੍ਹਾਈ ਦੇ ਬਦਲ ਤਲਾਸ਼ ਰਹੇ ਹਨ।



ਕਾਲੇਜੀਫਾਈ ਦੇ ਸਹਿ-ਸੰਸਥਾਪਕ ਅਤੇ ਨਿਰਦੇਸ਼ਕ ਆਦਰਸ਼ ਖੰਡੇਲਵਾਲ ਨੇ ਕਿਹਾ, "ਵਿਦੇਸ਼ 'ਚ ਪੜ੍ਹਾਈ ਦੇ ਰੁਝਾਨਾਂ 'ਚ ਇਕ ਸਾਫ ਗਿਰਾਵਟ ਦੇਖੀ ਜਾ ਰਹੀ ਹੈ। ਸਰਕਾਰੀ ਅੰਕੜੇ ਦਿਖਾਉਂਦੇ ਹਨ ਕਿ ਵਿਦੇਸ਼ 'ਚ ਪੜ੍ਹਾਈ ਲਈ ਜਾਣ ਵਾਲੇ ਭਾਰਤੀਆਂ ਦੀ ਗਿਣਤੀ 2023 'ਚ 9,08,000 ਤੋਂ ਘਟ ਕੇ 2025 'ਚ 6,26,000 ਰਹਿ ਗਈ ਹੈ, ਜੋ ਕਿ ਇਕ ਬਹੁਤ ਵੱਡੀ ਗਿਰਾਵਟ ਹੈ।" ਉਨ੍ਹਾਂ ਅੱਗੇ ਕਿਹਾ ਕਿ ਭਾਰਤ ਨੂੰ ਹੁਣ ਸਿਰਫ ਇਕ 'ਬੈਕਅੱਪ' (ਦੂਜਾ ਬਦਲ) ਦੇ ਤੌਰ 'ਤੇ ਨਹੀਂ ਦੇਖਿਆ ਜਾ ਰਿਹਾ, ਸਗੋਂ ਇਸ ਨੂੰ ਤੇਜ਼ੀ ਨਾਲ ਇਕ ਗੰਭੀਰ 'ਪਹਿਲੀ ਪਸੰਦ' ਵਾਲੇ ਮਾਹੌਲ ਦੇ ਤੌਰ 'ਤੇ ਪਰਖਿਆ ਜਾ ਰਿਹਾ ਹੈ।

ਮਾਹਿਰਾਂ ਅਨੁਸਾਰ, ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਤੋਂ ਪਹਿਲਾਂ ਜ਼ਿਆਦਾ ਸੋਚ-ਸਮਝ ਕੇ ਫੈਸਲੇ ਲੈ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਦਿਆਰਥੀਆਂ ਦੇ ਵਿਚਾਲੇ ਸਭ ਤੋਂ ਵੱਡੀ ਚਿੰਤਾ 'ਨੀਤੀਆਂ 'ਚ ਅਨਿਸ਼ਚਿਤਤਾ' ਹੈ, ਨਾ ਕਿ ਜੰਗ। ਆਈ.ਡੀ.ਪੀ . ਐਜੂਕੇਸ਼ਨ ਦੇ ਖੇਤਰੀ ਨਿਰਦੇਸ਼ਕ (ਦੱਖਣੀ ਏਸ਼ੀਆ, ਕੈਨੇਡਾ ਅਤੇ ਲਾਟਾਮ) ਪੀਯੂਸ਼ ਕੁਮਾਰ ਨੇ ਕਿਹਾ, "ਵਿਦੇਸ਼ਾਂ 'ਚ ਪੜ੍ਹਾਈ ਦੇ ਮੁੱਖ ਟਿਕਾਣਿਆਂ ਤੋਂ ਮਿਲੇ ਹਾਲੀਆ ਸਰਕਾਰੀ ਅੰਕੜੇ ਦੱਸਦੇ ਹਨ ਕਿ ਪਿਛਲੇ ਸਾਲ ਦੇ ਮੁਕਾਬਲੇ ਵਿਦਿਆਰਥੀਆਂ ਦੀ ਵਿਦੇਸ਼ ਯਾਤਰਾ ਦੀ ਰਫ਼ਤਾਰ ਹੌਲੀ ਹੋ ਗਈ ਹੈ।" ਉਦਾਹਰਣ ਲਈ, ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜੇ ਦਿਖਾਉਂਦੇ ਹਨ ਕਿ ਜੂਨ ਅਤੇ ਜੁਲਾਈ 2025 ਦੇ ਵਿਚਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਦੀ ਗਿਣਤੀ 'ਚ 62 ਫੀਸਦੀ ਦੀ ਗਿਰਾਵਟ ਆਈ ਹੈ।

-ਪ੍ਰਾਚੀ ਵਰਮਾ

ਕੁਮਾਰ ਅਨੁਸਾਰ, "ਇਸ ਗਿਰਾਵਟ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ 'ਚ ਸਖ਼ਤ ਵੀਜ਼ਾ ਨੀਤੀਆਂ, ਨਵੇਂ ਗ੍ਰੈਜੂਏਟਸ ਲਈ ਮੁਸ਼ਕਲ ਜੌਬ ਮਾਰਕੀਟ ਅਤੇ ਕਰੰਸੀ 'ਚ ਉਤਰਾਅ-ਚੜ੍ਹਾਅ ਸ਼ਾਮਲ ਹਨ।" ਪੋਸਟਗ੍ਰੈਜੂਏਟ ਪੱਧਰ 'ਤੇ ਇਸ ਦਾ ਅਸਰ ਜ਼ਿਆਦਾ ਪਿਆ ਹੈ। ਕੁਮਾਰ ਨੇ ਅੱਗੇ ਕਿਹਾ, "ਕਈ ਇੱਛੁਕ ਵਿਦਿਆਰਥੀ ਅਜਿਹੇ ਕੰਮਕਾਜੀ ਪੇਸ਼ੇਵਰ ਹਨ, ਜੋ ਆਪਣੀ ਪੜ੍ਹਾਈ ਦੀਆਂ ਯੋਜਨਾਵਾਂ ਨੂੰ 1 ਜਾਂ 2 ਸਾਲ ਲਈ ਟਾਲਣਾ ਪਸੰਦ ਕਰ ਰਹੇ ਹਨ।" ਉਹ ਮੌਜੂਦਾ ਉਥਲ-ਪੁਥਲ ਦੇ ਸ਼ਾਂਤ ਹੋਣ ਦਾ ਇੰਤਜ਼ਾਰ ਕਰ ਰਹੇ ਹਨ।

**ਬਦਲਾਂ ਨੂੰ ਫਿਰ ਤੋਂ ਤੈਅ ਕਰਨਾ**

ਕੰਸਲਟੈਂਟਸ ਦੇ ਅਨੁਸਾਰ, ਇਸ ਖੇਤਰ 'ਚ ਚੱਲ ਰਹੀ ਸੁਰੱਖਿਆ ਸਥਿਤੀ ਦੇ ਕਾਰਨ ਯੂ. ਏ. ਈ. ਜਾਣ ਵਾਲੀਆਂ ਅਰਜ਼ੀਆਂ 'ਚ ਵੀ ਅਸਥਾਈ ਗਿਰਾਵਟ ਆਈ ਹੈ। ਲੈਵਰੇਜ ਐਜੂਕੇਸ਼ਨ ਦੇ ਸੰਸਥਾਪਕ ਅਤੇ ਸੀ. ਈ. ਓ. ਅਕਸ਼ੈ ਚਤੁਰਵੇਦੀ ਨੇ ਕਿਹਾ, "ਵੱਡੇ ਪੱਧਰ 'ਤੇ, 2026 'ਚ ਅੰਤਰਰਾਸ਼ਟਰੀ ਸਿੱਖਿਆ ਦੀ ਮੰਗ ਕਿਸੇ ਸੰਰਚਨਾਤਮਕ ਗਿਰਾਵਟ ਦੀ ਬਜਾਏ, ਮੰਜ਼ਿਲ ਦੇ ਬਦਲਾਂ 'ਚ ਫਿਰ ਤੋਂ ਬਦਲਾਅ ਅਤੇ ਵਿਭਿੰਨਤਾ ਲਿਆਉਣ ਦੇ ਦੌਰ ਨੂੰ ਦਰਸਾਉਂਦੀ ਹੈ।"

ਕਾਲੇਜੀਫਾਈ ਦੇ ਖੰਡੇਲਵਾਲ ਨੇ ਕਿਹਾ, "ਜਦੋਂ ਕੋਈ ਸੰਘਰਸ਼ ਹੁੰਦਾ ਹੈ, ਅਸਥਿਰਤਾ ਨੂੰ ਲੈ ਕੇ ਮੀਡੀਆ 'ਚ ਲਗਾਤਾਰ ਖ਼ਬਰਾਂ ਆਉਂਦੀਆਂ ਹਨ, ਤਾਂ ਇਸ ਨਾਲ ਘਰਾਂ ਦਾ ਭਾਵਨਾਤਮਕ ਮਾਹੌਲ ਬਦਲ ਜਾਂਦਾ ਹੈ।"

ਯੂਨੀਵਰਸਿਟੀ ਲਿਵਿੰਗ ਦੇ ਸੰਸਥਾਪਕ ਅਤੇ ਸੀ. ਈ. ਓ. ਸੌਰਭ ਅਰੋੜਾ ਨੇ ਕਿਹਾ ਕਿ ਕੁਝ ਵਿਦਿਆਰਥੀ ਮਜ਼ਬੂਤ ਘਰੇਲੂ ਸੰਸਥਾਵਾਂ ਜਾਂ ਭਾਰਤ ਦੇ ਅੰਦਰ ਹੀ ਉਪਲਬਧ ਅੰਤਰਰਾਸ਼ਟਰੀ ਪ੍ਰੋਗਰਾਮਾਂ ਨੂੰ ਚੁਣ ਰਹੇ ਹਨ, ਜਦਕਿ ਹੋਰ ਅਜੇ ਵੀ ਵਿਦੇਸ਼ 'ਚ ਪੂਰੀ ਡਿਗਰੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਅਰੋੜਾ ਨੇ ਕਿਹਾ, "ਜ਼ਮੀਨੀ ਪੱਧਰ 'ਤੇ ਅਸੀਂ ਜੋ ਦੇਖ ਰਹੇ ਹਾਂ, ਉਹ ਇਹ ਨਹੀਂ ਹੈ ਕਿ ਵਿਦਿਆਰਥੀ ਆਪਣੀਆਂ ਯੋਜਨਾਵਾਂ ਤੋਂ ਪਿੱਛੇ ਹਟ ਰਹੇ ਹਨ, ਸਗੋਂ ਉਹ ਆਪਣੇ ਫੈਸਲੇ ਨੂੰ ਅੰਤਿਮ ਰੂਪ ਦੇਣ 'ਚ ਥੋੜ੍ਹਾ ਜ਼ਿਆਦਾ ਸਮਾਂ ਲੈ ਰਹੇ ਹਨ।"

ਮਾਹਿਰਾਂ ਨੇ ਕਿਹਾ ਕਿ ਵਿਦਿਆਰਥੀ ਅਤੇ ਸਰਪ੍ਰਸਤ ਮੰਜ਼ਿਲਾਂ, ਖ਼ਰਚਿਆਂ ਅਤੇ ਕਰੀਅਰ ਦੇ ਨਤੀਜਿਆਂ ਦਾ ਮੁਲਾਂਕਣ ਕਰਨ 'ਚ ਜ਼ਿਆਦਾ ਸਮਾਂ ਲਗਾ ਰਹੇ ਹਨ। ਵੀਜ਼ਾ ਨਿਯਮਾਂ 'ਚ ਬਦਲਾਅ, ਸਿੱਖਿਆ ਦੀ ਵਧਦੀ ਲਾਗਤ ਅਤੇ ਪੜ੍ਹਾਈ ਤੋਂ ਬਾਅਦ ਕੰਮ ਦੇ ਬਦਲਦੇ ਮੌਕਿਆਂ ਨੇ ਪਿਛਲੇ ਇਕ-ਦੋ ਸਾਲਾਂ 'ਚ ਪਰਿਵਾਰਾਂ ਨੂੰ ਪਹਿਲਾਂ ਹੀ ਜ਼ਿਆਦਾ ਚੌਕਸ ਬਣਾ ਦਿੱਤਾ ਹੈ।

ਇਸ ਦੌਰਾਨ, ਕਈ ਗਲੋਬਲ ਯੂਨੀਵਰਸਿਟੀਆਂ, ਜਿਨ੍ਹਾਂ 'ਚ ਯੂਨੀਵਰਸਿਟੀ ਆਫ ਸਾਊਥੈਮਪਟਨ ਅਤੇ ਡੀਕਿਨ ਯੂਨੀਵਰਸਿਟੀ ਸ਼ਾਮਲ ਹਨ, ਨੇ ਭਾਰਤ 'ਚ ਆਪਣੇ ਕੈਂਪਸ ਜਾਂ ਸਾਂਝੇਦਾਰੀਆਂ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ ਹੈ। ਅਰੋੜਾ ਨੇ ਕਿਹਾ, "ਭਾਰਤ ਵੀ ਖੁਦ ਇਕ ਜ਼ਿਆਦਾ ਪ੍ਰਮੁੱਖ ਸਿੱਖਿਆ ਮੰਜ਼ਿਲ ਬਣਦਾ ਜਾ ਰਿਹਾ ਹੈ।" ਮਾਹਿਰਾਂ ਨੇ ਅਮਰੀਕਾ, ਕੈਨੇਡਾ, ਯੂ. ਕੇ. ਅਤੇ ਆਸਟਰੇਲੀਆ ਵਰਗੀਆਂ ਰਵਾਇਤੀ ਮੰਜ਼ਿਲਾਂ ਤੋਂ ਹਟ ਕੇ ਜਰਮਨੀ, ਆਇਰਲੈਂਡ, ਸਪੇਨ ਅਤੇ ਇਟਲੀ ਵਰਗੇ ਦੇਸ਼ਾਂ ਵੱਲ ਰੁਝਾਨ ਵਧਣ ਵੱਲ ਵੀ ਇਸ਼ਾਰਾ ਕੀਤਾ।

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD